20-SEP-PAGE-1.qxd 9/19/2023 10:26 PM Page 1

ਬੁੱਧਵਾਰ, 20 ਸਤੰਬਰ, 2023
4 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 110

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 20 SEPTEMBER, 2023 ਜਲੰਧਰ

nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

# ਕੈਨੇਡਾ-ਭਾਰਤ ਵਿਚਾਲੇ ਖੜਕੀ

**ਟੋਰਾਂਟੋ/ਨਵੀਂ ਦਿੱਲੀ** : ਕੈਨੇਡਾ ਤੇ ਭਾਰਤ ਵਿਚਾਲੇ ਰਿਸ਼ਤੇ ਕਾਫੀ ਵਿਗੜ ਗਏ, ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ 'ਚ ਭਾਰਤੀ ਸਰਕਾਰ ਦੇ ਏਜੰਟਾਂ ਦੀ ਸ਼ਮੂਲੀਅਤ ਦਾ ਦੋਸ਼ ਲਾ ਕੇ ਭਾਰਤੀ ਡਿਪਲੋਮੈਟ ਪਵਨ ਕੁਮਾਰ ਰਾਏ, ਜੋ ਕੈਨੇਡਾ 'ਚ ਭਾਰਤੀ ਇੰਟੈਲੀਜੈਂਸੀ ਦੇ ਪ੍ਰਮੁੱਖ ਸਨ, ਨੂੰ ਦੇਸ਼ ਵਿੱਚੋਂ ਕੱਢ ਦਿੱਤਾ। ਇਹ ਪਹਿਲਾ ਮੌਕਾ ਹੈ, ਜਦ ਕਿਸੇ ਦੇਸ਼ ਨੇ ਦੂਜੇ ਦੇਸ਼ ਦੇ ਅਧਿਕਾਰੀ ਦਾ ਨਾਂਅ ਉਜਾਗਰ ਕਰਦੇ ਹੋਏ ਐਕਸ਼ਨ ਲਿਆ ਹੈ। ਕੈਨੇਡਾ ਦੀ ਇਸ ਕਾਰਵਾਈ 'ਤੇ ਭਾਰਤ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ।

ਪਾਬੰਦੀਸ਼ੁਦਾ ਖਾਲਿਸਤਾਨ ਟਾਈਗਰ ਫੋਰਸ (ਕੇ ਟੀ ਐੱਫ) ਦੇ ਮੁਖੀ ਅਤੇ ਭਾਰਤ ਨੂੰ ਸਭ ਤੋਂ ਵੱਧ ਲੋੜੀਂਦੇ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੀ 18 ਜੂਨ ਨੂੰ ਪੱਛਮੀ ਕੈਨੇਡਾ ਦੇ ਬ੍ਰਿਟਿਸ਼



ਕੋਲੰਬੀਆ ਸੂਬੇ ਦੇ ਸਰੀ 'ਚ ਗੁਰਦੁਆਰੇ ਦੇ ਬਾਹਰ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਟਰੂਡੋ ਨੇ ਸੰਸਦ ਦੇ ਹੇਠਲੇ ਸਦਨ ਹਾਊਸ ਆਫ ਕਾਮਨਜ਼ 'ਚ ਆਪਣੇ ਸੰਬੋਧਨ 'ਚ ● ਬਾਕੀ ਸਫ਼ਾ 2 'ਤੇ

## ਵਪਾਰ 'ਤੇ ਮਾਰੂ ਅਸਰ ਦਾ ਖਤਰਾ

**ਨਵੀਂ ਦਿੱਲੀ** : ਕੈਨੇਡਾ ਤੇ ਭਾਰਤ ਵਿਚਾਲੇ ਰਿਸ਼ਤਿਆਂ ਵਿਚ ਕੜਵਾਹਟ ਨਾਲ ਵਪਾਰ ਨੂੰ ਧੱਕਾ ਲੱਗੇਗਾ। ਦੋਹਾਂ ਦੇਸ਼ਾਂ ਨੇ ਵਿਆਪਕ ਆਰਥਕ ਭਾਈਵਾਲੀ ਸਮਝੌਤਾ (ਸੀ ਈ ਪੀ ਏ) ਸਾਲ ਦੇ ਅਖੀਰ ਤੱਕ ਕਰਨਾ ਸੀ, ਪਰ ਕੈਨੇਡਾ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਗੱਲਬਾਤ ਰੋਕ ਦਿੱਤੀ। ਇੰਡਸਟਰੀ ਦਾ ਅੰਦਾਜ਼ਾ ਹੈ ਕਿ ਸਮਝੌਤੇ ਨਾਲ ਦੋਹਾਂ ਦੇਸ਼ਾਂ ਵਿਚਾਲੇ ਵਪਾਰ ਸਾਢੇ 6 ਅਰਬ ਡਾਲਰ ਵਧ ਜਾਣਾ ਸੀ। ਦੋਹਾਂ ਦੇਸ਼ਾਂ ਵਿਚਾਲੇ 2022 ਵਿਚ ਵਪਾਰ 8 ਅਰਬ ਡਾਲਰ ਸੀ। ਭਾਰਤ 4 ਅਰਬ ਡਾਲਰ ਦਾ ਮਾਲ ਭੇਜਦਾ ਸੀ ਤੇ ਏਨਾ ਹੀ ਮੰਗਵਾਉਂਦਾ ਸੀ। ਭਾਰਤ ਦੀ ਦਾਲ ਦੀ ਵਧੀ ਮੰਗ ਨਾਲ ਕੈਨੇਡੀਅਨ ਕਿਸਾਨਾਂ ਨੂੰ ਲਾਭ ਮਿਲਿਆ ਸੀ, ਜਦਕਿ ਭਾਰਤੀ ਫਾਰਮਾਸਿਊਟੀਕਲ ਤੇ ਸਾਫਟਵੇਅਰ ਕੰਪਨੀਆਂ ਨੇ ਕੈਨੇਡਾ ਵਿਚ ਮਾਰਕਿਟ ਵਧਾਈ ਸੀ। ਕੈਨੇਡਾ ਤੋਂ ਮੁੱਖ ਦਰਾਮਦਾਂ ਕੋਲਾ, ਕੋਕ, ਖਾਦਾਂ ਆਦਿ ਦੀਆਂ ਹੁੰਦੀਆਂ ਹਨ, ਜਦਕਿ ਭਾਰਤ ਖਪਤਕਾਰੀ ਚੀਜ਼ਾਂ, ਗਾਰਮੈਂਟਸ, ਇੰਜੀਨੀਅਰਿੰਗ ਉਤਪਾਦ, ਜਿਵੇਂ ਕਿ ਆਟੋ ਪਾਰਟਸ, ਹਵਾਈ ਜਹਾਜ਼ਾਂ ਦੇ ਉਪਕਰਣ ਤੇ ਇਲੈਕਟ੍ਰਾਨਿਕ ਆਈਟਮਾਂ ● ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਸਾਢੇ 9 ਲੱਖ ਪੰਜਾਬੀ

2021 ਦੀ ਇੱਕ ਰਿਪੋਰਟ ਅਨੁਸਾਰ ਕੈਨੇਡਾ 'ਚ ਪੰਜਾਬੀਆਂ ਦੀ ਗਿਣਤੀ 2.6 ਫੀਸਦੀ ਹੈ। ਮਤਲਬ ਉਥੇ 9.50 ਲੱਖ ਪੰਜਾਬੀ ਵਸੇ ਹੋਏ ਹਨ। ਇਨ੍ਹਾਂ 'ਚੋਂ 7.70 ਲੱਖ ਸਿੱਖ ਹਨ। ਕੈਨੇਡਾ 'ਚ ਬਹੁਮਤ ਲਈ ਕਿਸੇ ਪਾਰਟੀ ਨੂੰ ਲੋਕ ਸਭਾ 'ਚ 338 ਸੀਟਾਂ 'ਚੋਂ 170 ਜਿੱਤਣੀਆਂ ਹੁੰਦੀਆਂ ਹਨ। 2021 ਦੀਆਂ ਚੋਣਾਂ ਦੇ ਨਤੀਜਿਆਂ ਦੀ ਗੱਲ ਕਰੀਏ ਤਾਂ 17 ਸੀਟਾਂ ਇਸ ਤਰ੍ਹਾਂ ਦੀਆਂ ਸਨ, ਜਿਨ੍ਹਾਂ 'ਤੇ ਭਾਰਤੀ ਜਿੱਤੇ। ਇਨ੍ਹਾਂ 17 ਸਾਂਸਦਾਂ 'ਚੋਂ 16 ਪੰਜਾਬੀ ਸਨ। 2021 ਦੀਆਂ ਚੋਣਾਂ ਵਿਚ 338 ਸੀਟਾਂ 'ਤੇ 49 ਭਾਰਤੀ ਮੈਦਾਨ 'ਚ ਉਤਰੇ ਸਨ, ਜਿਨ੍ਹਾਂ 'ਚੋਂ ਲਗਭਗ 35 ਉਮੀਦਵਾਰ ● ਬਾਕੀ ਸਫ਼ਾ 2 'ਤੇ

## ਸਰਕਾਰਾਂ ਸੰਜੀਦਾ ਹੋਣ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਅਤੇ ਕੈਨੇਡਾ ਦੇ ਆਪਸੀ ਕੂਟਨੀਤਕ ਸੰਬੰਧਾਂ 'ਚ ਖਟਾਸ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਸ ਨੂੰ ਸੰਜੀਦਾ ਵਿਚਾਰ ਦੇ ਏਜੰਡੇ 'ਤੇ ਲਿਆਉਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਅੱਜ ਪੂਰੀ ਦੁਨੀਆਂ ਅੰਦਰ ਸਿੱਖ ਵਸੇ ਹੋਏ ਹਨ, ਜਿਨ੍ਹਾਂ ਦੇ ਮਾਨਵੀ ਸਰੋਕਾਰਾਂ ਦੇ ਨਾਲ-ਨਾਲ ਧਾਰਮਕ ਸਰੋਕਾਰ ਵੀ ਅਹਿਮ ਹਨ। ਅੱਜ ਵੀ ਕਈ ਦੇਸ਼ਾਂ ਵਿਚ ● ਬਾਕੀ ਸਫ਼ਾ 2 'ਤੇ

## ਨਿੱਝਰ ਟਾਰਗੈਟ ਕਿਲਿੰਗ ਲਈ ਅੱਤਵਾਦੀ ਗਰੋਹ ਬਣਾ ਰਿਹਾ ਸੀ

**ਨਵੀਂ ਦਿੱਲੀ** : ਖਾਲਿਸਤਾਨ ਟਾਈਗਰ ਫੋਰਸ ਦਾ ਮੁਖੀ ਹਰਦੀਪ ਸਿੰਘ ਨਿੱਝਰ ਪੰਜਾਬ 'ਚ ਨੌਜਵਾਨਾਂ ਨੂੰ ਲੁਭਾਉਣ, ਅੱਤਵਾਦੀ ਗਰੋਹ ਬਣਾ ਕੇ ਫੰਡ ਇਕੱਠਾ ਕਰਨ ਅਤੇ ਵਪਾਰੀਆਂ ਤੇ ਨੇਤਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਤਿਆਰੀ ਕਰ ਰਿਹਾ ਸੀ। ਉਸ ਨੂੰ 2020 'ਚ ਅੱਤਵਾਦੀ ਐਲਾਨਿਆ ਗਿਆ ਸੀ। ਉਸ ਨੇ ਖਾਲਿਸਤਾਨੀ ਰਾਇਸ਼ੁਮਾਰੀ ਕਰਵਾਈ ਸੀ। ਕੌਮੀ ਜਾਂਚ ਏਜੰਸੀ (ਐੱਨ ਆਈ ਏ) ਅਤੇ ਸਪੈਸ਼ਲ ਸੈੱਲ ਨੇ ਕੁਝ ਚਾਰਜਸ਼ੀਟਾਂ 'ਚ ਉਸ ਦਾ ਜ਼ਿਕਰ ਕੀਤਾ ਹੈ, ਜੋ ਉਨ੍ਹਾਂ ਹਾਲ ਹੀ 'ਚ ਵੱਖ-ਵੱਖ ਅਦਾਲਤਾਂ 'ਚ ਦਾਇਰ ਕੀਤੀਆਂ ਹਨ। ਐੱਨ ਆਈ ਏ ਨੇ ਆਪਣੀ ਚਾਰਜਸ਼ੀਟ 'ਚ ਦੋਸ਼ ਲਾਇਆ ਹੈ ਕਿ ਉਹ ਪੰਜਾਬ 'ਚ ਟਾਰਗੇਟ ਕਿਲਿੰਗ ਲਈ ਅੱਤਵਾਦੀ ਸਮੂਹ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਪੈਸ਼ਲ ਸੈੱਲ ਦੀ ਚਾਰਜਸ਼ੀਟ ਵਿੱਚ ਖੁਲਾਸਾ ਹੋਇਆ ਹੈ ਕਿ ਨਿੱਝਰ ਨੀਰਜ ਬਵਾਨਾ ਗਰੋਹ ਦੇ ਮੈਂਬਰਾਂ ਦੇ ਸੰਪਰਕ 'ਚ ਸੀ। ਨਿੱਝਰ ਨੀਰਜ ਬਵਾਨਾ ਗੈਂਗ ਸਮੇਤ ਭਾਰਤੀ ਗੈਂਗਸਟਰਾਂ ਦੀ ਮਦਦ ਕਰ ਰਿਹਾ ਸੀ।

# ਮਹਿਲਾ ਰਿਜ਼ਰਵੇਸ਼ਨ ਬਿੱਲ ਲੋਕ ਸਭਾ 'ਚ ਪੇਸ਼

**ਨਵੀਂ ਦਿੱਲੀ** : ਸੰਸਦ ਦੇ ਨਵੇਂ ਭਵਨ 'ਚ ਮੰਗਲਵਾਰ ਲੋਕ ਸਭਾ ਦੀ ਪਹਿਲੀ ਬੈਠਕ 'ਚ ਕਾਨੂੰਨ ਮੰਤਰੀ ਅਰਜੁਨ ਮੇਘਵਾਲ ਨੇ ਮਹਿਲਾ ਰਾਖਵਾਂਕਰਨ ਲਈ ਨਾਰੀ ਸ਼ਕਤੀ ਵੰਦਨ ਨਾਂਅ ਦਾ ਬਿੱਲ ਪੇਸ਼ ਕੀਤਾ। ਮੰਤਰੀ ਨੇ ਕਿਹਾ ਕਿ ਇਸ ਦੇ ਲਾਗੂ ਹੋਣ ਨਾਲ ਲੋਕ ਸਭਾ 'ਚ ਮਹਿਲਾ ਮੈਂਬਰਾਂ ਦੀ ਗਿਣਤੀ, ਜੋ ਇਸ ਵੇਲੇ 82 ਹੈ, ਵਧ ਕੇ 181 ਹੋ ਜਾਵੇਗੀ। ਇਸ ਸੰਵਿਧਾਨ ਸੋਧ ਬਿੱਲ 'ਚ ਲੋਕ ਸਭਾ, ਵਿਧਾਨ ਸਭਾਵਾਂ ਅਤੇ ਦਿੱਲੀ ਵਿਧਾਨ ਸਭਾ ਵਿੱਚ ਔਰਤਾਂ ਲਈ ਇੱਕ-ਤਿਹਾਈ ਸੀਟਾਂ ਰਾਖਵੀਆਂ ਕਰਨ ਦਾ ਪ੍ਰਸਤਾਵ ਹੈ। ਇਹ ਰਾਖਵਾਂਕਰਨ ਹਲਕਾਬੰਦੀ ਪ੍ਰਕਿਰਿਆ ਤੋਂ ਬਾਅਦ ਲਾਗੂ ਹੋਵੇਗਾ ਅਤੇ 15 ਸਾਲਾਂ ਤੱਕ ਜਾਰੀ ਰਹੇਗਾ। ਹਰ ਹਲਕਾਬੰਦੀ ਪ੍ਰਕਿਰਿਆ ਤੋਂ ਬਾਅਦ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ 'ਚ ਔਰਤਾਂ ਲਈ ਰਾਖਵੀਆਂ ਸੀਟਾਂ ਦੀ ਅਦਲਾ-ਬਦਲੀ ਹੋਵੇਗੀ। ਬਿੱਲ ਪੇਸ਼ ਕਰਨ ਤੋਂ ਬਾਅਦ ਸਦਨ ਬਾਕੀ ਦਿਨ ਲਈ ਉਠਾਅ ਦਿੱਤਾ ਗਿਆ।

ਮਹਿਲਾ ਰਾਖਵੇਂਕਰਨ ਦੇ ਮੁੱਦੇ 'ਤੇ ਕਾਂਗਰਸ ਨੇ ਸਿਹਰਾ ਲੈਣ ਦੀ ਕੋਸ਼ਿਸ਼ ਕੀਤੀ। ਕਾਂਗਰਸ ਨੇਤਾ ਅਧੀਰ ਰੰਜਨ ਚੌਧਰੀ ਦੇ ਬਿਆਨ 'ਤੇ ਹੰਗਾਮਾ ਹੋ ਗਿਆ। ਉਨ੍ਹਾ ਕਿਹਾ ਕਿ ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਬਿੱਲ ਲਿਆਂਦਾ ਗਿਆ ਸੀ। ਇਹ ਬਿੱਲ ਹਾਲੇ ਮੌਜੂਦ ਹੈ। ਇਸ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਅਸੀਂ ਨਵਾਂ ਬਿੱਲ ਲਿਆਏ ਹਾਂ। ਤੁਸੀਂ ਆਪਣੀ ਜਾਣਕਾਰੀ ਠੀਕ ਕਰੋ। ਇਸ ਤੋਂ ਬਾਅਦ ਆਪੋਜੀਸ਼ਨ ਸਾਂਸਦਾਂ ਨੇ ਬਿੱਲ ਦੀ ਕਾਪੀ ਨੂੰ ਲੈ ਕੇ ਹੰਗਾਮਾ ਕੀਤਾ। ਉਹਨਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਬਿੱਲ ਦੀ ਕਾਪੀ ਨਹੀਂ ਮਿਲੀ। ਸਰਕਾਰ ਦਾ ਕਹਿਣਾ ਸੀ ਕਿ ਬਿੱਲ ਨੂੰ ਅਪਲੋਡ ਕਰ ਦਿੱਤਾ ਗਿਆ ਹੈ।

## ਬਿੱਲ ਦੀ ਯਾਤਰਾ

**ਨਵੀਂ ਦਿੱਲੀ** : ਹਰ ਕਿਸੇ ਦੇ ਮਨ 'ਚ ਇਹ ਸਵਾਲ ਹੈ ਕਿ ਆਖਰ ਮਹਿਲਾ ਰਾਖਵਾਂਕਰਨ ਬਿੱਲ ਹੈ ਕੀ ਤੇ ਕਿਉਂ ਇਸ ਦੀ ਮੰਗ ਉਠ ਰਹੀ ਹੈ। ਅਸਲ 'ਚ ਇਹ ਮੁੱਦਾ 27 ਸਾਲ ਪੁਰਾਣਾ ਹੈ, ਇਹ ਪਿਛਲੇ 27 ਸਾਲਾਂ ਤੋਂ ਲਟਕਿਆ ਪਿਆ ਹੈ। ਇਸ ਬਿੱਲ ਨੂੰ ਪਹਿਲੀ ਵਾਰ 1996 'ਚ ਸਦਨ 'ਚ ਲਿਆਂਦਾ ਗਿਆ ਸੀ। ਉਸ ਸਮੇਂ ਕਈ ਵਾਰ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਗੱਲ ਨਹੀਂ ਬਣੀ। ਇਸ ਤੋਂ ਬਾਅਦ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਹੀ ਸਨ, ਜਿਨ੍ਹਾ ਮਈ 1989 'ਚ ਪੇਂਡੂ ਅਤੇ ਸ਼ਹਿਰੀ ਨਗਰ ਨਿਗਮ 'ਚ ਮਹਿਲਾਵਾਂ ਲਈ ਇੱਕ ਤਿਹਾਈ ਰਾਖਵਾਂਕਰਨ ਦੇਣ ਲਈ ਸੰਵਿਧਾਨ ਸੋਧ ਬਿੱਲ ਪੇਸ਼ ਕਰਕੇ ਪਹਿਲੀ ਵਾਰ ਚੁਣੀਆਂ ਹੋਈਆਂ ਸੰਸਥਾਵਾਂ ਵਿੱਚ ਔਰਤਾਂ ਦੇ ਰਾਖਵਾਂਕਰਨ ਦਾ ਬੀਜ ਬੀਜਿਆ ਸੀ। ਬਿੱਲ ਲੋਕ ਸਭਾ 'ਚ ਪਾਸ ਹੋ ਗਿਆ, ਪਰ ਸਤੰਬਰ 1989 'ਚ ਰਾਜ ਸਭਾ 'ਚ ਪਾਸ ਨਹੀਂ ਹੋ ਸਕਿਆ। 1992 ਅਤੇ 1993 'ਚ ਤਤਕਾਲੀਨ ਪ੍ਰਧਾਨ ਮੰਤਰੀ ਪੀ ਵੀ ਨਰਸਿਮਹਾ ਰਾਓ ਨੇ ਸੰਵਿਧਾਨ ਸੋਧ ਬਿੱਲ 72 ਅਤੇ 73 ਨੂੰ ਫਿਰ ਤੋਂ ਪੇਸ਼ ਕੀਤਾ, ਜਿਸ 'ਚ ਪੇਂਡੂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਸਾਰੀਆਂ ਸੀਟਾਂ ਅਤੇ ਚੇਅਰਪਰਸਨ ਦੀਆਂ ਅਸਾਮੀਆਂ ਦਾ ਇੱਕ ਤਿਹਾਈ (33 ਫੀਸਦੀ) ਰਾਖਵਾਂਕਰਨ ਕੀਤਾ ਗਿਆ। ਬਿੱਲ ਦੋਵਾਂ ਸਦਨਾ 'ਚ ਪਾਸ ਹੋ ਗਿਆ ਅਤੇ ਦੇਸ਼ ਦਾ ਕਾਨੂੰਨ ਬਣ ਗਿਆ। ਹੁਣ ਦੇਸ਼ ਭਰ 'ਚ ਪੰਚਾਇਤਾਂ ਅਤੇ ਨਗਰ ਪਾਲਿਕਾਵਾਂ 'ਚ ਲਗਭਗ 15 ਲੱਖ ਚੁਣੀਆਂ ਹੋਈਆਂ ਔਰਤ ਪ੍ਰਤੀਨਿਧੀ ਹਨ। 12 ਸਤੰਬਰ 1996 ਨੂੰ ਤਤਕਾਲੀਨ ਦੇਵੇਗੌੜਾ ਦੀ ਅਗਵਾਈ ਵਾਲੀ ਸੰਯੁਕਤ ਮੋਰਚਾ ਸਰਕਾਰ ਨੇ ਪਹਿਲੀ ਵਾਰ ਸੰਸਦ 'ਚ ਮਹਿਲਾਵਾਂ ਦੇ ਰਾਖਵੇਂਕਰਨ ਲਈ 81ਵਾਂ ਸੋਧ ਬਿੱਲ ਲੋਕ ਸਭਾ 'ਚ ਪੇਸ਼ ਕੀਤਾ। ਬਿੱਲ ਨੂੰ ਲੋਕ ਸਭਾ 'ਚ ਮਨਜ਼ੂਰੀ ਨਾ ਮਿਲਣ ਤੋਂ ਬਾਅਦ ਇਸ ਨੂੰ ਗੀਤਾ ਮੁਖਰਜੀ ਦੀ ਪ੍ਰਧਾਨਗੀ ਵਾਲੀ ਸੰਯੁਕਤ ਸੰਸਦੀ ਕਮੇਟੀ ਕੋਲ ਭੇਜ ਦਿੱਤਾ ਗਿਆ। ਮੁਖਰਜੀ ਕਮੇਟੀ ਨੇ ਦਸੰਬਰ 1996 'ਚ ਆਪਣੀ ਰਿਪੋਰਟ ਪੇਸ਼ ਕੀਤੀ। ਹਾਲਾਂਕਿ ਲੋਕ ਸਭਾ ਦੇ ਵਿਘਟਨ ਦੇ ਨਾਲ ਬਿੱਲ ਸਮਾਪਤ ਹੋ ਗਿਆ। ਦੋ ਸਾਲ ਬਾਅਦ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ ਨੇ 1998 'ਚ 12ਵੀਂ ਲੋਕ ਸਭਾ 'ਚ ਡਬਲਯੂ ਆਰ ਬੀ ਬਿੱਲ ਨੂੰ ਅੱਗੇ ਵਧਾਇਆ। ਹਾਲਾਂਕਿ ਇਸ ਵਾਰ ਵੀ ਬਿੱਲ ਨੂੰ ● ਬਾਕੀ ਸਫ਼ਾ 2 'ਤੇ

# ਬੱਸ ਨਹਿਰ 'ਚ ਡਿੱਗੀ, ਅੱਠ ਦੀ ਮੌਤ, 10 ਜ਼ਖਮੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਮੁਕਤਸਰ-ਕੋਟਕਪੂਰਾ ਰੋਡ 'ਤੇ ਪਿੰਡ ਝਬੇਲਵਾਲੀ ਨੇੜਿਓਂ ਲੰਘਦੀਆਂ ਜੁੜਵਾਂ ਨਹਿਰਾਂ 'ਚੋਂ ਸਰਹਿੰਦ ਨਹਿਰ ਵਿੱਚ ਸਵਾਰੀਆਂ ਨਾਲ ਭਰੀ ਨਿਊ ਦੀਪ ਕੰਪਨੀ ਦੀ ਬੱਸ ਡਿੱਗ ਗਈ। ਬੱਸ 'ਚ ਸਵਾਰ ਕਰੀਬ 45 ਸਵਾਰੀਆਂ 'ਚੋਂ 8 ਦੀ ਮੌਤ ਦੱਸੀ ਜਾ ਰਹੀ ਹੈ, ਜਦਕਿ ਪ੍ਰਸ਼ਾਸਨ ਵੱਲੋਂ ਪੰਜ ਲੋਕਾਂ ਦੀ ਪੁਸ਼ਟੀ ਕੀਤੀ ਗਈ, ਜਿਨ੍ਹਾਂ 'ਚ 3 ਪੁਰਸ਼ ਅਤੇ 2 ਔਰਤਾਂ ਹਨ। ਇਸ ਤੋਂ ਇਲਾਵਾ 10 ਲੋਕ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੋਂ ਦੋ ਲੋਕ ਘਰ ਚਲੇ ਗਏ, ਜਦਕਿ 8 ਲੋਕ ਜ਼ੇਰੇ ਇਲਾਜ ਹਨ।

ਨਿਊ ਦੀਪ ਕੰਪਨੀ ਦੀ ਬੱਸ ਨੰਬਰ ਪੀ ਬੀ 04 ਏ 0878 ਮੁਕਤਸਰ ਤੋਂ ਅੰਮ੍ਰਿਤਸਰ ਵੱਲ ਜਾ ਰਹੀ ਸੀ ਕਿ ਪਿੰਡ ਝਬੇਲਵਾਲੀ ਜੁੜਵੀਆਂ ਨਹਿਰਾਂ ਕੋਲ ਪੁਲ ਨੂੰ ਕਰਾਸ ਕਰਨ ਸਮੇਂ ਬੱਸ ਨਹਿਰ ਦੇ ਪੁਲ 'ਤੇ ਲੱਗੇ ਲੋਹੇ ਦੇ ਐਂਗਲਾਂ ਵਿੱਚ ਵੱਜਣ ਦੇ ਚਲਦਿਆਂ ਨਹਿਰ 'ਚ ਡਿੱਗ ਗਈ। ਬੱਸ ਦਾ ਅੱਧਾ ਹਿੱਸਾ ਨਹਿਰ 'ਚ ਜਾ ਲਟਕਿਆ, ਜਦ ਕਿ ਅੱਧਾ ਹਿੱਸਾ ਬਾਹਰ ਪੁਲ ਉਪਰ ਰਹਿ ਗਿਆ। ਲੋਕਾਂ ਨੂੰ ਇਸ ● ਬਾਕੀ ਸਫ਼ਾ 2 'ਤੇ

## ਕੋਕਰਨਾਗ ਮੁਕਾਬਲੇ 'ਚ ਉਜ਼ੈਰ ਢੇਰ

**ਸ੍ਰੀਨਗਰ** : ਜੰਮੂ-ਕਸ਼ਮੀਰ ਦੇ ਅਨੰਤਨਾਗ 'ਚ ਅੱਤਵਾਦੀਆਂ ਨਾਲ ਪਿਛਲੇ ਸੱਤ ਦਿਨਾਂ ਤੋਂ ਚੱਲ ਰਿਹਾ ਮੁਕਾਬਲਾ ਖ਼ਤਮ ਹੋ ਗਿਆ। ਕੋਕਰਨਾਗ ਦੇ ਪੀਰ ਪੰਜਾਲ ਦੀਆਂ ਪਹਾੜੀਆਂ 'ਤੇ ਲੁਕੇ ਲਸ਼ਕਰ ਏ ਤੋਇਬਾ ਦੇ ਕਮਾਂਡਰ ਉਜ਼ੈਰ ਖਾਨ ਨੂੰ ਢੇਰ ਕਰ ਦਿੱਤਾ ਗਿਆ। ਸੁਰੱਖਿਆ ਬਲਾਂ ਨੇ ਉਜ਼ੈਰ ਖਾਨ ਦੇ ਨਾਲ ਇੱਕ ਹੋਰ ਅੱਤਵਾਦੀ ਦੀ ਲਾਸ਼ ਬਰਾਮਦ ਕੀਤੀ ਹੈ। ਜੰਮੂ-ਕਸ਼ਮੀਰ ਦੇ ਏ ਡੀ ਜੀ ਪੀ ਵਿਜੈ ਕੁਮਾਰ ਨੇ ਦੱਸਿਆ, 'ਲਸ਼ਕਰ ਕਮਾਂਡਰ ਉਜ਼ੈਰ ਖਾਨ ਨੂੰ ਮਾਰ ਦਿੱਤਾ ਗਿਆ ਹੈ। ਉਸ 'ਤੇ 10 ਲੱਖ ਦਾ ਇਨਾਮ ਵੀ ਰੱਖਿਆ ਹੋਇਆ ਸੀ। ਉਸ ਦੇ ਹਥਿਆਰ ● ਬਾਕੀ ਸਫ਼ਾ 2 'ਤੇ

## ਅਸਾਸੇ ਘਟ ਗਏ, ਦੇਣਦਾਰੀਆਂ ਵਧ ਗਈਆਂ

### ਘਰੇਲੂ ਬੱਚਤ 50 ਸਾਲ ਦੇ ਹੇਠਲੇ ਪੱਧਰ 'ਤੇ

**ਨਵੀਂ ਦਿੱਲੀ** : ਭਾਰਤੀ ਰਿਜ਼ਰਵ ਬੈਂਕ ਦੀ ਘਰੇਲੂ ਅਸਾਸੇ ਤੇ ਦੇਣਦਾਰੀਆਂ ਬਾਰੇ ਤਾਜ਼ਾ ਰਿਪੋਰਟ ਮੁਤਾਬਕ ਭਾਰਤ ਵਿਚ ਘਰੇਲੂ ਬਚਤ 50 ਸਾਲ ਦੇ ਹੇਠਲੇ ਪੱਧਰ 'ਤੇ ਆ ਗਈ ਹੈ।

2022-23 ਵਿਚ ਕੁਲ ਘਰੇਲੂ ਬਚਤ ਡਿੱਗ ਕੇ 5.1 ਫੀਸਦੀ 'ਤੇ ਆ ਗਈ। ਕੁਲ ਘਰੇਲੂ ਪੈਦਾਵਾਰ (ਜੀ ਡੀ ਪੀ) ਦੇ ਹਿਸਾਬ ਨਾਲ ਇਸ ਸਾਲ ਭਾਰਤ ਦੀ ਸ਼ੁੱਧ ਬਚਤ ਡਿੱਗ ਕੇ 13.77 ਲੱਖ ਕਰੋੜ ਰਹਿ ਗਈ। ਇਹ ਬੀਤੇ 50 ਸਾਲ ਵਿਚ ਸਭ ਤੋਂ ਘੱਟ ਹੈ। ਇਕ ਸਾਲ ਪਹਿਲਾਂ ਇਹ 7.2 ਫੀਸਦੀ ਸੀ। ਇਸ ਤੋਂ ਕਿਆਸ ਲਾਏ ਜਾ ਰਹੇ ਹਨ ਕਿ ਲੋਕਾਂ ਦੀ ਆਮਦਨੀ ਵਿਚ ਕਾਫੀ ਕਮੀ ਆਈ ਹੈ। ਕੋਰੋਨਾ ਕਾਲ ਦੇ ਬਾਅਦ ਲੋਕਾਂ ਦੀ ਖਪਤ ਵਿਚ ਵਾਧਾ ਹੋਇਆ ਹੈ। ਉਹ ਬਚਾਉਣ ਦੀ ਥਾਂ ਖਰਚ ਵੱਧ ਕਰਨ ਲੱਗੇ ਹਨ।

ਰਿਪੋਰਟ ਨੇ ਇਹ ਚਿੰਤਾਜਨਕ ਇਸ਼ਾਰਾ ਕੀਤਾ ਹੈ ਕਿ ਲੋਕਾਂ ਦੀਆਂ ਮਾਲੀ ਦੇਣਦਾਰੀਆਂ ਤੇਜ਼ੀ ਨਾਲ ਵਧੀਆਂ ਹਨ। 2022-23 ਵਿਚ ਇਹ ਜੀ ਡੀ ਪੀ ਦੇ 5.8 ਫੀਸਦੀ ਤੱਕ ਪੁੱਜ ● ਬਾਕੀ ਸਫ਼ਾ 2 'ਤੇ

## ਪੰਜਾਬ ਬੈਂਕ ਮੁਲਾਜ਼ਮ ਫੈਡਰੇਸ਼ਨ ਵੱਲੋਂ ਗ਼ਦਰੀ ਬਾਬਿਆਂ ਦੇ ਮੇਲੇ ਲਈ ਸਹਾਇਤਾ



**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਗ਼ਦਰੀ ਬਾਬਿਆਂ ਦੇ ਮੇਲੇ ਲਈ ਆਰਥਕ ਸਹਾਇਤਾ ਕਰਨ ਲਈ ਸਮੂਹ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਕੀਤੀ ਅਪੀਲ ਨੂੰ ਭਰਵਾਂ ਹੁੰਗਾਰਾ ਭਰਦਿਆਂ ਮੰਗਲਵਾਰ ਪੰਜਾਬ ਬੈਂਕ ਮੁਲਾਜ਼ਮ ਫੈਡਰੇਸ਼ਨ ਦੇ ਨੁਮਾਇੰਦਿਆਂ ਨੇ ਦੇਸ਼ ਭਗਤ ਯਾਦਗਾਰ ਹਾਲ ਦੇ ਦਫ਼ਤਰ ਪਹੁੰਚ ਕੇ 50 ਹਜ਼ਾਰ ਰੁਪਏ ਦੀ ਸਹਾਇਤਾ ਕਰਕੇ ਮੇਲੇ ਲਈ ਸਹਾਇਤਾ ਰਾਸ਼ੀ ਇਕੱਠੀ ਕਰਨ ਦੀ ਮੁਹਿੰਮ ਦਾ ਉਤਸ਼ਾਹੀ ਆਗਾਜ਼ ਕੀਤਾ।

ਪੰਜਾਬ ਬੈਂਕ ਮੁਲਾਜ਼ਮ ਫੈਡਰੇਸ਼ਨ ਜਲੰਧਰ ਯੂਨਿਟ ਦੇ ਬੈਂਕ ਆਫ਼ ਬੜੌਦਾ ਦੇ ਪ੍ਰਧਾਨ ਰਵੀ ਰਾਜਦਾਨ, ਜਨਰਲ ਸਕੱਤਰ ਆਰ ਕੇ ਠਾਕੁਰ, ਯੂਕੋ ਬੈਂਕ ਦੇ ਪ੍ਰਧਾਨ ਰਾਜ ਕੁਮਾਰ ਭਗਤ ਅਤੇ ਜਨਰਲ ਸਕੱਤਰ ਐੱਚ ਐੱਸ ਵੀਰ, ਸਹਾਇਕ ● ਬਾਕੀ ਸਫ਼ਾ 2 'ਤੇ

## ਡੂਸੂ ਚੋਣਾਂ ਲਈ ਪ੍ਰਚਾਰ ਤੇਜ਼

**ਨਵੀਂ ਦਿੱਲੀ** : ਦਿੱਲੀ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ (ਡੂਸੂ) ਦੀ ਚੋਣ ਲਈ ਉਮੀਦਵਾਰ ਵਿਦਿਆਰਥੀਆਂ ਨੇ ਚੋਣ ਪ੍ਰਚਾਰ ਲਈ ਪੂਰੀ ਤਾਕਤ ਲਗਾ ਦਿੱਤੀ ਹੈ। ਥਾਂ-ਥਾਂ ਵਿਦਿਆਰਥੀ ਯੂਨੀਅਨਾਂ ਦੇ ਉਮੀਦਵਾਰਾਂ ਦੇ ਨਾਂਅ ਵਾਲੇ ਪਰਚੇ ਸੜਕਾਂ, ਮੈਦਾਨਾਂ ਤੇ ਗਲੀਆਂ 'ਚ ਖਿੰਡੇ ਹੋਏ ਹਨ। ਲਿੰਗਦੋਹ ਕਮੇਟੀ ਦੀਆਂ ਸਿਫਾਰਸ਼ਾਂ ਦੇ ਉਲਟ ਨਿੱਜੀ ਕੰਧਾਂ ਚੋਣ ਪ੍ਰਚਾਰ ਵਾਲੇ ਵੱਡੇ ਪੋਸਟਰਾਂ ਨਾਲ ਭਰੀਆਂ ਹੋਈਆਂ ਹਨ। ਮੰਗਲਵਾਰ ਆਲ ਇੰਡੀਆ ਸਟੂਡੈਂਟਸ ਯੂਨੀਅਨ (ਆਇਸਾ) ਵੱਲੋਂ ਚੋਣ ਮਨੋਰਥ ਪੱਤਰ ਜਾਰੀ ਕੀਤਾ ਗਿਆ। ਏ ਬੀ ਵੀ ਪੀ ਤੇ ਐੱਨ ਐੱਸ ਯੂ ਆਈ ਵੱਲੋਂ ਪ੍ਰਚਾਰ ਉਪਰ ਕਥਿਤ ਤੌਰ 'ਤੇ ਖਾਸਾ ਪੈਸਾ ਵਹਾਇਆ ਗਿਆ ਹੈ। ਵੱਡੀਆਂ ਫਲੈਕਸਾਂ ਵੀ ਲਾਈਆਂ ਗਈਆਂ ਹਨ। ਇਸ ਵਾਰ ਲੜਕੀਆਂ ਨੇ ਵੀ ਚੋਣ ਮੈਦਾਨ 'ਚ ਨਿੱਤਰ ਕੇ ਭਰਵੀਂ ਹਾਜ਼ਰੀ ਲਗਵਾਈ ਹੈ।

## ਅੱਜ-ਨਾਮਾ

ਚੰਗੀ ਖਬਰ ਇੱਕ ਆਈ ਪੰਜਾਬ ਦੇ ਲਈ,
ਬੁਲੇਟ ਟਰੇਨ ਕਹਿੰਦੇ ਏਧਰ ਆਊਗੀ ਜੀ।
ਪਲੈਨ ਸਾਰੀ ਤਾਂ ਲਾਈਨ ਦੀ ਬਣੂੰ ਮਗਰੋਂ,
ਪਹਿਲਾਂ ਸਰਵੇ ਸਰਕਾਰ ਕਰਵਾਊਗੀ ਜੀ।
ਸਰਵੇ ਲੋਕਾਂ ਤੋਂ ਕਹਿੰਦੇ ਜਦ ਸ਼ੁਰੂ ਕਰਨਾ,
ਪਬਲਿਕ ਕਿੰਨਾ ਉਤਸ਼ਾਹ ਵਿਖਾਊਗੀ ਜੀ।
ਜਾਊਗਾ ਖਰਚ ਦਾ ਫੇਰ ਹਿਸਾਬ ਲਾਇਆ,
ਰਾਜਨੀਤੀ ਕੁਝ ਅਸਰ ਜਿਹਾ ਪਾਊਗੀ ਜੀ।
ਗੁਜਰਾਤ-ਮੁੰਬਈ ਦੀ ਹੋਊ ਟਰੇਨ ਪਹਿਲੀ,
ਵਰ੍ਹਿਆਂ ਪੰਜਾਂ ਤੱਕ ਦੌੜ ਉਹ ਲਾਊ ਬੇਲੀ।
ਕਈ ਦਿਸ਼ਾਵਾਂ ਲਈ ਸੁਣੀ ਸਕੀਮ ਬਣਦੀ,
ਵਾਰੀ ਅਸਾਂ ਦੀ ਬਾਅਦ ਵਿੱਚ ਆਊ ਬੇਲੀ।

-ਤੀਸ ਮਾਰ ਖਾਂ

## ਗਰੀਬ ਜੇਲ੍ਹ 'ਚ ਰਹਿ ਜਾਂਦੇ, ਅਮੀਰਾਂ ਨੂੰ ਮਿਲ ਜਾਂਦੀ ਜ਼ਮਾਨਤ : ਜਸਟਿਸ ਕੌਲ

**ਨਵੀਂ ਦਿੱਲੀ** : ਸੁਪਰੀਮ ਕੋਰਟ ਦੇ ਜੱਜ ਜਸਟਿਸ ਸੰਜੈ ਕਿਸ਼ਨ ਕੌਲ ਨੇ ਨਿਆਂ ਵਿਵਸਥਾ ਦੀ ਮੌਜੂਦਾ ਸਥਿਤੀ 'ਤੇ ਨਿਰਾਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਕੋਈ ਗਰੀਬ ਸਲਾਖਾਂ ਪਿੱਛੇ ਸਿਰਫ਼ ਇਸ ਲਈ ਰਹਿ ਜਾਂਦਾ ਹੈ, ਕਿਉਂਕਿ ਉਹ ਖਰਚ ਨਹੀਂ ਉਠਾ ਸਕਦਾ, ਜਦਕਿ ਵਕੀਲ ਕਰਨ 'ਚ ਸਮਰਥ ਅਮੀਰਾਂ ਨੂੰ ਜ਼ਮਾਨਤ ਮਿਲ ਜਾਂਦੀ ਹੈ। ਇਸ ਦੌਰਾਨ ਜਸਟਿਸ ਨੇ ਜੇਲ੍ਹਾਂ 'ਚ ਸਾਲਾਂ ਤੋਂ ਬੰਦ ਵਿਚਾਰ-ਅਧੀਨ ਕੈਦੀਆਂ ਦੇ ਮੁੱਦੇ 'ਤੇ ਸਖ਼ਤ ਰੁਖ ਅਪਣਾਇਆ।

ਅੰਡਰ ਟਰਾਇਲ ਰੀਵਿਊ ਕਮੇਟੀ ਸਪੈਸ਼ਲ ਕੰਪੇਨ 2003 ਦੀ ਲਾਂਚਿੰਗ ਮੌਕੇ ਜਸਟਿਸ ਕੌਲ ਨੇ ਕਿਹਾ ਕਿ ਗਰੀਬ ਅਤੇ ਕਮਜ਼ੋਰਾਂ ਨੂੰ ਹਿਰਾਸਤ 'ਚ ਲਏ ਜਾਣ ਦੀਆਂ ਸੰਭਾਵਨਾਵਾਂ ਜ਼ਿਆਦਾ ਹੁੰਦੀਆਂ ਹਨ। ਉਨ੍ਹਾ ਕਿਹਾ, 'ਜੱਜਾਂ ਦੇ ਤੌਰ ● ਬਾਕੀ ਸਫ਼ਾ 2 'ਤੇ



## ਬੀ ਕਾਮ ਦੇ ਵਿਦਿਆਰਥੀਆਂ ਦਾ ਇੰਡਸਟਰੀਅਲ ਟੂਰ ਕਰਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਰਕਾਰੀ ਕਾਲਜ ਵਿਖੇ ਪ੍ਰਿੰਸੀਪਲ ਪ੍ਰੋਫੈਸਰ ਦੀਪਕ ਚੋਪੜਾ ਦੀ ਰਹਿਨੁਮਾਈ ਹੇਠ ਕਾਲਜ ਦੇ ਸਹਾਇਕ ਪ੍ਰੋਫੈਸਰ ਪ੍ਰੀਤ ਕਮਲ ਦੀ ਅਗਵਾਈ ਵਿੱਚ ਕੈਰੀਅਰ ਕੌਂਸਲ ਸਕੀਮ ਅਧੀਨ ਬੀ.ਕਾਮ ਭਾਗ ਤੀਜਾ ਦੇ ਵਿਦਿਆਰਥੀਆਂ ਦਾ ਇੰਡਸਟਰੀਅਲ ਟੂਰ ਕਰਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਨੂੰ ਵਰਧਮਾਨ ਟੈਕਸਟਾਇਲ ਮਿੱਲ ਲੁਧਿਆਣਾ ਦੁਆਰਾ ਗਰਾਈਂਡ, ਸਪਿਨਿੰਗ, ਡਾਈਂਗ, ਪੈਕਿੰਗ ਤੇ ਲੇਬਲਿੰਗ ਪ੍ਰੋਸੈੱਸ ਬਾਰੇ ਜਾਣਕਾਰੀ ਦਿੱਤੀ ਗਈ। ਸਹਾਇਕ ਪ੍ਰੋਫੈਸਰ ਪ੍ਰੀਤ ਕਮਲ ਨੇ ਦੱਸਿਆ ਕਿ ਅਜਿਹੇ ਇੰਡਸਟਰੀਅਲ ਟੂਰ ਵਿਦਿਆਰਥੀਆਂ ਲਈ ਭਵਿੱਖ ਵਿੱਚ ਉਨ੍ਹਾਂ ਦੇ ਹੁਨਰ, ਵਿਕਾਸ ਅਤੇ ਰੁਜ਼ਗਾਰ ਸੰਬੰਧੀ ਲਾਹੇਵੰਦ ਸਾਬਤ ਹੋਵੇਗਾ। ਇਸ ਇੰਡਸਟਰੀਅਲ ਟੂਰ ਨੂੰ ਨੇਪਰੇ ਚਾੜ੍ਹਨ ਲਈ ਪ੍ਰਿੰਸੀਪਲ ਪ੍ਰੋਫੈਸਰ ਦੀਪਕ ਚੋਪੜਾ ਨੇ ਕਾਮਰਸ ਵਿਭਾਗ ਦੇ ਮੁਖੀ ਸਹਾਇਕ ਪ੍ਰੋ. ਅਜੈ ਬੱਤਾ ਤੇ ਬਾਕੀ ਅਧਿਆਪਕਾਂ ਦੀ ਸ਼ਲਾਘਾ ਕੀਤੀ।

## ਸਰਬਜੀਤ ਸਿੰਘ ਸ਼ੰਭੂ ਦੇ ਉੱਦਮ ਨਾਲ ਟਰਾਂਸਫਾਰਮਰ ਲਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ਼ਮਸ਼ਾਨਘਾਟ ਨੇੜਲੇ ਟਰਾਂਸਫਾਰਮਰ 'ਚ ਤਕਨੀਕੀ ਖਰਾਬੀ ਹੋਣ ਨਾਲ ਬਿਜਲੀ ਠੱਪ ਹੋਣ ਕਰਕੇ ਲੋਕਾਂ ਨੂੰ ਭਾਰੀ ਔਕੜਾਂ ਦਾ ਸਾਹਮਣਾ ਕਾਰਨ ਪੈ ਰਿਹਾ ਸੀ। ਮਹਿਲ ਕਲਾਂ ਸੋਢੇ ਦੇ ਉੱਘੇ ਸਮਾਜ ਸੇਵੀ ਸਰਬਜੀਤ ਸਿੰਘ ਸੰਭੂ ਦੇ ਉੱਦਮ ਸਦਕਾ ਇਹ ਟਰਾਂਸਫਾਰਮਰ ਨਵਾਂ ਲਾਏ ਜਾਣ ਨਾਲ ਲੋਕਾਂ ਨੂੰ ਭਾਰੀ ਰਾਹਤ ਮਿਲੀ ਹੈ। ਸਮਾਜ ਸੇਵੀ ਮੰਗਤ ਸਿੰਘ ਸਿੱਧੂ, 'ਆਪ' ਆਗੂ ਗੁਰਦੀਪ ਸਿੰਘ ਸੋਢਾ, ਸੁਖਵਿੰਦਰ ਸਿੰਘ ਸੁੱਖਾ ਨੇ ਸਮਾਜ ਸੇਵੀ ਸਰਬਜੀਤ ਸਿੰਘ ਸ਼ੰਭੂ ਵੱਲੋਂ ਸਮਾਜ ਸੇਵੀ ਕਾਰਜਾਂ ਦੇ ਕੀਤੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਅਮਨਦੀਪ ਸਿੰਘ ਅਮਨੀ, ਉਜਾਗਰ ਸਿੰਘ ਤੇ ਸੁਚੇਤ ਸਿੰਘ ਮਠਾੜੂ ਆਦਿ ਹਾਜ਼ਰ ਸਨ।

## ਟ੍ਰੈਫ਼ਿਕ ਪੁਲਸ ਪਾਰਟੀ ਨੇ ਬੁਲਟ ਮੋਟਰਸਾਈਕਲਾਂ ਦੇ ਕੀਤੇ ਚਲਾਨ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਟ੍ਰੈਫਿਕ ਪੁਲਸ ਪਾਰਟੀ ਨੇ ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਭਾਨਰੀ ਦੀ ਅਗਵਾਈ ਹੇਠ ਬੁਲਟ ਮੋਟਰਸਾਈਕਲਾਂ ਅਤੇ ਹੋਰ ਵੱਖ-ਵੱਖ ਵਾਹਨਾਂ ਦੇ ਚਲਾਨ ਕੀਤੇ। ਟ੍ਰੈਫਿਕ ਇੰਚਾਰਜ ਨੇ ਕਿਹਾ ਕਿ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਨੂੰ ਵੀ ਸ਼ਖ਼ਸ ਨੂੰ ਨਾ ਬਖ਼ਸ਼ ਕੇ ਸਭ ਦੇ ਚਲਾਨ ਕਰ ਰਹੇ ਹਨ। ਉਨ੍ਹਾਂ ਦੀ ਪੁਲਸ ਪਾਰਟੀ ਨੇ ਬੁਲਟ ਮੋਟਰ ਸਾਈਕਲਾਂ ਦੇ ਸਾਈਲੈਂਸਰ ਮੋਡੀਫਾਈਡ ਤੇ ਦਸਤਾਵੇਜ਼ ਪੂਰੇ ਨਾ ਹੋਣ ਦੇ ਚਲਾਨ ਕੀਤੇ ਹਨ। ਉਨ੍ਹਾਂ ਦੋ ਪਹੀਆ ਵਾਹਨ ਚਲਾਉਣ ਵਾਲਿਆਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਉਹ ਆਪਣੇ ਸਿਰ 'ਤੇ ਹੈਲਮਟ ਪਾਉਣ ਜਾਂ ਪੱਗੜੀ ਜ਼ਰੂਰ ਬੰਨ੍ਹਣ ਤਾਂ ਜੁ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ। ਇਸ ਮੌਕੇ ਏ ਐਸ ਆਈ ਸੁਖਪਾਲ ਸਿੰਘ, ਐਚ ਸੀ ਜਸਪਾਲ ਸਿੰਘ ਤੇ ਐਚ ਸੀ ਹਰਜੀਤ ਸਿੰਘ ਆਦਿ ਹਾਜ਼ਰ ਸਨ।

## ਅਨੰਦ ਈਸ਼ਰ ਪਬਲਿਕ ਸਕੂਲ ਵਿਖੇ ਸੈਮੀਨਾਰ



**ਜਗਰਾਉਂ (ਸੰਜੀਵ ਅਰੋੜਾ)**-ਅਨੰਦ ਈਸ਼ਰ ਪਬਲਿਕ ਸਕੂਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸੈਮੀਨਾਰ ਕੀਤਾ ਗਿਆ, ਜਿਸ 'ਚ ਵਿਦਿਆਰਥੀਆਂ ਨੂੰ ਗੁਰੂ ਨਾਲ ਜੋੜਨ ਦੀ ਪ੍ਰੇਰਨਾ ਦਿੱਤੀ ਅਤੇ ਗੁਰੂ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਸੈਮੀਨਾਰ ਦੌਰਾਨ ਦਿਲਬਾਗ ਸਿੰਘ ਦੀ ਪ੍ਰੇਰਨਾ ਸਦਕਾ 21 ਨਵੇਂ ਵਿਦਿਆਰਥੀ ਸਹਿਜ ਪਾਠ ਕਰਨ ਲਈ ਤਿਆਰ ਹੋਏ। ਇੱਥੇ ਦੱਸਣਯੋਗ ਹੈ ਕਿ 79 ਬੱਚੇ ਤੇ ਸਟਾਫ਼ ਮੈਂਬਰ ਪਹਿਲਾਂ ਤੋਂ ਹੀ ਸ੍ਰੀ ਸਹਿਜ ਪਾਠ ਕਰ ਰਹੇ ਹਨ। ਇਸ ਮੌਕੇ ਵਾਈਸ ਪ੍ਰਿੰਸੀਪਲ ਕੰਵਲਦੀਪ ਕੌਰ ਤੇ ਸੁਖਜਿੰਦਰ ਸਿੰਘ ਵੱਲੋਂ ਸਹਿਜ ਪਾਠ ਟੀਮ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਧਾਰਮਿਕ ਸਿੱਖਿਆ ਦੇ ਮੈਡਮ ਜਸਪ੍ਰੀਤ ਕੌਰ ਤੇ ਸਮੂਹ ਸਟਾਫ ਹਾਜ਼ਰ ਸੀ।

## ਲੋਕ ਸੇਵਾ ਸੁਸਾਇਟੀ ਵੱਲੋਂ ਮੈਡੀਕਲ ਚੈੱਕਅੱਪ ਕੈਂਪ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਸੀ.ਐੱਮ.ਸੀ. ਲੁਧਿਆਣਾ ਦੇ ਸਹਿਯੋਗ ਨਾਲ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਹੇਠ ਵਿਸ਼ਾਲ ਮੈਡੀਕਲ ਚੈੱਕਅੱਪ ਕੈਂਪ ਲਾਇਆ ਗਿਆ। ਮੁੱਖ ਮਹਿਮਾਨ ਵਿਸ਼ਾਲ ਜੈਨ ਡਾਇਰੈਕਟਰ ਮਹਾਂਪ੍ਰਗਿਆ ਸਕੂਲ ਜਗਰਾਉਂ ਨੇ ਕੈਂਪ ਦਾ ਉਦਘਾਟਨ ਕੀਤਾ ਤੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੋਕ ਸੇਵਾ ਸੁਸਾਇਟੀ ਵੱਲੋਂ ਕੀਤੀ ਜਾ ਰਹੀ ਸੇਵਾ ਨਾ ਸਿਰਫ਼ ਲਾ ਮਿਸਾਲ ਹੈ, ਸਗੋਂ ਬੇਮਿਸਾਲ ਵੀ ਹੈ। ਉਨ੍ਹਾ ਕਿਹਾ ਕਿ ਸੁਸਾਇਟੀ ਵੱਲੋਂ ਪਿਛਲੇ 28 ਸਾਲਾਂ ਤੋਂ ਦਿੱਤੀ ਜਾ ਰਹੀ ਸੇਵਾ ਨੂੰ ਭਵਿੱਖ ਵਿੱਚ ਵੀ ਜਾਰੀ ਰੱਖਣਾ ਚਾਹੀਦਾ ਹੈ ਅਤੇ ਸਾਨੂੰ ਸਾਰਿਆਂ ਨੂੰ ਇਸ ਵਿੱਚ ਸਹਿਯੋਗ ਦਿੰਦੇ ਰਹਿਣਾ ਚਾਹੀਦਾ ਹੈ। ਕੈਂਪ ਵਿੱਚ ਸੀ.ਐੱਮ.ਸੀ. ਲੁਧਿਆਣਾ ਤੋਂ ਚਮੜੀ, ਹੱਡੀਆਂ, ਨੱਕ, ਕੰਨ, ਗਲੇ ਤੇ ਜਨਰਲ ਮੈਡੀਸਨ ਦੇ ਡਾਕਟਰਾਂ ਨੇ 224 ਮਰੀਜ਼ਾਂ ਦਾ ਚੈੱਕਅੱਪ ਕਰਦਿਆਂ ਦਵਾਈਆਂ ਦਿੱਤੀਆਂ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਰਜਿੰਦਰ ਜੈਨ ਨੇ ਵਿਸ਼ਾਲ ਜੈਨ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਉਹ ਜੈਨ ਸਮਾਜ ਦਾ ਇੱਕ ਅਨਮੋਲ ਰਤਨ ਹਨ। ਇਸ ਮੌਕੇ ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਮੁਕੇਸ਼ ਗੁਪਤਾ, ਕੈਪਟਨ ਨਰੇਸ਼ ਵਰਮਾ, ਪ੍ਰਵੀਨ ਮਿੱਤਲ, ਮਨੋਹਰ ਸਿੰਘ ਟੱਕਰ, ਨੀਰਜ ਮਿੱਤਲ, ਸੁਖਜਿੰਦਰ ਸਿੰਘ ਢਿੱਲੋਂ, ਪ੍ਰਸ਼ੋਤਮ ਅਗਰਵਾਲ ਆਦਿ ਹਾਜ਼ਰ ਸਨ।

## ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਦਰਸ਼ਨ ਸੰਗਤ ਨੂੰ ਕਰਵਾਏ ਜਾਣ : ਚੰਗਾਲ



**ਸੰਗਰੂਰ (ਪ੍ਰਵੀਨ ਸਿੰਘ)**-ਪਿਛਲੇ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਾਈ ਕੋਰਟ ਵਿੱਚ ਬਿਆਨ ਕਲਮਬੱਧ ਕਰਵਾਏ ਗਏ ਕਿ ਸੰਨ 1984 ਦੌਰਾਨ, ਜੋ ਸਾਡਾ ਇਤਿਹਾਸਕ ਵਿਰਸਾ ਫੌਜ ਵੱਲੋਂ ਆਪਣੇ ਕਬਜ਼ੇ ਵਿੱਚ ਲੈ ਲਿਆ ਗਿਆ ਸੀ, ਉਹ ਸ਼੍ਰੋਮਣੀ ਕਮੇਟੀ ਕੋਲ ਮੌਜੂਦ ਹੈ। ਸ਼੍ਰੋਮਣੀ ਕਮੇਟੀ ਦੇ ਅੰਤ੍ਰਿਗ ਮੈਂਬਰ ਜਥੇਦਾਰ ਮਲਕੀਤ ਸਿੰਘ ਚੰਗਾਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜੀ ਨੂੰ ਬੇਨਤੀ ਕੀਤੀ ਕਿ ਜੇ ਉਹ ਵੱਡਮੁੱਲਾ ਸਿੱਖ ਕੌਮ ਦਾ ਖ਼ਜ਼ਾਨਾ ਸ਼੍ਰੋਮਣੀ ਕਮੇਟੀ ਕੋਲ ਉਪਲਬਧ ਹੈ ਤਾਂ ਸਿੱਖ ਸੰਗਤ ਨੂੰ ਉਸ ਦੇ ਦਰਸ਼ਨ ਦੀਦਾਰ ਕਰਵਾਏ ਜਾਣ ਤਾਂ ਕਿ ਸੰਗਤ ਦੇ ਮਨਾਂ ਵਿੱਚੋਂ ਇਹ ਵਹਿਮ ਦੂਰ ਹੋ ਜਾਏ ਕਿ ਫੌਜ, ਜੋ ਵੱਡਮੁੱਲਾ ਇਤਿਹਾਸ ਉਸ ਸਮੇਂ ਦੌਰਾਨ ਨਾਲ ਲੈ ਗਏ ਸੀ, ਵਾਪਸ ਸਾਡੇ ਕੋਲ ਹੈ। ਜਥੇ. ਚੰਗਾਲ ਨੇ ਪਹਿਲਾਂ ਵੀ ਅੰਤ੍ਰਿਗ ਕਮੇਟੀ ਦੀਆਂ ਮੀਟਿੰਗਾਂ ਵਿੱਚ ਇਹ ਮੁੱਦਾ ਕਈ ਵਾਰ ਰੱਖਿਆ ਸੀ ਕਿ ਜੇ ਖ਼ਜ਼ਾਨਾ ਸਾਡੇ ਕੋਲ ਹੈ ਤਾਂ ਹਾਈ ਕੋਰਟ ਵਿੱਚ ਇਸ ਦਾ ਜਵਾਬ ਦਿੱਤਾ ਜਾਵੇ ਤਾਂ ਕਿ ਸ਼੍ਰੋਮਣੀ ਕਮੇਟੀ ਦੇ ਖਿਲਾਫ ਉੱਠ ਰਹੀਆਂ ਬਗਾਵਤੀ ਸੁਰਾਂ ਨੂੰ ਰੋਕਿਆ ਜਾ ਸਕੇ। ਜਥੇ. ਚੰਗਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁਲਾਜ਼ਮ, ਜੋ ਉਸ ਸਮੇਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਸੀ, ਉਨ੍ਹਾਂ ਤੋਂ ਇਸ ਵੱਡਮੁੱਲੇ ਇਤਿਹਾਸ ਬਾਰੇ ਸੇਵਾਵਾਂ ਲਈਆਂ ਜਾਣ। ਜਥੇ. ਚੰਗਾਲ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡ. ਧਾਮੀ ਨੂੰ ਸੁਚੇਤ ਕਰਦੇ ਕਿਹਾ ਕਿ ਕਿਤੇ ਇਹ 328 ਸਰੂਪਾਂ ਵਾਂਗ ਸ਼੍ਰੋਮਣੀ ਕਮੇਟੀ ਦੇ ਗਲੇ ਦੀ ਹੱਡੀ ਨਾ ਬਣ ਜਾਵੇ।

## ਸਰਬੱਤ ਦਾ ਭਲਾ ਟਰੱਸਟ ਨੇ 50 ਲੋੜਵੰਦਾਂ ਨੂੰ ਆਰਥਿਕ ਸਹਾਇਤਾ ਦੇ ਚੈੱਕ ਦਿੱਤੇ



**ਮੱਖੂ (ਰਛਪਾਲ ਸਿੰਘ ਸੰਧੂ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮਖੂ ਵਿੱਚ ਕਰਵਾਏ ਗਏ ਇੱਕ ਸਾਦਾ ਸਮਾਗਮ ਦੌਰਾਨ 50 ਜ਼ਰੂਰਤਮੰਦ, ਵਿਧਵਾਵਾਂ ਤੇ ਅੰਗਹੀਣ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਤੇ ਇਸਤਰੀ ਵਿੰਗ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਸਮੇਤ ਹੋਰ ਮੈਂਬਰਾਂ ਵੱਲੋਂ ਵੰਡੇ ਗਏ। ਸੰਸਥਾ ਦੀ ਇਸਤਰੀ ਵਿੰਗ ਜ਼ਿਲ੍ਹਾ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਤੇ ਦਵਿੰਦਰ ਸਿੰਘ ਛਾਬੜਾ ਮੱਖੂ ਪ੍ਰਧਾਨ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਲੋਕ ਭਲਾਈ ਦੇ ਕਈ ਹੋਰ ਕਾਰਜ ਸ਼ੁਰੂ ਕੀਤੇ ਹੋਏ ਹਨ, ਜਿਨ੍ਹਾਂ ਵਿੱਚ ਲੋੜਵੰਦਾਂ, ਅੰਗਹੀਣਾਂ ਤੇ ਵਿਧਵਾਵਾਂ ਨੂੰ ਮਹੀਨਾਵਾਰ ਪੈਨਸ਼ਨਾਂ, ਹਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ, ਮੈਡੀਕਲ ਸਹਾਇਤਾ, ਕਈ ਤਰ੍ਹਾਂ ਦੇ ਹੱਥੀਂ ਹੁਨਰ ਵਾਲੇ ਸਿਖਲਾਈ ਕੋਰਸ ਸਕੂਲਾਂ ਤੇ ਜਨਤਕ ਸਥਾਨਾਂ 'ਤੇ ਸਾਫ ਪਾਣੀ ਵਾਲੇ ਆਰ ਓ ਲਗਾਏ ਜਾਂਦੇ ਹਨ। ਇਸ ਮੌਕੇ ਬਹਾਦਰ ਸਿੰਘ ਭੁੱਲਰ ਬਲਾਕ ਪ੍ਰਧਾਨ, ਦਵਿੰਦਰ ਸਿੰਘ ਛਾਬੜਾ, ਰਣਜੀਤ ਸਿੰਘ ਰਾਏ ਜ਼ੀਰਾ ਪ੍ਰਧਾਨ, ਕਿਰਨ ਪੇਂਟਰ, ਗੁਰਦੇਵ ਸਿੰਘ ਮਹਿਤਾ ਤੇ ਲਖਵਿੰਦਰ ਸਿੰਘ ਕਰਮੂਵਾਲਾ ਸਮੇਤ ਹੋਰ ਪਤਵੰਤੇ ਸੱਜਣ ਮੌਜੂਦ ਸਨ।

## ਅਨੰਤਨਾਗ 'ਚ ਪੰਜਾਬ ਦੇ ਜਵਾਨ ਦੀ ਸ਼ਹਾਦਤ 'ਤੇ ਮੁੱਖ ਮੰਤਰੀ ਨੇ ਦੁੱਖ ਪ੍ਰਗਟਾਇਆ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਨੰਤਨਾਗ ਵਿੱਚ ਹਾਲ ਹੀ 'ਚ ਹੋਏ ਅੱਤਵਾਦੀ ਹਮਲੇ ਦੌਰਾਨ ਸੂਬੇ ਨਾਲ ਸੰਬੰਧਤ ਭਾਰਤੀ ਫੌਜ ਦੇ ਇੱਕ ਹੋਰ ਜਵਾਨ ਦੀ ਸ਼ਹਾਦਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜਾਰੀ ਇਕ ਬਿਆਨ 'ਚ ਮੁੱਖ ਮੰਤਰੀ ਨੇ ਕਿਹਾ ਕਿ ਭਾਰਤੀ ਫੌਜ ਦਾ ਜਵਾਨ ਪਰਦੀਪ ਸਿੰਘ ਅਨੰਤਨਾਗ 'ਚ ਅੱਤਵਾਦੀ ਹਮਲੇ ਦੇ ਬਾਅਦ ਤੋਂ ਲਾਪਤਾ ਹੋ ਗਿਆ ਸੀ। ਉਨ੍ਹਾ ਕਿਹਾ ਕਿ ਸਮਾਣਾ ਨਾਲ ਸੰਬੰਧਤ ਪਰਦੀਪ ਸਿੰਘ ਦੇਸ਼ ਦੀ ਏਕਤਾ, ਅਖੰਡਤਾ ਤੇ ਪ੍ਰਭੂਸੱਤਾ ਦੀ ਰਾਖੀ ਲਈ ਆਪਣੀ ਡਿਊਟੀ ਨਿਭਾਉਂਦਿਆਂ ਸ਼ਹੀਦ ਹੋਇਆ। ਮਾਨ ਨੇ ਕਿਹਾ ਕਿ ਇਹ ਦੇਸ਼ ਲਈ ਖਾਸ ਤੌਰ 'ਤੇ ਪਰਵਾਰ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਹੈ। ਮੁੱਖ ਮੰਤਰੀ ਨੇ ਸ਼ਹੀਦ ਪਰਦੀਪ ਸਿੰਘ ਦੇ ਪਰਵਾਰ ਨਾਲ ਹਮਦਰਦੀ ਜ਼ਾਹਰ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਸਰਕਾਰ ਪੀੜਤ ਪਰਵਾਰ ਨਾਲ ਖੜ੍ਹੀ ਹੈ। ਉਨ੍ਹਾ ਕਿਹਾ ਕਿ ਸ਼ਹੀਦ ਪਰਦੀਪ ਸਿੰਘ ਨੇ ਦੇਸ਼ ਦੀ ਅਖੰਡਤਾ ਦੀ ਰਾਖੀ ਲਈ ਬਹਾਦਰੀ ਨਾਲ ਆਪਣੀ ਡਿਊਟੀ ਨਿਭਾਈ ਅਤੇ ਪੰਜਾਬ ਦੀ ਸ਼ਾਨਾਮੱਤੀ ਰਵਾਇਤ ਨੂੰ ਕਾਇਮ ਰੱਖਿਆ। ਉਹਨਾ ਕਿਹਾ ਕਿ ਸ਼ਹੀਦ ਪਰਦੀਪ ਸਿੰਘ ਦਾ ਬਲੀਦਾਨ ਉਸ ਦੇ ਸਾਥੀ ਸੈਨਿਕਾਂ ਅਤੇ ਹੋਰ ਨੌਜਵਾਨਾਂ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਸਮਰਪਣ ਨਾਲ ਨਿਭਾਉਣ ਲਈ ਪ੍ਰੇਰਿਤ ਕਰੇਗਾ।

## ਵਾਤਾਵਰਣ ਨੂੰ ਬਚਾਉਣ ਲਈ ਸਭ ਨੂੰ ਰਲ ਕੇ ਹੰਭਲਾ ਮਾਰਨ ਦੀ ਲੋੜ : ਜੌੜਾਮਾਜਰਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਇਲਾਕੇ ਦੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਦੀ ਸਹੁੰ ਚੁਕਾਈ। ਇਸ ਮੌਕੇ ਐਮ.ਐਲ.ਏ. ਸ਼ੁਤਰਾਣਾ ਕੁਲਵੰਤ ਸਿੰਘ ਤੇ ਐਸ ਡੀ ਐਮ ਸਮਾਣਾ ਚਰਨਜੀਤ ਸਿੰਘ ਵੀ ਮੌਜੂਦ ਸਨ। ਚੇਤਨ ਸਿੰਘ ਜੌੜਾਮਾਜਰਾ ਨੇ ਹੋਰਨਾਂ ਕਿਸਾਨਾਂ ਨਾਲ ਪਰਾਲੀ ਨੂੰ ਅੱਗ ਨਾ ਲਾਉਣ ਦਾ ਅਹਿਦ ਲੈਂਦਿਆਂ ਕਿਹਾ ਕਿ ਵਾਤਾਵਰਣ ਬਚਾਉਣ ਲਈ ਹੁਣ ਸਾਰਿਆਂ ਨੂੰ ਰਲ ਕੇ ਹੰਭਲਾ ਮਾਰਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਖੇਤਾਂ ਵਿਚ ਅੱਗ ਲਾਉਣ ਨਾਲ ਅਸੀਂ ਆਪਣੇ ਖਰਚਿਆਂ ਵਿੱਚ ਵਾਧਾ ਕਰਦੇ ਹਾਂ, ਕਿਉਂਕਿ ਕੁਝ ਪੈਸੇ ਬਚਾਉਣ ਦੇ ਚੱਕਰ ਵਿੱਚ ਅਸੀਂ ਵਾਤਾਵਰਣ ਗੰਧਲਾ ਕਰਕੇ ਬਿਮਾਰੀ ਨੂੰ ਸੱਦਾ ਦਿੰਦੇ ਹਾਂ ਤੇ ਫੇਰ ਪੈਸਾ ਦਵਾਈ ਉਤੇ ਜ਼ਿਆਦਾ ਖਰਚ ਕਰ ਦਿੰਦੇ ਹਾਂ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੂੰ ਅਸਥਮਾ ਆਦਿ ਦੀਆਂ ਸਮੱਸਿਆਵਾਂ ਹਨ ਜਾਂ ਫੇਰ ਜਿਨ੍ਹਾਂ ਦੇ ਪਰਵਾਰਕ ਮੈਂਬਰ ਧੂੰਏਂ ਕਾਰਨ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ, ਉਨ੍ਹਾਂ ਪਰਵਾਰਾਂ ਨੂੰ ਪਰਾਲੀ ਨੂੰ ਅੱਗ ਲੱਗਣ ਦਾ ਨੁਕਸਾਨ ਸਾਰੀ ਜ਼ਿੰਦਗੀ ਭੁਗਤਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਇਸ ਪਰਾਲੀ ਦਾ ਸਹੀ ਤਰ੍ਹਾਂ ਪ੍ਰਬੰਧਨ ਕਰੀਏ ਤਾਂ ਇਹ ਖੇਤਾਂ ਨੂੰ ਨੁਕਸਾਨ ਕਰਨ ਦੀ ਥਾਂ ਖਾਦ ਦੇ ਰੂਪ ਵਿੱਚ ਖੇਤਾਂ ਨੂੰ ਉਪਜਾਊ ਬਣਾ ਸਕਦੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਰੱਖਿਅਤ ਭਵਿੱਖ ਲਈ ਸਾਨੂੰ ਸੁਚੇਤ ਹੋਣਾ ਜ਼ਰੂਰੀ ਹੈ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪਰਾਲੀ ਪ੍ਰਬੰਧਨ ਦੀਆਂ ਦੱਸੀਆਂ (ਈਨ ਸੀਟੂ ਤੇ ਐਕਸ ਸੀਟੂ) ਤਕਨੀਕਾਂ ਨੂੰ ਵਰਤ ਕੇ ਪਰਾਲੀ ਦਾ ਹੱਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹੁਣ ਤਾਂ ਪਰਾਲੀ ਦੀ ਵਰਤੋਂ ਬਾਲਣ ਦੇ ਰੂਪ ਵਿੱਚ ਇੰਡਸਟਰੀ ਵੱਲੋਂ ਵੀ ਕੀਤੀ ਜਾਂਦੀ ਹੈ ਤੇ ਉਹ ਪਰਾਲੀ ਨੂੰ ਖੇਤਾਂ ਵਿੱਚੋਂ ਆਪ ਹੀ ਇਕੱਠੀ ਕਰਾਉਂਦੇ ਹਨ। ਉਨ੍ਹਾਂ ਕਿਹਾ ਕਿ ਸਮਾਣਾ ਖੇਤਰ ਵਿੱਚ ਵੀ ਪਰਾਲੀ ਨੂੰ ਇਕੱਠਾ ਕਰਨ ਵਾਲੇ ਯੂਨਿਟ ਮੌਜੂਦ ਹਨ।

## ...ਸ.ਫ਼ਾ 1 ਦੇ ਬਾਕੀ

### ਕੈਨੇਡਾ-ਭਾਰਤ ...

ਕਿਹਾ—ਕੈਨੇਡੀਅਨ ਸੁਰੱਖਿਆ ਏਜੰਸੀਆਂ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਕਤਲ 'ਚ ਭਾਰਤ ਸਰਕਾਰ ਦੇ ਏਜੰਟ ਦੀ ਸ਼ਮੂਲੀਅਤ ਦੇ ਗੰਭੀਰ ਦੋਸ਼ਾਂ ਦੀ ਸਰਗਰਮੀ ਨਾਲ ਜਾਂਚ ਕਰ ਰਹੀਆਂ ਹਨ।

ਟਰੂਡੋ ਨੇ ਸੰਸਦ 'ਚ ਦੱਸਿਆ ਕਿ ਉਨ੍ਹਾ ਪਿਛਲੇ ਹਫਤੇ ਜੀ-20 ਸਿਖਰ ਸੰਮੇਲਨ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਹਮਣੇ ਇਸ ਹੱਤਿਆ ਦਾ ਮਾਮਲਾ ਉਠਾਇਆ ਸੀ। ਉਨ੍ਹਾ ਮੋਦੀ ਨੂੰ ਕਿਹਾ ਸੀ ਕਿ ਭਾਰਤ ਸਰਕਾਰ ਦੀ ਕੋਈ ਵੀ ਇਸ 'ਚ ਸ਼ਮੂਲੀਅਤ ਸਵੀਕਾਰਯੋਗ ਨਹੀਂ ਹੋਵੇਗੀ। ਉਨ੍ਹਾ ਜਾਂਚ 'ਚ ਸਹਿਯੋਗ ਮੰਗਿਆ ਸੀ। ਟਰੂਡੋ ਨੇ ਕਿਹਾ ਕਿ ਕੈਨੇਡਾ ਸਰਕਾਰ ਨੂੰ ਜੋ ਖੁਫੀਆ ਜਾਣਕਾਰੀ ਮਿਲੀ ਹੈ, ਉਸ ਦੇ ਅਧਾਰ 'ਤੇ ਉਹ ਇਹ ਦੋਸ਼ ਲਾ ਰਹੇ ਹਨ। ਉਥੇ ਹੀ ਕੈਨੇਡਾ ਦੇ ਵਿਦੇਸ਼ ਮੰਤਰੀ ਮੇਲਨੀ ਜਾਲੀ ਨੇ ਕਿਹਾ ਕਿ ਉਨ੍ਹਾ ਦੀ ਸਰਕਾਰ ਨੇ ਇੱਕ ਭਾਰਤੀ ਡਿਪਲੋਮੈਟ ਪਵਨ ਕੁਮਾਰ ਰਾਏ ਨੂੰ ਦੇਸ਼ 'ਚੋਂ ਕੱਢ ਦਿੱਤਾ ਹੈ।

ਕੈਨੇਡਾ ਵੱਲੋਂ ਲਾਏ ਗਏ ਸਾਰੇ ਦੋਸ਼ਾਂ ਨੂੰ ਖਾਰਜ ਕਰਦਿਆਂ ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ—ਕੈਨੇਡਾ ਦੇ ਸਾਰੇ ਦੋਸ਼ ਬੇਤੁਕੇ ਹਨ। ਇਸ ਤਰ੍ਹਾਂ ਦੇ ਦੋਸ਼ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਸਾਡੇ ਪ੍ਰਧਾਨ ਮੰਤਰੀ ਮੋਦੀ ਦੇ ਸਾਹਮਣੇ ਵੀ ਰੱਖੇ ਸਨ ਅਤੇ ਉਨ੍ਹਾ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਦੇ ਬੇਤੁਕੇ ਦੋਸ਼ ਖਾਲਿਸਤਾਨੀ ਅੱਤਵਾਦੀਆਂ ਅਤੇ ਵੱਖਵਾਦੀਆਂ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਹੈ। ਇਨ੍ਹਾਂ ਨੂੰ ਕੈਨੇਡਾ ਨੇ ਪਨਾਹ ਦਿੱਤੀ ਹੈ ਅਤੇ ਇਹ ਭਾਰਤ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਲਈ ਖ਼ਤਰਾ ਹਨ। ਭਾਰਤੀ ਵਿਦੇਸ਼ ਮੰਤਰਾਲੇ ਨੇ ਜਵਾਬੀ ਕਾਰਵਾਈ ਕਰਦਿਆਂ ਭਾਰਤ 'ਚ ਕੈਨੇਡਾ ਦੇ ਹਾਈ ਕਮਿਸ਼ਨਰ ਨੂੰ ਤਲਬ ਕੀਤਾ ਤੇ ਭਾਰਤ 'ਚ ਮੌਜੂਦ ਸੀਨੀਅਰ ਕੈਨੇਡੀਅਨ ਡਿਪਲੋਮੈਟ ਨੂੰ ਕੱਢਣ ਦੇ ਭਾਰਤ ਸਰਕਾਰ ਦੇ ਫੈਸਲੇ ਬਾਰੇ ਜਾਣੂ ਕਰਵਾਇਆ।

### ਪੰਜਾਬ ਬੈਂਕ ਮੁਲਾਜ਼ਮ ..

ਸਕੱਤਰ ਐੱਨ ਕੇ ਖੰਨਾ, ਪੰਜਾਬ ਐਂਡ ਸਿੰਧ ਬੈਂਕ ਦੇ ਜਨਰਲ ਸਕੱਤਰ ਐੱਸ ਪੀ ਐੱਸ ਵਿਰਕ, ਖ਼ਜ਼ਾਨਚੀ ਜਗਪ੍ਰੀਤ ਸਿੰਘ, ਯੂਨੀਅਨ ਬੈਂਕ ਆਫ਼ ਇੰਡੀਆ ਦੇ ਜਨਰਲ ਸਕੱਤਰ ਆਰ ਕੇ ਜੌਲੀ ਨੇ ਦਫ਼ਤਰ ਪੁੱਜ ਕੇ ਸਹਾਇਤਾ ਦਿੱਤੀ ਤਾਂ ਦੇਸ਼ ਭਗਤ ਯਾਦਗਾਰ ਕਮੇਟੀ ਨੇ ਉਹਨਾਂ ਦਾ ਹਾਰਦਿਕ ਧੰਨਵਾਦ ਕੀਤਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸਾਬਕਾ ਵਿੱਤ ਸਕੱਤਰ ਅਤੇ ਟਰੱਸਟੀ ਰਣਜੀਤ ਸਿੰਘ ਔਲਖ ਅਤੇ ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ ਨੇ ਬੈਂਕ ਮੁਲਾਜ਼ਮ ਫੈਡਰੇਸ਼ਨ ਦੇ ਸਭਨਾਂ ਸਾਥੀਆਂ ਨੂੰ ਕਮੇਟੀ ਦੀਆਂ ਪ੍ਰਕਾਸ਼ਤ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਤ ਕੀਤਾ।

### ਵਪਾਰ 'ਤੇ ਮਾਰੂ ...

ਭੇਜਦਾ ਹੈ। ਕੈਨੇਡਾ ਭਾਰਤ ਵਿਚ ਨਿਵੇਸ਼ ਕਰਨ ਵਾਲਾ 17ਵਾਂ ਸਭ ਤੋਂ ਵੱਡਾ ਨਿਵੇਸ਼ਕ ਹੈ। ਉਸ ਨੇ ਭਾਰਤੀ ਸਟਾਕ ਮਾਰਕਿਟ 'ਤੇ ਕਰਜ਼ਾ ਮਾਰਕਿਟ ਵਿਚ 2000 ਤੋਂ 3 ਅਰਬ 60 ਕਰੋੜ ਡਾਲਰ ਨਿਵੇਸ਼ ਕੀਤੇ ਹਨ। ਕੈਨੇਡਾ ਦੇ ਪੈਨਸ਼ਨ ਫੰਡ ਨੇ ਭਾਰਤ ਦੇ ਰਿਅਲ ਅਸਟੇਟ, ਨਵਿਆਉਣਯੋਗ ਊਰਜਾ ਤੇ ਮਾਲੀ ਸੈਕਟਰ ਵਿਚ ਨਿਵੇਸ਼ ਲਗਭਗ 15 ਅਰਬ ਡਾਲਰ ਤੱਕ ਵਧਾਇਆ ਹੈ।

ਬੰਬਾਰਡੀਅਰ ਤੇ ਐੱਸ ਐੱਨ ਸੀ ਲੈਵਾਲਿਨ ਸਮੇਤ 600 ਤੋਂ ਵੱਧ ਕੈਨੇਡੀਅਨ ਕੰਪਨੀਆਂ ਦੀ ਭਾਰਤ ਵਿਚ ਤਕੜੀ ਮੌਜੂਦਗੀ ਹੈ, ਜਦਕਿ ਟੀ ਸੀ ਐੱਸ, ਇੰਫੋਸੈੱਸ ਤੇ ਵਿਪਰੋ ਵਰਗੀਆਂ 30 ਤੋਂ ਵੱਧ ਇੰਫੋਟੈੱਕ ਕੰਪਨੀਆਂ ਨੇ ਕੈਨੇਡਾ ਵਿਚ ਅਰਬਾਂ ਡਾਲਰ ਲਾਏ ਹੋਏ ਹਨ ਤੇ ਹਜ਼ਾਰਾਂ ਨੌਕਰੀਆਂ ਪੈਦਾ ਕੀਤੀਆਂ ਹਨ। 2022 ਵਿਚ ਭਾਰਤੀ ਵਿਦਿਆਰਥੀਆਂ ਦੀ ਕੈਨੇਡਾ ਵਿਚ ਗਿਣਤੀ 3 ਲੱਖ 20 ਹਜ਼ਾਰ ਹੋ ਗਈ ਸੀ, ਜੋ ਕਿ ਕੁਲ ਵਿਦੇਸ਼ੀ ਵਿਦਿਆਰਥੀਆਂ ਦਾ ਲਗਭਗ 40 ਫੀਸਦੀ ਬਣਦਾ ਹੈ। ਕਈ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਸੰਬੰਧਾਂ ਵਿਚ ਵਿਗਾੜ ਹਜ਼ਾਰਾਂ ਸਿੱਖ ਪਰਵਾਰਾਂ ਦੇ ਆਰਥਕ ਹਿੱਤਾਂ ਨੂੰ ਪ੍ਰਭਾਵਤ ਕਰ ਸਕਦਾ ਹੈ। ਪੰਜਾਬ ਦੇ ਲੋਕਾਂ ਦੇ ਰਿਸ਼ਤੇਦਾਰ ਕੈਨੇਡਾ ਵਿਚ ਕਾਫੀ ਹਨ, ਜਿਹੜੇ ਉੱਥੋਂ ਕਾਫੀ ਪੈਸੇ ਭੇਜਦੇ ਹਨ।

### ਬਿੱਲ ਦੀ ਯਾਤਰਾ

ਸਮਰਥਨ ਨਹੀਂ ਮਿਲਿਆ ਅਤੇ ਇਹ ਫਿਰ ਤੋਂ ਫੇਲ੍ਹ ਹੋ ਗਿਆ। ਬਾਅਦ 'ਚ ਇਸ ਨੂੰ 1999, 2002 ਅਤੇ 2003 'ਚ ਵਾਜਪਾਈ ਸਰਕਾਰ ਦੇ ਤਹਿਤ ਫਿਰ ਤੋਂ ਪੇਸ਼ ਕੀਤਾ ਗਿਆ, ਪਰ ਕੋਈ ਸਫ਼ਲਤਾ ਨਹੀਂ ਮਿਲੀ। ਇਸ ਦੇ ਪੰਜ ਸਾਲ ਬਾਅਦ ਡਬਲਯੂ ਆਰ ਬੀ ਬਿੱਲ ਨੇ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ ਪੀ ਏ ਸਰਕਾਰ-1 ਦੌਰਾਨ ਫਿਰ ਤੋਂ ਕੁਝ ਜ਼ੋਰ ਫੜਿਆ। 2004 'ਚ ਸਰਕਾਰ ਨੇ ਇਸ ਨੂੰ ਆਪਣੇ ਘੱਟੋ-ਘੱਟ ਸਾਂਝਾ ਪ੍ਰੋਗਰਾਮ 'ਚ ਸ਼ਾਮਲ ਕੀਤਾ ਅਤੇ ਅੰਤ ਇਸ ਨੂੰ ਫਿਰ ਤੋਂ ਖ਼ਤਮ ਹੋਣ ਤੋਂ ਬਚਾਉਣ ਲਈ 6 ਮਈ 2008 'ਚ ਰਾਜ ਸਭਾ 'ਚ ਪੇਸ਼ ਕੀਤਾ।

1996 ਦੀ ਗੀਤਾ ਮੁਖਰਜੀ ਕਮੇਟੀ ਵੱਲੋਂ ਕੀਤੀਆਂ ਗਈਆਂ ਸੱਤ ਸਿਫਾਰਿਸ਼ਾਂ 'ਚੋਂ ਪੰਜ ਨੂੰ ਬਿੱਲ ਦੇ ਇਸ ਸੰਸਕਰਨ 'ਚ ਸ਼ਾਮਲ ਕੀਤਾ ਗਿਆ। ਇਹ ਕਾਨੂੰਨ 9 ਮਈ 2008 ਨੂੰ ਸਥਾਈ ਕਮੇਟੀ ਨੂੰ ਭੇਜਿਆ ਗਿਆ। ਸਥਾਈ ਕਮੇਟੀ ਨੇ 17 ਦਸੰਬਰ 2009 ਨੂੰ ਆਪਣੀ ਰਿਪੋਰਟ ਪੇਸ਼ ਕੀਤੀ। ਇਸ ਨੂੰ ਫਰਵਰੀ 2010 'ਚ ਕੇਂਦਰੀ ਮੰਤਰੀ ਮੰਡਲ ਤੋਂ ਮਨਜ਼ੂਰੀ ਮਿਲ ਗਈ ਤੇ ਬਿੱਲ ਅੰਤ ਰਾਜ ਸਭਾ 'ਚ ਪਾਸ ਹੋ ਗਿਆ। ਜਾਣਕਾਰੀ ਅਨੁਸਾਰ ਬਿੱਲ ਨੂੰ ਲੋਕ ਸਭਾ 'ਚ ਕਦੀ ਵਿਚਾਰ ਲਈ ਨਹੀਂ ਲਿਆਂਦਾ ਗਿਆ ਅਤੇ 2014 'ਚ ਲੋਕ ਸਭਾ ਦੇ ਵਿਘਟਨ ਦੇ ਨਾਲ ਖ਼ਤਮ ਹੋ ਗਿਆ। ਹਾਲਾਂਕਿ ਹੁਣ ਮੋਦੀ ਸਰਕਾਰ 'ਚ ਇੱਕ ਵਾਰ ਫਿਰ ਇਸ ਬਿੱਲ ਦਾ ਮੁੱਦਾ ਉਠਿਆ ਹੈ।

ਸੰਵਿਧਾਨ ਦੇ 108ਵਾਂ ਸੋਧ ਬਿੱਲ 2008 ਸੂਬਾ ਵਿਧਾਨ ਸਭਾਵਾਂ ਅਤੇ ਸੰਸਦ 'ਚ ਔਰਤਾਂ ਲਈ ਸੀਟਾਂ ਦੀ ਕੁੱਲ ਗਿਣਤੀ ਦਾ ਇੱਕ ਤਿਹਾਈ (33 ਫੀਸਦੀ) ਰਾਖਵਾਂਕਰਨ ਦਾ ਪ੍ਰਬੰਧ ਕਰਦਾ ਹੈ। ਬਿੱਲ 'ਚ 33 ਫੀਸਦੀ ਕੋਟੇ 'ਚ ਐੱਸ ਸੀ, ਐੱਸ ਟੀ ਅਤੇ ਐਂਗਲੋ-ਇੰਡੀਅਨ ਲਈ ਉਪ ਰਾਖਵਾਂਕਰਨ ਦਾ ਪ੍ਰਸਤਾਵ ਹੈ। ਰਾਖਵੀਆਂ ਸੀਟਾਂ ਸੂਬੇ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਦੇ ਵੱਖ-ਵੱਖ ਚੋਣ ਖੇਤਰਾਂ 'ਚ ਰੋਟੇਸ਼ਨ ਦੁਆਰਾ ਵੰਡੀਆਂ ਜਾ ਸਕਦੀਆਂ ਹਨ। ਬਿੱਲ 'ਚ ਕਿਹਾ ਗਿਆ ਹੈ ਕਿ ਸੋਧ ਨਿਯਮ ਸ਼ੁਰੂ ਹੋਣ ਦੇ 15 ਸਾਲ ਬਾਅਦ ਔਰਤਾਂ ਲਈ ਸੀਟਾਂ ਦਾ ਰਾਖਵਾਂਕਰਨ ਖ਼ਤਮ ਹੋ ਜਾਵੇਗਾ।

### ਗਰੀਬ ਜੇਲ੍ਹ 'ਚ ਰਹਿ...

'ਤੇ ਸਾਡੀ ਜ਼ਿੰਮੇਵਾਰੀ ਇਹ ਨਿਸਚਿਤ ਕਰਨਾ ਹੈ ਕਿ ਕਾਨੂੰਨ ਦਾ ਪਾਲਣ ਅਤੇ ਉਨ੍ਹਾਂ ਦੇ ਨਾਲ ਇਸ ਅਧਾਰ 'ਤੇ ਭੇਦਭਾਵ ਨਾ ਹੋਵੇ ਕਿ ਕਿਸ ਪੱਧਰ ਦੇ ਵਕੀਲ ਦੀ ਸਹਾਇਤਾ ਲੈ ਰਹੇ ਹਨ।' ਇਸ ਅਭਿਆਨ ਦੇ ਤਹਿਤ ਉਨ੍ਹਾਂ ਕੈਦੀਆਂ ਦੀ ਪਛਾਣ ਅਤੇ ਸਮੀਖਿਆ ਕਰਨਾ ਹੈ, ਜਿਨ੍ਹਾਂ ਦੀ ਰਿਹਾਈ 'ਤੇ ਵਿਚਾਰ ਕੀਤਾ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਵਿਚਾਰ-ਅਧੀਨ ਕੈਦੀਆਂ ਨੂੰ ਲੰਮੇ ਸਮੇਂ ਤੱਕ ਜੇਲ੍ਹ 'ਚ ਰੱਖੇ ਜਾਣ ਦੀ ਗੱਲ ਡਰਾਉਣ ਵਾਲੀ ਹੈ। ਉਨ੍ਹਾ ਕਿਹਾ ਕਿ ਇਸ ਨੂੰ ਲੈ ਕੇ ਕੋਈ ਵੀ ਆਪਣੀਆਂ ਅੱਖਾਂ ਬੰਦ ਨਹੀਂ ਕਰ ਸਕਦਾ। ਜਸਟਿਸ ਕੌਲ ਨੇ ਕਿਹਾ ਕਿ ਗਰੀਬ ਕੈਦੀਆਂ ਨੂੰ ਲਗਾਤਾਰ ਹਿਰਾਸਤ 'ਚ ਰੱਖੇ ਜਾਣ ਦਾ ਅਸਰ ਉਨ੍ਹਾਂ ਅਤੇ ਉਨ੍ਹਾਂ ਦੇ ਪਰਵਾਰ 'ਤੇ ਪੈਂਦਾ ਹੈ।

### ਕੋਕਰਨਾਗ ਮੁਕਾਬਲੇ ...

ਵੀ ਬਰਾਮਦ ਕਰ ਲਏ ਗਏ। ਉਜ਼ੈਰ ਦੇ ਨਾਲ ਇੱਕ ਹੋਰ ਅੱਤਵਾਦੀ ਦੀ ਲਾਸ਼ ਬਰਾਮਦ ਕੀਤੀ ਗਈ।' ਡੀ ਜੀ ਪੀ ਨੇ ਕਿਹਾ ਅਨੰਤਨਾਗ ਜ਼ਿਲ੍ਹੇ ਦੇ ਗਾਰੋਲ ਜੰਗਲਾਂ 'ਚ ਹਫ਼ਤਾ ਭਰ ਚੱਲਣ ਵਾਲਾ ਸੰਯੁਕਤ ਅੱਤਵਾਦ ਵਿਰੋਧੀ ਅਭਿਆਨ ਖ਼ਤਮ ਹੋ ਗਿਆ, ਪਰ ਤਲਾਸ਼ੀ ਅਭਿਆਨ ਜਾਰੀ ਰਹੇਗਾ, ਕਿਉਂਕਿ ਬਹੁਤ ਸਾਰੇ ਖੇਤਰ ਨੂ ਕਵਰ ਕੀਤਾ ਜਾਣਾ ਹੈ। ਜਿੱਥੇ ਹਥਿਆਰ ਪਏ ਹਨ, ਉਨ੍ਹਾ ਨੂੰ ਨਸ਼ਟ ਕੀਤਾ ਜਾਣਾ ਹੈ। ਪੁਲਸ ਅਧਿਕਾਰਆਂ ਨੇ ਲੋਕਾਂ ਨੂੰ ਇਲਾਕੇ 'ਚ ਨਾ ਜਾਣ ਦੀ ਸਲਾਹ ਦਿੱਤੀ, ਕਿਉਂਕਿ ਉਥੇ ਜ਼ਿੰਦਾ ਗ੍ਰਨੇਡ ਅਤੇ ਗੋਲੇ ਹੋ ਸਕਦੇ ਹਨ। ਸੁਰੱਖਿਆਬ ਬਲਾ ਨੇ ਕੋਕਰਨਾਗ 'ਚ ਅੱਤਵਾਦੀਆਂ ਖਿਲਾਫ਼ ਇਹ ਅਪ੍ਰੇਸ਼ਨ 12 ਸਤੰਬਰ ਨੂੰ ਸ਼ੁਰੂ ਕੀਤਾ ਸੀ, ਜਿਸ ਦੇ ਅਗਲੇ ਦਿਨ ਮੁਕਾਬਲੇ 'ਚ ਫੌਜ ਦੇ ਕਰਨਲ ਮਨਪ੍ਰੀਤ ਸਿੰਘ, ਮੇਜਰ ਅਸ਼ੀਸ਼ ਧੌਂਚਕ ਅਤੇ ਜੰਮੂ-ਕਸ਼ਮੀਰ ਪੁਲਸ ਦੇ ਡੀ ਐੱਸ ਪੀ ਹਿਮਾਂਯੂ ਭੱਟ ਸ਼ਹੀਦ ਹੋ ਗਏ ਸਨ।

### ਬੱਸ ਨਹਿਰ 'ਚ ਡਿੱਗੀ...

ਘਟਨਾ ਦਾ ਪਤਾ ਲੱਗਣ 'ਤੇ ਵੱਡੀ ਗਿਣਤੀ ਵਿੱਚ ਲੋਕ ਉੱਥੇ ਪੁੱਜ ਗਏ। ਘਟਨਾ ਦੀ ਸੂਚਨਾ ਮਿਲਦਿਆਂ ਹੀ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਸ੍ਰੀ ਮੁਕਤਸਰ ਸਾਹਿਬ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ, ਐੱਸ ਐੱਸ ਪੀ ਹਰਮਨਬੀਰ ਸਿੰਘ ਗਿੱਲ ਸਮੇਤ ਪ੍ਰਸ਼ਾਸਨਿਕ ਅਧਿਕਾਰੀ ਮੌਕੇ 'ਤੇ ਪੁੱਜ ਗਏ। ਪ੍ਰਸ਼ਾਸਨਿਕ ਅਮਲਾ ਸਵਾਰੀਆਂ ਨੂੰ ਬੱਸ ਵਿਚੋਂ ਬਾਹਰ ਕੱਢਣ ਵਿੱਚ ਜੁਟ ਗਿਆ। ਐੱਸ ਐੱਸ ਪੀ ਗਿੱਲ ਨੇ ਦੱਸਿਆ ਕਿ ਬੱਸ 'ਚੋਂ 40 ਲੋਕਾਂ ਨੂੰ ਕੱਢਿਆ ਗਿਆ ਹੈ, ਜਦਕਿ 5 ਲੋਕਾਂ ਦੀ ਮੌਤ ਹੋ ਗਈ ਹੈ, ਜਿਨ੍ਹਾਂ 'ਚ ਤਿੰਨ ਪੁਰਸ਼ ਅਤੇ ਦੋ ਔਰਤਾਂ ਹਨ। ਉਨ੍ਹਾ ਦੱਸਿਆ ਕਿ ਜੋ ਲੋਕ ਬੱਸ ਦੇ ਅਗਲੇ ਹਿੱਸੇ ਪਾਣੀ 'ਚ ਸਨ, ਉਨ੍ਹਾਂ ਨੂੰ ਵੀ ਬੱਸ ਨੂੰ ਉਪਰ ਵੱਲ ਕਰਕੇ ਬਚਾਇਆ ਗਿਆ ਹੈ, ਜਿਨ੍ਹਾਂ 'ਚੋਂ ਕੁਝ ਦੇ ਸੱਟਾਂ ਹਨ। ਪਾਣੀ 'ਚ ਰੁੜ੍ਹ ਗਏ ਲੋਕਾਂ ਸੰਬੰਧੀ ਉਨ੍ਹਾ ਕਿਹਾ ਕਿ ਅਜੇ ਇਸ ਬਾਰੇ ਸਥਿਤੀ ਸਪੱਸ਼ਟ ਨਹੀ। ਨਹਿਰ ਦੇ ਅੱਗੇ ਜਾਲ ਲਗਾ ਦਿੱਤਾ ਗਿਆ ਹੈ ਤੇ ਨਹਿਰੀ ਵਿਭਾਗ ਨੂੰ ਇਸ ਬਾਰੇ ਸੂਚਨਾ ਦਿੱਤੀ ਗਈ ਹੈ ਕਿ ਅਗਲੇ ਗੇਟਾਂ 'ਤੇ ਚੌਕਸੀ ਰੱਖੀ ਜਾਵੇ, ਤਾਂ ਜੋ ਜੇਕਰ ਕੋਈ ਵਿਅਕਤੀ ਪਾਣੀ 'ਚ ਰੁੜ੍ਹਿਆ ਹੋਇਆ ਹੈ ਤਾਂ ਉਸ ਦਾ ਪਤਾ ਲੱਗ ਸਕੇ। ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਮ੍ਰਿਤਕਾਂ ਦੇ ਪਰਵਾਰਾਂ ਨਾਲ ਪ੍ਰਗਟਾਉਂਦਿਆਂ ਕਿਹਾ ਕਿ ਇਹ ਬੇਹੱਦ ਦੁਖਦਾਈ ਘਟਨਾ ਹੈ।

### ਕੈਨੇਡਾ 'ਚ ਸਾਢੇ 9...

ਪੰਜਾਬ ਦੇ ਸਨ। ਇਨ੍ਹਾਂ 'ਚੋਂ 8 ਸੀਟਾਂ ਇਸ ਤਰ੍ਹਾਂ ਦੀਆਂ ਸਨ, ਜਿਨ੍ਹਾਂ 'ਤੇ ਪੰਜਾਬੀ ਹੀ ਪੰਜਾਬੀ ਦੇ ਸਾਹਮਣੇ ਉਮੀਦਵਾਰ ਸੀ। ਇਨ੍ਹਾਂ 8 'ਚੋਂ 5 ਸੀਟਾਂ 'ਤੇ ਦੋ ਪੰਜਾਬੀ ਅਤੇ 3 ਸੀਟਾਂ 'ਤੇ ਤਿੰਨ-ਤਿੰਨ ਪੰਜਾਬੀ ਇੱਕ-ਦੂਜੇ ਖਿਲਾਫ਼ ਲੜੇ। ਕੈਨੇਡਾ 'ਚ ਪੰਜਾਬੀਆਂ ਨੇ ਸਭ ਤੋਂ ਵੱਧ ਸੀਟਾਂ ਓਂਟਾਰੀਓ 'ਚ ਹਾਸਲ ਕੀਤੀਆਂ। ਇੱਥੇ 8 ਸਾਂਸਦ ਪੰਜਾਬੀ ਹਨ, ਜਦਕਿ ਇਨ੍ਹਾਂ ਨੇ ਬ੍ਰਿਟਿਸ਼ ਕੋਲੰਬੀਆ 'ਚ 4, ਅਲਬਰਟਾ 'ਚ 3 ਅਤੇ ਕਿਊਬਿਕ 'ਚ ਇੱਕ ਸੀਟ 'ਤੇ ਕਬਜ਼ਾ ਕੀਤਾ।

### ਸਰਕਾਰਾਂ ਸੰਜੀਦਾ...

ਰਹਿੰਦੇ ਸਿੱਖਾਂ ਨੂੰ ਆਪਣੀ ਜਨਮ ਭੂਮੀ ਅਤੇ ਗੁਰੂਆਂ ਦੇ ਪਾਵਨ ਅਸਥਾਨ 'ਤੇ ਆ ਕੇ ਨਤਮਸਤਕ ਹੋਣ ਤੋਂ ਵੀ ਵਾਂਝੇ ਰੱਖਿਆ ਗਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕੈਨੇਡਾ 'ਚ ਸਿੱਖ ਨੌਜੁਆਨ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ 'ਚ ਉਥੋਂ ਦੀ ਸਰਕਾਰ ਵੱਲੋਂ ਭਾਰਤ ਦੇ ਇਕ ਵੱਡੇ ਕੂਟਨੀਤਕ ਅਧਿਕਾਰੀ 'ਤੇ ਲੱਗੇ ਦੋਸ਼ਾਂ ਮਗਰੋਂ ਉਸ ਨੂੰ ਦੇਸ਼ 'ਚੋਂ ਹਟਾਉਣਾ ਕਈ ਸਵਾਲ ਪੈਦਾ ਕਰਦਾ ਹੈ। ਇਸ ਦੇ ਪ੍ਰਤੀਕਰਮ ਵਜੋਂ ਭਾਵੇਂ ਭਾਰਤ ਵੱਲੋਂ ਦੋਸ਼ਾਂ ਦਾ ਖੰਡਨ ਕਰਦਿਆਂ ਕੈਨੇਡਾ ਦੇ ਕੂਟਨੀਤਕ ਅਧਿਕਾਰੀ ਨੂੰ ਵੀ ਹਟਾ ਦਿੱਤਾ ਗਿਆ ਹੈ, ਪਰ ਇਹ ਮਾਮਲਾ ਬੇਹੱਦ ਸੰਜੀਦਾ ਅਤੇ ਸਿੱਧੇ ਤੌਰ 'ਤੇ ਸਿੱਖਾਂ ਨਾਲ ਜੁੜਿਆ ਹੋਣ ਕਰਕੇ ਗਲੋਬਲ ਪੱਧਰ 'ਤੇ ਸਿੱਖਾਂ ਨੂੰ ਪ੍ਰਭਾਵਤ ਕਰਨ ਵਾਲਾ ਹੈ। ਦੇਸ਼ ਦੀ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਦੇਸ਼-ਵਿਦੇਸ਼ ਦੇ ਸਿੱਖਾਂ ਨਾਲ ਸੰਬੰਧਤ ਅਜਿਹੇ ਮਾਮਲਿਆਂ ਸੰਬੰਧੀ ਇਕ ਸੁਹਿਰਦ ਪਹੁੰਚ ਅਪਣਾਵੇ ਅਤੇ ਸਿੱਖਾਂ ਅੰਦਰ ਬੇਵਿਸ਼ਵਾਸੀ ਵਾਲਾ ਮਾਹੌਲ ਨਾ ਬਣਨ ਦੇਵੇ।

ਐਡਵੋਕੇਟ ਧਾਮੀ ਨੇ ਭਾਰਤ ਅੰਦਰ ਸਿੱਖਾਂ ਦੇ ਮਸਲਿਆਂ ਦੇ ਸਰਲੀਕਰਨ ਦੇ ਨਾਲ-ਨਾਲ ਵਿਦੇਸ਼ਾਂ ਵਿਚ ਰਹਿ ਰਹੇ ਸਿੱਖ ਭਾਈਚਾਰੇ ਦੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝ ਕੇ ਇਕ ਢੁਕਵੇਂ ਅਤੇ ਸਾਰਥਕ ਹੱਲ ਵੱਲ ਵਧਣ ਦੀ ਭਾਰਤ ਸਰਕਾਰ ਨੂੰ ਅਪੀਲ ਕੀਤੀ। ਉਨ੍ਹਾ ਕਿਹਾ ਕਿ ਅੱਜ ਪੂਰੀ ਦੁਨੀਆ ਵਿਚ ਸਿੱਖਾਂ ਦੀ ਹੋਂਦ ਨੂੰ ਵੇਖਦਿਆਂ ਕੈਨੇਡਾ ਅਤੇ ਭਾਰਤ ਦੋਹਾਂ ਦੇਸ਼ਾਂ ਨੂੰ ਸਿਰ ਜੋੜਨ ਦੀ ਲੋੜ ਹੈ, ਤਾਂ ਜੋ ਦੋਸ਼ ਪ੍ਰਤੀ ਦੋਸ਼ ਦੀ ਸਥਿਤੀ ਵਿਚ ਅਸਲੀਅਤ ਸਾਹਮਣੇ ਆ ਸਕੇ ਅਤੇ ਦੋਹਾਂ ਦੇਸ਼ਾਂ ਦੇ ਰਿਸ਼ਤੇ ਵੀ ਠੀਕ ਬਣੇ ਰਹਿਣ।

### ਅਸਾਸੇ ਘਟ ਗਏ...

ਗਈਆਂ। ਇਕ ਸਾਲ ਪਹਿਲਾਂ ਸਿਰਫ 3.8 ਫੀਸਦੀ ਸਨ। ਲੋਕ ਜ਼ਮੀਨ, ਮਕਾਨ, ਦੁਕਾਨ ਤੇ ਹੋਰ ਘਰੇਲੂ ਚੀਜ਼ਾਂ ਲਈ ਜ਼ਿਆਦਾ ਕਰਜ਼ਾ ਲੈ ਰਹੇ ਹਨ। ਆਜ਼ਾਦੀ ਦੇ ਬਾਅਦ ਇਹ ਦੂਜਾ ਮੌਕਾ ਹੈ, ਜਦ ਲੋਕਾਂ ਦੀਆਂ ਮਾਲੀ ਦੇਣਦਾਰੀਆਂ ਏਨੀ ਤੇਜ਼ੀ ਨਾਲ ਵਧੀਆਂ ਹਨ। ਇਸ ਤੋਂ ਪਹਿਲਾਂ 2006-07 ਵਿਚ ਇਹ ਦਰ 6.7 ਫੀਸਦੀ ਸੀ।

ਘਰੇਲੂ ਅਸਾਸੇ ਤੇਜ਼ੀ ਨਾਲ ਘਟੇ ਹਨ। 2020-21 ਵਿਚ ਸ਼ੁੱਧ ਘਰੇਲੂ ਸੰਪਤੀ 22.8 ਲੱਖ ਕਰੋੜ ਦੀ ਸੀ, ਜੋ 2021-22 ਵਿਚ 16.96 ਲੱਖ ਕਰੋੜ ਤੱਕ ਡਿੱਗ ਗਈ। 2022-23 ਵਿਚ ਤਾਂ ਇਹ 13.76 ਲੱਖ ਕਰੋੜ 'ਤੇ ਆ ਗਈ। ਬਚਤ ਘਟਣ ਤੇ ਕਰਜ਼ ਵਧਣ ਪਿੱਛੇ ਮਹਿੰਗਾਈ ਦਾ ਵੱਡਾ ਹੱਥ ਹੈ।

## ਅੱਜ ਦੁਨੀਆ 'ਚ ਸਾਡੀ ਕੋਈ ਇੱਜ਼ਤ ਨਹੀਂ : ਨਵਾਜ਼ ਸ਼ਰੀਫ਼

**ਇਸਲਾਮਾਬਾਦ** : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਕਿਹਾ ਕਿ ਅੱਜ ਦੇਸ਼ 'ਚ ਗਰੀਬ ਲੋਕ ਰੋਟੀ ਲਈ ਤਰਸ ਰਹੇ ਹਨ। ਉਨ੍ਹਾ ਕਿਹਾ—ਪਾਕਿਸਤਾਨ ਅੱਜ ਚੀਨ, ਅਰਬ ਦੇਸ਼ਾਂ ਸਮੇਤ ਦੁਨੀਆ ਭਰ ਤੋਂ ਮੰਗ ਰਿਹਾ ਹੈ। ਇਸ 'ਚ ਸਾਡੀ ਦੂਜਿਆਂ ਸਾਹਮਣੇ ਕੀ ਇੱਜ਼ਤ ਰਹਿ ਗਈ। ਅਸੀਂ ਕੰਗਾਲ ਹੋਣ ਦੀ ਕਗਾਰ 'ਤੇ ਹਾਂ। ਕੌਣ ਹੈ, ਜੋ ਦੇਸ਼ ਨੂੰ ਇਸ ਹਾਲ 'ਚ ਲੈ ਕੇ ਆਇਆ। 2017 'ਚ ਪਾਕਿਸਤਾਨ 'ਚ ਇਹ ਨਜ਼ਰਾ ਨਹੀਂ ਸੀ। ਉਦੋਂ ਆਟਾ, ਘਿਓ, ਖੰਡ ਸਾਰੀਆਂ ਚੀਜ਼ਾਂ ਸਸਤੀਆਂ ਮਿਲਦੀਆਂ ਸਨ। ਬਿਜਲੀ ਦੇ ਬਿੱਲ ਲੋਕਾਂ ਦੀ ਜੇਬ ਮੁਤਾਬਕ ਆਉਂਦੇ ਸਨ। ਅੱਜ ਲੋਕਾਂ ਦੇ 30 ਹਜ਼ਾਰ ਤੱਕ ਵੀ ਬਿਜਲੀ ਦੇ ਬਿੱਲ ਆਉਂਦੇ ਹਨ। ਇਸ 'ਚ ਉਨ੍ਹਾਂ ਕੋਲ ਬੱਚਿਆਂ ਦਾ ਢਿੱਡ ਭਰਨ ਲਈ ਪੈਸੇ ਨਹੀਂ ਹਨ। ਉਨ੍ਹਾ ਕਿਹਾ ਕਿ ਮੇਰੀ ਹਕੂਮਤ 'ਚ ਦੇਸ਼ ਤਰੱਕੀ ਕਰ ਰਿਹਾ ਸੀ। ਇਸ ਦੇ ਬਾਵਜੂਦ ਮੈਨੂੰ ਕੋਰਟ ਨੇ 27 ਸਾਲ ਦੀ ਸਜ਼ਾ ਸੁਣਾਈ। ਸਾਲਾਂ ਤੱਕ ਮੈਨੂੰ ਦੇਸ਼ ਤੋਂ ਬਾਹਰ ਰਹਿਣਾ ਪਿਆ। ਇਸ ਸਭ ਕੁਝ ਦੇ ਪਿੱਛੇ ਜਨਰਲ ਬਾਜਵਾ ਅਤੇ ਜਨਰਲ ਫੈਜ ਦਾ ਹੱਥ ਸੀ। 1990 'ਚ ਭਾਰਤ ਨੇ ਸਾਨੂੰ ਦੇਖ ਕੇ ਇਕਾਮਨਮਿਕ ਰਿਫਾਰਮ ਆਰਡਰ ਲਾਗੂ ਕੀਤਾ। ਅੱਜ ਦੇਖੋ ਉਨ੍ਹਾ ਦਾ ਮੁਲਕ ਕਿੱਥੇ ਪਹੁੰਚ ਚੁੱਕਾ ਹੈ। ਜਦ ਵਾਜਪਾਈ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਸਨ, ਉਦੋਂ ਉਨ੍ਹਾਂ ਦੇਸ਼ ਕੋਲ 1 ਅਰਬ ਡਾਲਰ ਵੀ ਨਹੀਂ ਸੀ, ਅੱਜ ਉਨ੍ਹਾਂ ਕੋਲ 600 ਅਰਬ ਡਾਲਰ ਹਨ। ਪੀ ਐੱਮ ਐੱਲ-ਐੱਨ ਦੇ ਵਾਈਸ ਪ੍ਰਧਾਨ ਹਮਜਾ ਸ਼ਾਹਬਾਜ਼ ਨੇ ਕਿਹਾ—ਨਵਾਜ਼ ਨੇ ਪਾਕਿਸਤਾਨ ਨੂੰ ਪ੍ਰਮਾਣੂ ਸ਼ਕਤੀ ਵਾਲਾ ਰਾਸ਼ਟਰ ਬਣਾਇਆ, ਪਰ ਅੱਜ ਅਸੀਂ ਭਿਖਾਰੀ ਬਣ ਗਏ ਹਾਂ। ਇਹ ਸ਼ਰਮ ਦੀ ਗੱਲ ਹੈ। ਹੁਣ ਪਾਕਿਸਤਾਨ ਦੀ ਜਨਤਾ ਨਵਾਜ਼ ਸ਼ਰੀਫ਼ ਨੂੰ ਪ੍ਰਧਾਨ ਬਣਾ ਕੇ ਦੇਸ਼ ਦਾ ਭਵਿੱਖ ਸੁਰੱਖਿਅਤ ਕਰੇਗੀ।

## ਮਾਤਾ ਦੀ ਯਾਦ 'ਚ ਸਕੂਲ ਨੂੰ ਕੈਂਪਰ ਭੇਟ

**ਮਾਨਸਾ (ਪਮਾਰ)**-ਸਮਾਜ ਸੇਵੀ ਗੁਰਮੇਲ ਸਿੰਘ ਫੌਜੀ ਮੈਂਬਰ ਸਕੂਲ ਮੈਨੇਜਮੈਂਟ ਕਮੇਟੀ ਤੇ ਮਿਸ਼ਰਾ ਸਿੰਘ ਅਤਲਾ ਨੇ ਪਿਛਲੇ ਦਿਨੀਂ ਸਵਰਗ ਸਿਧਾਰ ਗਏ ਆਪਣੇ ਮਾਤਾ ਅਮਰਜੀਤ ਕੌਰ ਦੀ ਯਾਦ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਅਤਲਾ ਕਲਾਂ ਦੇ ਬੱਚਿਆਂ ਲਈ ਪਾਣੀ ਪੀਣ ਵਾਲੇ ਦੋ ਕੈਂਪਰ ਭੇਟ ਕੀਤੇ। ਸਕੂਲ ਮੁਖੀ ਬਲਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪਰਿਵਾਰ ਪਹਿਲਾਂ ਵੀ ਸਮੇਂ ਸਮੇਂ 'ਤੇ ਸਕੂਲ ਨੂੰ ਭਰਪੂਰ ਯੋਗਦਾਨ ਪਾਉਂਦਾ ਰਹਿੰਦਾ ਹੈ। ਸਕੂਲ ਸਟਾਫ ਵੱਲੋਂ ਇਸ ਸ਼ੁੱਭ ਕਾਰਜ ਲਈ ਦੋਵਾਂ ਭਰਾਵਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਅਧਿਆਪਕ ਸੁਰਜੀਤ ਸਿੰਘ, ਗੁਰਦੀਪ ਸਿੰਘ, ਅਸਵਿੰਦਰ ਸਿੰਘ ਤੇ ਅਵਤਾਰ ਸਿੰਘ ਹਾਜ਼ਰ ਸਨ।

## ਸਾਊਥ ਸਟਾਰ ਵਿਜੈ ਐਂਟਨੀ ਦੀ ਬੇਟੀ ਵੱਲੋਂ ਖੁਦਕੁਸ਼ੀ



**ਨਵੀਂ ਦਿੱਲੀ** : ਦੱਖਣੀ ਸਿਨੇਮਾ ਦੇ ਮਸ਼ਹੂਰ ਅਦਾਕਾਰ ਅਤੇ ਮਿਊਜ਼ਕ ਡਾਇਰੈਕਟਰ ਵਿਜੈ ਐਂਟਨੀ ਦੀ ਬੇਟੀ ਮੀਰਾ ਨੇ ਆਪਣੇ ਘਰ 'ਚ ਫਾਂਸੀ ਲਗਾ ਕੇ ਖੁਦਕੁਸ਼ੀ ਕਰ ਲਈ। ਟਰੇਡ ਮਾਹਰ ਮਨੋਬਾਲਾ ਵਿਜੈਬਾਲਨ ਨੇ ਇਹ ਜਾਣਕਾਰੀ ਆਪਣੇ ਮਾਇਕ੍ਰੋਬਲਾਗਿੰਗ ਅਕਾਊਂਟ 'ਤੇ ਟਵੀਟ ਕਰਕੇ ਸ਼ੇਅਰ ਕੀਤੀ। ਵਿਜੈ ਲਈ ਉਨ੍ਹਾ ਦੀ 16 ਸਾਲ ਦੀ ਬੱਚੀ ਦਾ ਇਸ ਤਰ੍ਹਾਂ ਅਚਾਨਕ ਚਲੇ ਜਾਣਾ ਕਿਸੇ ਸਦਮੇ ਤੋਂ ਘੱਟ ਨਹੀਂ। ਜਾਣਕਾਰੀ ਮੁਤਾਬਿਕ ਰਾਤ ਤਿੰਨ ਵਜੇ ਵਿਜੈ ਆਪਣੀ ਬੇਟੀ ਨੂੰ ਦੇਖਣ ਉਸ ਦੇ ਕਮਰੇ 'ਚ ਗਏ ਤਾਂ ਉਸ ਨੂੰ ਫਾਂਸੀ ਦੇ ਫੰਦੇ 'ਤੇ ਝੂਲਦੇ ਪਾਇਆ।

ਇੱਕ ਪਿਤਾ ਹੋਣ ਦੇ ਨਾਤੇ ਉਸ ਦੇ ਹੱਥ-ਪੈਰ ਫੁੱਲ ਜਾਣਾ ਸੁਭਾਵਕ ਸੀ। ਵਿਜੈ ਨੇ ਸਟਾਫ਼ ਦੀ ਮਦਦ ਨਾਲ ਬੇਟੀ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਮੀਰਾ ਹਾਲੇ 12ਵੀਂ ਕਲਾਸ 'ਚ ਪੜ੍ਹ ਰਹੀ ਸੀ ਅਤੇ ਵਿਜੈ ਆਪਣੀਆਂ ਇੰਟਰਵਿਊਜ਼ 'ਚ ਬੇਟੀ ਦਾ ਜ਼ਿਕਰ ਕਰਦੇ ਰਹਿੰਦੇ ਸਨ।

### ਪਬਲਿਕ ਨੋਟਿਸ

ਆਈ ਡੀ ਐੱਫ ਸੀ ਫਸਟ ਬੈਂਕ ਲਿਮਟਿਡ ਦੇ ਨਿਰਦੇਸ਼ਾਂ ਅਨੁਸਾਰ ਮੈਂ, ਪਬਲਿਕ ਨੋਟਿਸ ਦੁਆਰਾ ਇਹ ਜਾਣਕਾਰੀ ਦਿੰਦਾ ਹਾਂ ਕਿ ਨੀਨਾ ਕੁਮਾਰੀ ਪਤਨੀ ਸ੍ਰੀ ਜਗਜੀਤ ਪਾਲ ਪ੍ਰਾਪਰਟੀ ਆਈ ਡੀ PT-107-1665270 (ਪ੍ਰਾਪਰਟੀ ਟੈਕਸ ਦੀ ਰਸੀਦ ਅਨੁਸਾਰ) ਕੁੱਲ ਰਕਬਾ 256.66 ਵਰਗ ਗਜ਼, ਜਿਸ ਦਾ ਖਸਰਾ ਨੰ. 159 ਮਿੰਨ ਦੀ ਮਾਲਕ ਹੈ, ਜਿਸ ਦਾ ਆਸਾ ਪਾਸਾ ਚੜ੍ਹਦੇ ਮਾਲਕੀ ਕੰਵਲਜੀਤ ਸਿੰਘ, ਲਹਿੰਦੇ ਸੜਕ 16 ਫੁੱਟ ਚੌੜੀ, ਪਹਾੜ ਮਹਿਤਾ ਰੋਡ, ਦੱਖਣ ਸੜਕ 16 ਫੁੱਟ ਚੌੜੀ, ਵਾਕਿਆ ਰਕਬਾ ਪਿੰਡ ਵੱਲਾ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਹੈ। ਇਹ ਜਗ੍ਹਾ ਹਰਵਿੰਦਰ ਸਿੰਘ ਪੁੱਤਰ ਸ੍ਰ. ਰਾਮ ਸਿੰਘ ਅਤੇ ਭੁਪਿੰਦਰ ਕੌਰ ਪਤਨੀ ਸ੍ਰ. ਹਰਵਿੰਦਰ ਸਿੰਘ, ਦਰਸ਼ਨ ਸਿੰਘ ਪੁੱਤਰ ਸ੍ਰ. ਆਯਾ ਸਿੰਘ ਆਦਿ ਨੂੰ ਵੇਚ ਦਿੱਤੀ ਹੈ। ਇਹ ਜਗ੍ਹਾ ਕਸ਼ਮੀਰ ਸਿੰਘ ਪੁੱਤਰ ਸ੍ਰ. ਸੋਹਨ ਸਿੰਘ ਨੂੰ ਰਾਹੀਂ ਬੈਨਾਮਾ ਰਜਿਸਟਰ ਮਿਤੀ 29-10-02, ਦਸਤਾਵੇਜ਼ ਨੰਬਰ 6925, ਜਮ੍ਹਾਂਬੰਦੀ 2006-2007 ਦੇ ਰਾਹੀਂ ਇਹ 8.5 ਮਰਲੇ ਦੇ ਮਾਲਕ ਸਾਬਤ ਹੋ ਰਹੇ ਹਨ। ਬਲਵਿੰਦਰ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਗੁਰਮੀਤ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਵੀਰ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਰਾਜਵੰਤ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਸੁਰਿੰਦਰ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਸੁਖਜਿੰਦਰ ਸਿੰਘ ਪੁੱਤਰ ਸ੍ਰ. ਕਸ਼ਮੀਰ ਸਿੰਘ ਅਤੇ ਬਲਜਿੰਦਰ ਸਿੰਘ ਪੁੱਤਰ ਸ੍ਰ. ਕਸ਼ਮੀਰ ਸਿੰਘ ਨੂੰ ਰਾਹੀਂ ਵਰਾਸਤ ਇੰਤਕਾਲ ਨੰਬਰ 14072 ਮਾਲ ਮਹਿਕਮਾ ਵੱਲੋਂ ਮਨਜ਼ੂਰ ਹੋ ਚੁੱਕਾ ਹੈ, ਜਿਸ ਵਿੱਚੋਂ ਬਲਵਿੰਦਰ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਗੁਰਮੀਤ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਵੀਰ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਰਜਵੰਤ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਸੁਰਿੰਦਰ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਸੁਖਜਿੰਦਰ ਸਿੰਘ ਪੁੱਤਰ ਸ੍ਰ. ਕਸ਼ਮੀਰ ਸਿੰਘ ਰਾਹੀਂ ਮੁਖਤਾਰਨਾਮਾ ਜਗਜੀਤ ਪਾਲ ਪੁੱਤਰ ਸ੍ਰੀ ਸਵਿੰਦਰ ਪਾਲ ਅਤੇ ਬਲਜਿੰਦਰ ਸਿੰਘ ਪੁੱਤਰ ਸ੍ਰ. ਕਸ਼ਮੀਰ ਸਿੰਘ ਰਾਹੀਂ ਮੁਖਤਾਰਨਾਮਾ ਆਮ ਰਜਿਸਟਰਡ ਮਿਤੀ 21-02-2023, ਦਸਤਾਵੇਜ਼ ਨੰਬਰ 2022-23/89/1/8968, ਜਿਸ ਦਾ ਇੰਤਕਾਲ ਨੰਬਰ 14948 ਮਾਲ ਮਹਿਕਮਾ ਵੱਲੋਂ ਮਨਜ਼ੂਰ ਹੋ ਚੁੱਕਾ ਹੈ। ਹੁਣ ਨੀਨਾ ਕੁਮਾਰੀ ਪਤਨੀ ਸ੍ਰੀ ਜਗਜੀਤ ਪਾਲ ਉਪਰੋਕਤ ਜਾਇਦਾਦ ਹਰਵਿੰਦਰ ਸਿੰਘ ਪੁੱਤਰ ਸ੍ਰ. ਰਾਮ ਸਿੰਘ ਅਤੇ ਭੁਪਿੰਦਰ ਕੌਰ ਨੂੰ ਵੇਚ ਰਹੇ ਹਨ। ਇਹ ਤਸਦੀਕ ਕੀਤਾ ਜਾਂਦਾ ਹੈ ਕਿ ਕਸ਼ਮੀਰ ਸਿੰਘ ਪੁੱਤਰ ਸ੍ਰ. ਮੋਹਨ ਸਿੰਘ ਦੀ ਮੌਤ ਤੋਂ ਬਾਅਦ ਇਨ੍ਹਾਂ ਦੀ ਜਾਇਦਾਦ ਦਾ ਹਿੱਸਾ ਬਲਵਿੰਦਰ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਗੁਰਮੀਤ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਵੀਰ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਬਲਜਿੰਦਰ ਸਿੰਘ ਪੁੱਤਰ ਸ੍ਰ. ਕਸ਼ਮੀਰ ਸਿੰਘ, ਰਜਵੰਤ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਸੁਰਿੰਦਰ ਕੌਰ ਪੁੱਤਰੀ ਸ੍ਰ. ਕਸ਼ਮੀਰ ਸਿੰਘ, ਸੁਖਜਿੰਦਰ ਸਿੰਘ ਪੁੱਤਰ ਸ੍ਰ. ਕਸ਼ਮੀਰ ਸਿੰਘ ਅਤੇ ਬਲਜਿੰਦਰ ਸਿੰਘ ਪੁੱਤਰ ਸ੍ਰ. ਕਸ਼ਮੀਰ ਸਿੰਘ ਨੂੰ ਵਰਾਸਤ ਇੰਤਕਾਲ ਨੰਬਰ 14072 ਮਾਲ ਮਹਿਕਮਾ ਵੱਲੋਂ ਮਨਜ਼ੂਰ ਹੋ ਚੁੱਕਾ ਹੈ। ਇਹ ਤਸਦੀਕ ਕੀਤਾ ਜਾਂਦਾ ਹੈ ਕਿ ਉਕਤ ਵਾਰਸਾਂ ਤੋਂ ਇਲਾਵਾ ਕਸ਼ਮੀਰ ਸਿੰਘ ਪੁੱਤਰ ਸ੍ਰ. ਮੋਹਨ ਸਿੰਘ ਦਾ ਹੋਰ ਕੋਈ ਵਾਰਸ ਤਸਦੀਕ ਨਹੀਂ ਹੁੰਦਾ ਹੈ। ਜੇਕਰ ਕੋਈ ਵਿਅਕਤੀ ਦਾਅਵਾ ਕਰਦਾ ਹੈ ਤਾਂ ਉਕਤ ਜਾਇਦਾਦ ਦੀ ਬਾਬਤ ਬੈਨਾਮਾ ਦੇ ਅਧਾਰ 'ਤੇ ਕਿਸੇ ਬੈਂਕ, ਵਿਅਕਤੀ, ਕਾਰਪੋਰੇਸ਼ਨ ਸੰਸਥਾ ਤੋਂ ਲੋਨ ਆਦਿ ਲਿਆ ਹੈ ਤਾਂ ਪਬਲਿਕ ਨੋਟਿਸ ਤੋਂ 7 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਪਬਲਿਕ ਨੋਟਿਸ ਦੀ ਮਿਆਦ ਤੋਂ ਬਾਅਦ ਕਿਸੇ ਵੀ ਤਰ੍ਹਾਂ ਦਾ ਕਿਸੇ ਦਾ ਇਤਰਾਜ਼ ਨਹੀਂ ਮੰਨਿਆ ਜਾਵੇਗਾ ਅਤੇ ਜੇ ਕੋਈ ਵੀ ਦਾਅਵਾ ਜਾਂ ਕਲੇਮ ਕਰੇਗਾ, ਉਹ ਕਾਨੂੰਨ ਦੀ ਦੇਖ-ਰੇਖ ਅਨੁਸਾਰ ਫਰਜ਼ੀ ਮੰਨਿਆ ਜਾਵੇਗਾ। ਜੇਕਰ ਕਿਸੇ ਨੂੰ ਵੀ ਇਸ ਸੰਬੰਧੀ ਕੋਈ ਉਜਰ ਇਤਰਾਜ਼ ਨਹੀਂ ਹੋਵੇਗਾ ਤਾਂ ਉਕਤ ਜਾਇਦਾਦ ਆਈ ਡੀ ਐੱਫ ਸੀ ਫਸਟ ਬੈਂਕ ਲਿਮਟਿਡ ਵੱਲੋਂ ਗਹਿਣੇ ਰੱਖ ਜਾਵੇਗੀ।

ਵਿਕਾਸ ਵਰਮਾ ਐਡਵੋਕੇਟ,
ਮੋਬਾਇਲ ਨੰ. 98151-56302, ਫੋਨ ਨੰ. 0183-2563029,
ਬਰਾਂਚ ਆਫਿਸ-ਕਮ-ਰੈਜ਼ੀਡੈਂਸ 264, ਬਸੰਤ ਐਵੇਨਿਊ, ਅੰਮ੍ਰਿਤਸਰ

### ਪਬਲਿਕ ਨੋਟਿਸ

ਇੱਛੁਕ ਪਾਰਟੀਆਂ/ਫਰਮਾਂ ਪਾਸੋਂ ਸੀ ਐੱਚ ਸੀ ਸ਼ਾਮ ਚੁਰਾਸੀ, ਜ਼ਿਲ੍ਹਾ ਹੁਸ਼ਿਆਰਪੁਰ ਵਾਸਤੇ ਲੈਬ, ਡੈਂਟਲ, ਦਵਾਈਆਂ, ਐਕਸਰੇ ਫਿਲਮਾਂ, ਕੰਜ਼ਿਊਮੇਬਲਜ਼ ਮੈਟੀਰੀਅਲ, ਹੋਮਿਓਪੈਥਿਕ ਦਵਾਈਆਂ ਅਤੇ ਡੇਸਕਟਾਪ ਕੰਪਿਊਟਰ, ਜਿਸ ਦਾ ਮਾਪਦੰਡ ਇਸ ਪ੍ਰਕਾਰ ਹੋਵੇ CPU (i5, 11th Gen, 510 ASUS Mother Board, RAM 8 GB, 1 TB HDD) Dell LED Monitor 22 inch and canon Printer (image Class MF 3010) ਵਾਸਤੇ ਸੀਲਡ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਇਹ ਟੈਂਡਰ ਮਿਤੀ 5.10.2023 ਤੱਕ ਨਿਮਨ ਹਸਤਾਖਰ ਦੇ ਦਫਤਰ ਵਿੱਚ ਪਹੁੰਚ ਜਾਣੇ ਚਾਹੀਦੇ ਹਨ। ਆਈਟਮਜ਼ ਦੀ ਲਿਸਟ ਨਿਮਨ ਹਸਤਾਖਰ ਪਾਸੋਂ ਕਿਸੇ ਵੀ ਕੰਮ ਵਾਲੇ ਦਿਨ ਲਈ ਜਾ ਸਕਦੀ ਹੈ। ਇਹ ਟੈਂਡਰ ਮਿਤੀ 8.10.2023 ਨੂੰ ਦਿਨ ਦੇ 12 ਵਜੇ ਟੈਂਡਰਕਾਰਾਂ ਦੇ ਸਾਹਮਣੇ ਖੋਲ੍ਹੇ ਜਾਣਗੇ।

ਸੀਨੀਅਰ ਮੈਡੀਕਲ ਅਫਸਰ,
ਸੀ ਐੱਚ ਸੀ, ਸ਼ਾਮ ਚੁਰਾਸੀ, ਹੁਸ਼ਿਆਰਪੁਰ


### ਵਿਸ਼ੇਸ਼ ਰੇਲਗੱਡੀਆਂ ਦਾ ਸੰਚਾਲਨ

ਰੇਲਯਾਤਰੀਆਂ ਦੀ ਸੁਵਿਧਾਜਨਕ ਆਵਾਜਾਈ ਲਈ ਉਤਰ ਰੇਲਵੇ ਦੁਆਰਾ ਹੇਠਾਂ ਲਿਖਤ ਵਿਸ਼ੇਸ਼ ਰੇਲਗੱਡੀਆਂ ਹੇਠਾਂ ਦਰਸਾਈ ਗਈ ਸਮੇਂ-ਸਾਰਣੀ ਦੇ ਅਨੁਸਾਰ ਸੰਚਾਲਿਤ ਕੀਤੀਆਂ ਜਾਣਗੀਆਂ:-

**04071/04072 ਨਵੀਂ ਦਿੱਲੀ-ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਨਵੀਂ ਦਿੱਲੀ ਗਤੀ ਸ਼ਕਤੀ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਦੋ ਫੇਰੇ)**

| ਗੱਡੀ ਨੰ. 04071 ਪਹੁੰਚ | ਰਵਾਨਗੀ | ਸਟੇਸ਼ਨ | ਗੱਡੀ ਨੰ. 04072 ਪਹੁੰਚ | ਰਵਾਨਗੀ |
|---|---|---|---|---|
| — | 23:30 | ਨਵੀਂ ਦਿੱਲੀ | 06:25 | — |
| 11:25 | — | ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | — | 18:30 |

ਚੱਲਣ ਦੇ ਦਿਨ : 04071 ਨਵੀਂ ਦਿੱਲੀ ਤੋਂ ਮਿਤੀ 29.09.2023 (ਸ਼ੁਕਰਵਾਰ) ਨੂੰ ਅਤੇ 04072 ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ ਮਿਤੀ 01.10.2023 (ਐਤਵਾਰ) ਨੂੰ।
ਸਥਾਨ : 3 ਟੀਅਰ ਏਸੀ. ਇਕੋਨਮੀ ਕਲਾਸ।
ਠਹਿਰਾਓ : ਸੋਨੀਪਤ ਜੰ., ਪਾਨੀਪਤ ਜੰ., ਕਰਨਾਲ, ਕੁਰੂਕਸ਼ੇਤਰ ਜੰ., ਅੰਬਾਲਾ ਛਾਉਣੀ ਜੰ., ਲੁਧਿਆਣਾ ਜੰ., ਜਲੰਧਰ ਛਾਉਣੀ, ਪਠਾਨਕੋਟ ਛਾਉਣੀ, ਜੰਮੂ ਤਵੀ ਅਤੇ ਸ਼ਹੀਦ ਕਪਤਾਨ ਤੁਸ਼ਾਰ ਮਹਾਜਨ (ਉਧਮਪੁਰ) ਸਟੇਸ਼ਨ।

**04081/04082 ਨਵੀਂ ਦਿੱਲੀ-ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਨਵੀਂ ਦਿੱਲੀ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਦੋ ਫੇਰੇ)**

| ਗੱਡੀ ਨੰ. 04081 ਪਹੁੰਚ | ਰਵਾਨਗੀ | ਸਟੇਸ਼ਨ | ਗੱਡੀ ਨੰ. 04082 ਪਹੁੰਚ | ਰਵਾਨਗੀ |
|---|---|---|---|---|
| — | 23:30 | ਨਵੀਂ ਦਿੱਲੀ | 06:25 | — |
| 11:25 | — | ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | — | 18:30 |

ਚੱਲਣ ਦੇ ਦਿਨ :04081 ਨਵੀਂ ਦਿੱਲੀ ਤੋਂ ਮਿਤੀ 30.09.2023 (ਸ਼ਨੀਵਾਰ) ਨੂੰ ਅਤੇ 04082 ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ ਮਿਤੀ 02.10.2023 (ਸੋਮਵਾਰ) ਨੂੰ।
ਸਥਾਨ : ਫਸਟ ਏਸੀ ਸਮੇਤ 2 ਟੀਅਰ ਏਸੀ, 3 ਟੀਅਰ ਏਸੀ. ਸਲੀਪਰ ਅਤੇ ਜਨਰਲ।
ਠਹਿਰਾਓ : ਸੋਨੀਪਤ ਜੰ., ਪਾਨੀਪਤ ਜੰ., ਕਰਨਾਲ, ਕੁਰੂਕਸ਼ੇਤਰ ਜੰ., ਅੰਬਾਲਾ ਛਾਉਣੀ ਜੰ., ਲੁਧਿਆਣਾ ਜੰ., ਜਲੰਧਰ ਛਾਉਣੀ, ਪਠਾਨਕੋਟ ਛਾਉਣੀ, ਜੰਮੂ ਤਵੀ ਅਤੇ ਸ਼ਹੀਦ ਕਪਤਾਨ ਤੁਸ਼ਾਰ ਮਹਾਜਨ (ਉਧਮਪੁਰ) ਸਟੇਸ਼ਨ।

ਉਪਰੋਕਤ ਰੇਲਗੱਡੀਆਂ ਦੇ ਮਾਰਗ ਵਿਚ ਆਉਣ ਵਾਲੇ ਠਹਿਰਾਵਾਂ ਦੀ ਸਮੇਂ-ਸਾਰਣੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 ਡਾਇਲ ਕਰੋ ਜਾਂ ਰੇਲਗੱਡੀ ਪੁਛਗਿਛ ਵੈਬਸਾਈਟ www.enquiry.indianrail.gov.in ਵੇਖੋ।

ਰੇਲਮਦਦ ਹੈਲਪਲਾਈਨ ਨੰ. 139 | ਰੇਲਮਦਦ ਵੈਬਸਾਈਟ ਵੇਖੋ : www.railmadad.indianrailways.gov.in | ਰੇਲਮਦਦ ਐਪ ਡਾਊਨਲੋਡ ਕਰੋ

2893/2023

'ਤੇ ਸਾਨੂੰ ਫਾਲੋ ਕਰੋ | ਉਤਰ ਰੇਲਵੇ | ਤੁਹਾਡੀ ਸੁਵਿਧਾ – ਸਾਡਾ ਲਕਸ਼ | www.nr.indianrailways.gov.in 'ਤੇ ਮਿਲੋ | ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


### YES BANK

Regd. Office: YES BANK House, Off Western Express Highway, Santacruz (East), Mumbai – 400055
Branch Office: YES BANK LIMITED.| B-XX 2427 – 928, 1st Floor, Gobind Nagar, Ferozepur Road, Ludhiana – 141001, website: www.yesbank.in

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਤਹਿਤ ਐੱਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈ ਅਚੱਲ ਜਾਇਦਾਦ, ਜਿਸ ਦਾ ਯੈੱਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵੱਲੋਂ ਭੌਤਿਕ ਕਬਜ਼ਾ ਪ੍ਰਾਪਤ ਕੀਤਾ ਜਾ ਚੁੱਕਾ ਹੈ ਕਿ ਸਕਿਉਰਡ ਕ੍ਰੈਡਿਟਰ ਵੱਲੋਂ (1) ਮੈਸ. ਮਹਾਰਾਜਾ ਬੈਂਡ (ਕਰਜ਼ਦਾਰ ਅਤੇ ਰਹਿਣਕਾਰ), ਰਾਹੀਂ ਇਸ ਦੇ ਮਾਲਕ ਸ੍ਰੀ ਨਰਿੰਦਰ ਸਿੰਘ (2) ਸ੍ਰੀਮਤੀ ਅਰਵਿੰਦਰ ਕੌਰ (ਸਹਿ-ਕਰਜ਼ਦਾਰ ਅਤੇ ਰਹਿਣਕਾਰ) ਤੋਂ 30 ਸਤੰਬਰ 2022 ਨੂੰ ਬਕਾਇਆ ਰਕਮ ਰੁ. 4,31,92, 379.25/-(ਚਾਰ ਕਰੋੜ, ਇਕੱਤੀ ਲੱਖ, ਬਾਨਵੇ ਹਜ਼ਾਰ, ਤਿੰਨ ਸੌ ਉਨਾਸੀ ਰੁਪਏ ਅਤੇ ਪੱਚੀ ਪੈਸੇ ਕੇਵਲ) ਸਮੇਤ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਚਾਰਜਿਜ਼ ਦੇ ਵਸੂਲ ਕਰਨ ਲਈ "ਜਿਵੇਂ ਹੈ ਜਿੱਥੇ ਹੈ" 'ਜੋ ਵੀ ਹੈ ਜਿਵੇਂ ਹੈ' ਦੇ ਆਧਾਰ 'ਤੇ 9 ਅਕਤੂਬਰ 2023 ਨੂੰ ਵਿਕਰੀ ਕੀਤੀ ਜਾਵੇਗੀ। ਜਾਇਦਾਦ ਨੰ. 1 ਲਈ ਰਾਖਵੀਂ ਕੀਮਤ ਰੁਪਏ 1,10,00,000/- (ਇੱਕ ਕਰੋੜ ਦਸ ਲੱਖ ਰੁਪਏ ਕੇਵਲ) ਜਾਇਦਾਦ ਨੰ. 02 ਲਈ ਰੁਪਏ 1,03,00,000/- (ਇੱਕ ਕਰੋੜ ਤਿੰਨ ਲੱਖ ਰੁਪਏ ਕੇਵਲ), ਜਾਇਦਾਦ ਨੰ. 3 ਲਈ ਰੁਪਏ 12,00,000/- (ਬਾਰਾਂ ਲੱਖ ਰੁਪਏ ਕੇਵਲ) ਅਤੇ ਜਾਇਦਾਦ ਨੰ. 01 ਲਈ ਬਿਆਨਾ ਰਕਮ ਡਿਪਾਜ਼ਟ ਰੁਪਏ 11,00,000/- (ਗਿਆਰਾਂ ਲੱਖ ਰੁਪਏ ਕੇਵਲ), ਜਾਇਦਾਦ ਨੰ. 02 ਲਈ ਰੁਪਏ 10,30,000 (ਦਸ ਲੱਖ ਤੀਹ ਹਜ਼ਾਰ ਰੁਪਏ ਕੇਵਲ), ਜਾਇਦਾਦ ਨੰ. 03 ਲਈ ਰੁਪਏ 1,20,000/- (ਇੱਕ ਲੱਖ ਵੀਹ ਹਜ਼ਾਰ ਰੁਪਏ) ਹੋਵੇਗੀ।

**ਜਾਇਦਾਦਾਂ ਦਾ ਵੇਰਵਾ**

1. ਮਕਾਨ. ਨੰ. 6833/22, ਖਸਰਾ ਨੰ. 1989/1372-1987/1371, ਖੱਤਾ ਨੰ. 901/976-977-905/983 ਤੋਂ 985, ਜਮ੍ਹਾਂਬੰਦੀ ਸਾਲ 2002-03, ਪਿੰਡ ਤਰਫ ਸੈਦਾਂ, ਹਦਬਸਤ ਨੰ. 172, ਮੋਹਰ ਸਿੰਘ ਨਗਰ ਵਜੋਂ ਜਾਣੀ ਜਾਂਦੀ ਅਬਾਦੀ, ਗਲੀ ਨੰ. 8, ਨੇੜੇ ਗੰਦਾ ਨਾਲਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਰਕਬਾ ਕਰੀਬ 192 ਵਰਗ ਗਜ਼ ਅਤੇ ਮਕਾਨ. ਨੰ. 6833/22, ਖਸਰਾ ਨੰ. 1989/1372-1987/1371, ਖੱਤਾ ਨੰ. 901/976-971-905/985, ਜਮ੍ਹਾਂਬੰਦੀ ਸਾਲ 2002-03, ਪਿੰਡ ਤਰਫ ਸੈਦਾਂ, ਹਦਬਸਤ ਨੰ. 172, ਮੋਹਰ ਸਿੰਘ ਨਗਰ ਵਜੋਂ ਜਾਣੀ ਜਾਂਦੀ ਅਬਾਦੀ, ਗਲੀ ਨੰ. 8, ਨੇੜੇ ਗੰਦਾ ਨਾਲਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਰਕਬਾ ਕਰੀਬ 120 ਵਰਗ ਗਜ਼ ਨਾਲ ਸੰਬੰਧਤ ਸਭ ਕੁਝ।

2. ਜਾਇਦਾਦ ਐੱਮ ਸੀ ਨੰ. ਬੀ-XXIII-3368/2 (ਪੁਰਾਣਾ), ਐੱਮ ਸੀ ਨੰ. ਬੀ-XXIII-6833 (ਨਵਾਂ) ਅਤੇ ਪਲਾਟ ਨੰ. 4, ਮਿਨ, ਰਕਬਾ ਕਰੀਬ 126 ਵਰਗ ਗਜ਼, ਖੱਤਾ ਨੰ. 919/992, 993, ਖਸਰਾ ਨੰ. 1989/1372, ਜਮ੍ਹਾਂਬੰਦੀ ਸਾਲ 2007-2008, ਮਾਲੀਆ ਅਸਟੇਟ ਪਿੰਡ ਤਰਫ ਸੈਦਾਂ, ਹਦਬਸਤ ਨੰ. 172, ਅਬਾਦੀ ਮੋਹਰ ਸਿੰਘ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ।

3. ਜਾਇਦਾਦ ਖਸਰਾ ਨੰ. 473, ਖੱਤਾ ਨੰ. 64/85, ਜਮ੍ਹਾਂਬੰਦੀ ਸਾਲ 2004-2005 (ਖੱਤਾ ਨੰ. 65/82, ਜਮ੍ਹਾਂਬੰਦੀ ਸਾਲ 2009-2010) ਪਿੰਡ ਦਾਦ, ਹਦਬਸਤ ਨੰਬਰ 279 ਅਬਾਦੀ ਵਿਸ਼ਨੂੰ ਇਨਕਲੇਵ ਵਜੋਂ ਜਾਣੀ ਜਾਂਦੀ, ਨੇੜੇ ਟਾਪ ਇਨਕਲੇਵ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਰਕਬਾ ਕਰੀਬ 400 ਵਰਗ ਗਜ਼ ਨਾਲ ਸੰਬੰਧਤ ਸਭ ਕੁਝ।

ਈ-ਨਿਲਾਮੀ ਦੀ ਮਿਤੀ ਤੇ ਸਮਾਂ : 09 ਅਕਤੂਬਰ 2023, ਸਵੇਰੇ 11.00 ਵਜੇ ਤੋਂ ਸ਼ਾਮ 2.00 ਵਜੇ ਤੱਕ ਹਰੇਕ 5 ਮਿੰਟ ਦੇ ਵਾਧੇ ਨਾਲ।
ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 06 ਅਕਤੂਬਰ 2023, ਸ਼ਾਮ ਦੇ 3.00 ਵਜੇ ਤੱਕ ।
ਜਾਇਦਾਦ ਦੇ ਨਿਰੀਖਣ ਦੀ ਮਿਤੀ ਤੇ ਸਮਾਂ : 03 ਅਕਤੂਬਰ 2023, ਸਵੇਰੇ 11.00 ਵਜੇ ਤੋਂ ਸ਼ਾਮ 2 ਵਜੇ ਤੱਕ।

ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ ਬਾਰੇ ਕ੍ਰਿਪਾ ਕਰਕੇ http://10.0.49.5/about-us/media/auction-property ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ www.yesbank.in 'ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।

ਟੈਂਡਰ ਦਸਤਾਵੇਜ਼/ਈ-ਬੋਲੀ ਕੈਟਾਲਾਗ ਜਾਂ ਅਚੱਲ ਜਾਇਦਾਦਾਂ/ਸਕਿਉਰਡ ਐੱਸਟਸ ਹਾਸਲ ਕਰਨ 'ਚ ਕਿਸੇ ਮੁਸ਼ਕਲ ਅਤੇ ਪੁੱਛਗਿੱਛ ਲਈ ਕ੍ਰਿਪਾ ਕਰਕੇ ਯੈੱਸ ਬੈਂਕ ਲਿਮਟਿਡ ਦੇ ਸੰਬੰਧਤ ਅਧਿਕਾਰੀਆਂ : ਸ੍ਰੀ ਵਿਨੀਤ ਕੁਮਾਰ 91-9313576702 ਜਾਂ ਈਮੇਲ vineet.kumar12@yesbank.in ਅਤੇ ਮੈਸ. ਈ-ਪ੍ਰੋਕਿਉਰਮੈਂਟ ਟੈਕਨਾਲੋਜੀਜ਼ ਲਿਮਟਿਡ (ਆਕਸ਼ਨ ਟਾਈਗਰ) ਅਹਿਮਦਾਬਾਦ ਵੈੱਬ ਪੋਰਟਲ ਪਤਾ https://sarfaesi.auctiontiger.net ਬੋਲੀ ਸਮਰਥਨ ਨੰ.+91 9265562821/18 ਅਤੇ 9978591888, 079-68136880/68136837 ਈ ਮੇਲ : support@auctiontiger.net ਅਤੇ ramprasad@auctiontiger.net ਨਾਲ ਸੰਪਰਕ ਕੀਤਾ ਜਾਵੇ, ਸੰਪਰਕ ਵਿਅਕਤੀ ਸ੍ਰੀ ਰਾਮ ਸ਼ਰਮਾ-9978591888

ਸਾਰੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਨਿਰਧਾਰਤ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕੀਤੇ ਜਾਣ ਦੇ ਮਾਮਲੇ 'ਚ ਐਕਟ ਦੇ ਸੈਕਸ਼ਨ 13 (8) ਤਹਿਤ ਵਿਚਾਰ ਕਰਦਿਆਂ ਸਾਡੇ ਵੱਲੋਂ ਸਕਿਉਰਡ ਐੱਸਟ ਦੀ ਵਿਕਰੀ ਜਾਂ ਤਬਦੀਲੀ ਨਹੀਂ ਕੀਤੀ ਜਾਵੇਗੀ ਅਤੇ ਸਕਿਉਰਡ ਐੱਸਟ ਦੀ ਵਿਕਰੀ ਜਾਂ ਤਬਾਦਲੇ ਲਈ ਸਾਡੇ ਵੱਲੋਂ ਕੋਈ ਕਦਮ ਨਹੀਂ ਉਠਾਇਆ ਜਾਵੇਗਾ।

**ਕਰਜ਼ਦਾਰਾਂ/ਗਰੰਟਰਾਂ ਲਈ ਵਿਕਰੀ ਨੋਟਿਸ**

ਉਪਰੋਕਤ, ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਰੂਲ 9 (1) ਤਹਿਤ, ਜ਼ਿੰਮੇਵਾਰਾਂ ਲਈ ਪ੍ਰਕਾਸ਼ਨਾ ਮਿਤੀ ਤੋਂ 15 ਦਿਨਾਂ ਅੰਦਰ ਅਦਾਇਗੀ ਦਾ ਨੋਟਿਸ ਸਮਝਿਆ ਜਾਵੇ।

ਮਿਤੀ : 19 ਸਤੰਬਰ 2023 | ਸਥਾਨ : ਲੁਧਿਆਣਾ | ਸਹੀ/- ਅਧਿਕਾਰਤ ਅਫਸਰ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਨਰੇਗਾ ਕਾਮਿਆਂ ਨੂੰ ਪ੍ਰਸ਼ਾਸਨ ਕੰਮ ਦੇਣ 'ਚ ਟਾਲਾ ਵੱਟ ਰਿਹੈ : ਕਾਮਰੇਡ ਗੁਰਦਿਆਲ



**ਖਡੂਰ ਸਾਹਿਬ (ਨਜ਼ਸ)**—ਇਤਿਹਾਸਕ ਨਗਰ ਮਾਤਾ ਖੀਵੀ ਜੀ (ਸੁਪਤਨੀ ਗੁਰੂ ਅੰਗਦ ਦੇਵ ਜੀ) ਦੇ ਪਿੰਡ ਸੰਘਰਕੋਟ ਵਿਖੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਆਨ ਦੀ ਮੀਟਿੰਗ ਜਸਬੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲਾ ਸਕੱਤਰ ਕਾਮਰੇਡ ਗਰਦਿਆਲ ਸ਼ਿੰਘ ਖਡੂਰ ਸਹਿਬ ਨੇ ਕਿਹਾ ਕਿ ਨਰੇਗਾ ਕਾਮਿਆਂ ਨੂੰ ਪ੍ਰਸ਼ਾਸਨ ਕੰਮ ਦੇਣ 'ਚ ਟਾਲਮਟੋਲ ਦੀ ਨੀਤੀ 'ਤੇ ਚਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿੰਡ ਸੰਘਰਕੋਟ ਦੇ ਨਰੇਗਾ ਕਾਮਿਆਂ ਨੂੰ ਜੇਕਰ ਕੰਮ ਨਾ ਦਿੱਤਾ ਤਾਂ ਬਲਾਕ ਖਡੂਰ ਸਹਿਬ ਵਿਖੇ ਲਗਾਤਾਰ ਧਰਨਾ ਦਿੱਤਾ ਜਾਵੇਗਾ। ਇਸ ਸਮੇਂ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਨਰੇਗਾ ਤਹਿਤ ਪੂਰਾ ਸਾਲ ਕੰਮ ਦਿੱਤਾ ਜਾਵੇ, ਮਜ਼ਦੂਰ ਭਲਾਈ ਬੋਰਡ ਬਣਾਇਆ ਜਾਵੇ, 5-5 ਮਰਲੇ ਪਲਾਟ/ਮਕਾਨ ਬਣਾਉਣ ਲਈ ਵਿਸ਼ੇਸ਼ ਗਰਾਂਟ ਦਿੱਤੀ ਜਾਵੇ, ਕਣਕ ਵਾਲੇ ਕੱਟੇ ਕਾਰਡ ਬਹਾਲ ਕੀਤੇ ਜਾਣ। ਇਸ ਮੌਕੇ ਸੰਬੋਧਨ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਬਲਾਕ ਸਕੱਤਰ ਕਮਲਜੀਤ ਸਿੰਘ ਨਾਗੋਕੇ, ਖੇਤ ਮਜ਼ਦੂਰ ਸਭਾ ਆਗੂ ਜਸਵੰਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ 3 ਅਕਤੂਬਰ ਨੰ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਵਿਸ਼ਾਲ ਕਾਨਫ਼ਰੰਸ ਖਡੂਰ ਸਹਿਬ ਮੇਲੇ ਮੌਕੇ ਕੀਤੀ ਜਾ ਰਹੀ ਹੈ। ਉਸ ਵਿੱਚ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ। ਅੰਤ 'ਚ ਸਰਬਸੰਮਤੀ ਨਾਲ 11 ਮੈਂਬਰੀ ਪਿੰਡ ਕਮੇਟੀ ਚੁਣੀ ਗਈ ਜਿਸ ਵਿਚ ਜਸਬੀਰ ਸਿੰਘ, ਨਿਰਵੇਰ ਸਿੰਘ, ਦਲਬੀਰ ਸਿੰਘ, ਬਲਜਿੰਦਰ ਕੌਰ, ਜਸਵਿੰਦਰ ਕੌਰ, ਪਰਮਜੀਤ ਕੌਰ, ਹਰਜੀਤ ਕੌਰ, ਦਰਸ਼ਨ ਕੌਰ, ਮਨਜੀਤ ਕੌਰ, ਨਿੰਦਰ ਕੌਰ, ਬਲਵਿੰਦਰ ਕੌਰ ਦੇ ਨਾਂਅ ਸ਼ਾਮਲ ਹਨ। ਕਮੇਟੀ ਨੇ ਸਰਬਸੰਮਤੀ ਨਾਲ ਜਸਬੀਰ ਸਿੰਘ ਨੂੰ ਪ੍ਰਧਾਨ, ਦਲਬੀਰ ਸਿੰਘ ਸਕੱਤਰ, ਬਲਵਿੰਦਰ ਕੌਰ ਕੈਸ਼ੀਅਰ ਚੁਣੇ ਗਏ।

# ਤਿੱਬੜੀ ਵਿਖੇ ਭਰਤੀ ਰੈਲੀ 31 ਅਕਤੂਬਰ ਤੋਂ 10 ਨਵੰਬਰ ਤੱਕ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸੈਨਾ ਭਰਤੀ ਦਫ਼ਤਰ, ਅੰਮ੍ਰਿਤਸਰ ਵੱਲੋਂ ਭਰਤੀ ਪ੍ਰਕਿਰਿਆ 31 ਅਕਤੂਬਰ ਤੋਂ 10 ਨਵੰਬਰ 2023 ਤੱਕ ਤਿੱਬੜੀ ਮਿਲਟਰੀ ਸਟੇਸ਼ਨ ਨੇੜੇ ਗੁਰਦਾਸਪੁਰ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ। ਗੁਰਦਾਸਪੁਰ, ਅੰਮ੍ਰਿਤਸਰ ਅਤੇ ਪਠਾਨਕੋਟ ਜ਼ਿਲ੍ਹੇ ਦੇ ਉਮੀਦਵਾਰ ਜੋ ਲਿਖਿਤ ਪ੍ਰੀਖਿਆ ਵਿੱਚੋਂ ਪਾਸ ਹੋਏ ਹਨ, ਸੈਨਾ ਭਰਤੀ ਦਫ਼ਤਰ ਅੰਮ੍ਰਿਤਸਰ ਵਿਖੇ 20 ਸਤੰਬਰ ਤੋਂ 14 ਅਕਤੂਬਰ 2023 ਦੌਰਾਨ ਰੈਲੀ ਅਧਿਸੂਚਨਾ (ਨੋਟੀਫਿਕੇਸ਼ਨ) ਦੇ ਅਨੁਸਾਰ ਆਪਣੇ ਨਿਮਨਲਿਖਤ ਦਸਤਾਵੇਜ਼ਾਂ ਨੂੰ ਲੈ ਕੇ ਰਿਪੋਰਟ ਕਰਨ ਤਾਂ ਜੋ ਸਾਰੇ ਦਸਤਾਵੇਜ਼ ਭਰਤੀ ਰੈਲੀ ਤੋਂ ਪਹਿਲਾਂ ਜਾਂਚ ਲਏ ਜਾਣ। ਉਮੀਦਵਾਰ ਆਪਣੇ ਵਿੱਦਿਅਕ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਰੈਜ਼ੀਡੈਂਸ ਸਰਟੀਫਿਕੇਟ, ਡੋਗਰਾ ਪ੍ਰਮਾਣ ਪੱਤਰ, ਕੰਡੀ ਏਰੀਆ ਸਰਟੀਫਿਕੇਟ, ਸਕੂਲ ਦਾ ਚਾਲ-ਚਲਣ ਸਰਟੀਫਿਕੇਟ, ਸਰਪੰਚ ਵੱਲੋਂ ਜਾਰੀ ਚਾਲ-ਚਲਣ ਸਰਟੀਫਿਕੇਟ, ਅਣਵਿਆਹੇ ਦਾ ਸਰਟੀਫਿਕੇਟ, ਨੋ ਕਲੇਮ ਸਰਟੀਫਿਕੇਟ, ਐਨਸੀਸੀ. ਸਰਟੀਫਿਕੇਟ (ਜੇਕਰ ਹੈ ਤਾਂ), ਖੇਡਾਂ ਦਾ ਸਰਟੀਫਿਕੇਟ (ਜੇਕਰ ਹੈ ਤਾਂ), ਰਿਸ਼ਤੇ ਦਾ ਪ੍ਰਮਾਣ ਪੱਤਰ ਅਤੇ ਸਹੁੰ (ਸਪਤ) ਪੱਤਰ ਨਿਰਧਾਰਤ ਸਮੇਂ ਵਿੱਚ ਸੈਨਾ ਭਰਤੀ ਦਫ਼ਤਰ, ਅੰਮ੍ਰਿਤਸਰ ਤੋਂ ਚੈੱਕ ਕਰਵਾ ਲੈਣ।

# ਪਰਾਲੀ ਨੂੰ ਖੇਤ 'ਚ ਰਲਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ: ਡਾ. ਭੁਪਿੰਦਰ ਸਿੰਘ ਏਓ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਮੁੱਖ ਖੇਤੀਬਾੜੀ ਅਫਸਰ ਤਰਨਤਾਰਨ ਡਾ. ਹਰਪਾਲ ਸਿੰਘ ਪੰਨੂ ਦੇ ਦਿਸ਼ਾ ਨਿਰਦੇਸ਼ ਅਤੇ ਖੇਤੀਬਾੜੀ ਅਫਸਰ ਪੱਟੀ ਡਾ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅਤੇ ਪਰਾਨਾ ਅਦਾਰੇ ਦੁਆਰਾ ਬਲਾਕ ਪੱਟੀ ਦੇ ਪਿੰਡ ਸਰਹਾਲੀ ਮੰਡਾ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ ਗਿਆ। ਇਸ ਮੌਕੇ ਡਾ. ਭੁਪਿੰਦਰ ਸਿੰਘ ਏਓ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਤੀ ਵਿਗਿਆਨੀਆਂ ਅਨੁਸਾਰ ਧਰਤੀ ਵਿੱਚੋਂ ਝੋਨੇ ਦੁਆਰਾ ਲਈ ਗਈ 25 ਪ੍ਰਤੀਸ਼ਤ ਨਾਈਟ੍ਰੋਜਨ ਅਤੇ ਫਾਸਫੋਰਸ, 50 ਪ੍ਰਤੀਸ਼ਤ ਗੰਧਕ ਅਤੇ 75 ਪ੍ਰਤੀਸ਼ਤ ਪੋਟਾਸ਼ ਪਰਾਲੀ ਵਿੱਚ ਹੀ ਰਹਿ ਜਾਂਦੀ ਹੈ। ਇਸ ਤਰ੍ਹਾਂ ਜੇਕਰ ਪਰਾਲੀ ਨੂੰ ਅੱਗ ਲਗਾਈ ਜਾਂਦੀ ਹੈ ਤਾਂ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ ਜਦਕਿ ਇਸਨੂੰ ਖੇਤ ਵਿੱਚ ਹੀ ਮਿਲਾਉਣ ਨਾਲ ਜ਼ਮੀਨ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ ਅਤੇ ਫਸਲ ਦਾ ਝਾੜ ਵੱਧਦਾ ਹੈ। ਕੈਂਪ ਪ੍ਰਬੰਧਕ ਡਾ ਹਰਮਨਦੀਪ ਕੌਰ ਨੇ ਕਿਸਾਨਾਂ ਨੂੰ ਮਿੱਟੀ, ਪਾਣੀ ਪਰਖ ਦੀ ਮਹੱਤਤਾ ਅਤੇ ਖਾਦਾਂ ਦੀ ਸੁਚੱਜੀ ਵਰਤੋਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਸੰਦੀਪ ਸਿੰਘ ਏਡੀਓ ਨੇ ਅਪੀਲ ਕੀਤੀ ਕਿ ਮਿਆਰੀ ਬਾਸਮਤੀ ਪੈਦਾ ਕਰਨ ਹਿੱਤ ਸਰਕਾਰ ਵਲੋਂ ਬੈਨ ਕੀਤੀਆਂ ਜ਼ਹਿਰਾਂ ਦੀ ਵਰਤੋਂ ਬਾਸਮਤੀ ਦੀ ਫਸਲ ਤੇ ਬਿਲਕੁਲ ਨਾ ਕੀਤੀ ਜਾਵੇ। ਇਸ ਮੌਕੇ ਬੀਟੀਐੱਮ ਗੁਰਪ੍ਰੀਤ ਸਿੰਘ ਨੇ ਕਿਸਾਨਾਂ ਨੂੰ ਖੇਤੀ ਸਹਾਇਕ ਧੰਦਿਆਂ ਬਾਰੇ ਜਾਣਕਾਰੀ ਦਿੱਤੀ। ਵਿਸ਼ੇਸ਼ ਤੌਰ 'ਤੇ ਪਹੁੰਚੇ ਪਰਾਲੀ ਪਰਬੰਧਨ ਕਰ ਰਹੇ ਬਾਬਾ ਸ਼ੇਰ ਸਿੰਘ ਕੋਟ ਬੁੱਢਾ ਵੱਲੋਂ ਅਪੀਲ ਕੀਤੀ ਗਈ ਕਿ ਸਰਬੱਤ ਦੇ ਭਲੇ ਲਈ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਈ ਜਾਵੇ। ਇਸ ਦੌਰਾਨ ਖੇਤੀ ਦੂਤ ਪ੍ਰਭਜੀਤ ਸਿੰਘ, ਰਮਨਦੀਪ ਸਿੰਘ, ਸੈਕਟਰੀ ਪਰਮਜੀਤ ਸਿੰਘ, ਸਰਪੰਚ ਸੁਰਜੀਤ ਸਿੰਘ, ਸਰਬਜੀਤ ਸਿੰਘ, ਅਮਨਦੀਪ ਸਿੰਘ, ਖੇਤੀ ਉਪ ਨਿਰੀਖਕ ਨਿਸ਼ਾਨ ਸਿੰਘ ਅਤੇ ਇਲਾਕੇ ਦੇ ਕਿਸਾਨਾਂ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਕਿਸਾਨਾਂ ਨੂੰ ਪ੍ਰੇਰਨਾਦਾਇਕ ਨੁੱਕੜ ਨਾਟਕ ਵੀ ਦਿਖਾਇਆ ਗਿਆ।

# ਬਾਰਸ਼ ਤੇ ਤੇਜ਼ ਹਵਾਵਾਂ ਨੇ ਝੋਨੇ ਦੀ ਪੱਕੀ ਫਸਲ ਝੰਬ ਦਿੱਤੀ



**ਮਜੀਠਾ (ਸੋਇਮ ਆਨੰਦ)**-ਮਜੀਠਾ ਨਜ਼ਦੀਕ ਇਲਾਕੇ 'ਚ ਵੱਖ ਵੱਖ ਪਿੰਡਾਂ ਪਿੰਡਾਂ ਭੋਮਾ, ਵਡਾਲਾ, ਵੀਰਮ, ਗੋਸਲ, ਹਰੀਆਂ, ਡੱਡੀਆਂ, ਨਾਗ ਕਲਾਂ, ਨਾਗ ਖੁਰਦ, ਨਾਗ ਨਵੇਂ, ਦਾਦੂਪੁਰਾ, ਜੇਠੂਨੰਗਲ ਸਮੇਤ ਹੋਰ ਪਿੰਡਾਂ 'ਚ ਬਾਰਸ਼ ਨਾਲ ਚੱਲੀਆਂ ਤੇਜ਼ ਹਵਾਵਾਂ ਨੇ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਝੋਨੇ ਦੀ ਪੱਕੀ ਫਸਲ ਦਾ ਨੁਕਸਾਨ ਕੀਤਾ ਹੈ। ਇਸ ਤੋਂ ਪਹਿਲਾਂ ਵੀ ਪਈਆਂ ਭਾਰੀ ਬਾਰਸ਼ਾਂ ਨੇ ਕਿਸਾਨਾਂ ਦੀਆਂ ਝੋਨੇ ਦੀ ਫਸਲ ਤੇ ਹੋਰ ਫਸਲਾਂ ਪਾਣੀ ਵਿੱਚ ਡੁੱਬਣ ਨਾਲ ਨਸ਼ਟ ਹੋ ਗਈਆਂ ਸਨ ਜਿਸ 'ਤੇ ਕਈ ਕਿਸਾਨਾਂ ਨੇ ਤਾਂ ਝੋਨੇ ਦੀ ਫਸਲ ਦੀ ਦੁਬਾਰਾ ਬਿਜਾਈ ਕੀਤੀ ਸੀ। ਉਸ ਵੇਲੇ ਕਿਸਾਨਾਂ ਦੀਆਂ ਨੁਕਸਾਨੀਆਂ ਫਸਲਾਂ ਦਾ ਸਰਕਾਰ ਵੱਲੋਂ ਅਜੇ ਤੱਕ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ ਤੇ ਹੁਣ ਫਿਰ ਇਸ ਕਹਿਰ ਨਾਲ ਕਈ ਕਿਸਾਨਾਂ ਦੀ ਪੱਕੀ ਝੋਨੇ ਦੀ ਫਸਲ ਜ਼ਮੀਨ 'ਤੇ ਵਿਛ ਗਈ ਹੈ। ਹੁਣ ਝੋਨੇ ਦਾ ਝਾੜ ਘੱਟ ਨਿਕਲਣ ਨਾਲ ਕਿਸਾਨਾਂ ਨੂੰ ਵਿੱਤੀ ਨੁਕਸਾਨ ਹੋਣਾ ਲਾਜ਼ਮੀ ਦਿਸਦੈ।

# ਅਣਚਾਹੇ/ਲਾਵਾਰਿਸ ਨਵਜੰਮੇ ਬੱਚਿਆਂ ਨੂੰ ਜ਼ਿੰਦਗੀ ਦੇਣ ਲਈ 'ਪੰਘੂੜੇ' ਤਿਆਰ: ਡਿਪਟੀ ਕਮਿਸ਼ਨਰ



ਗੁਰਦਾਸਪੁਰ, (ਜਨਕ ਮਹਾਜਨ)-ਜ਼ਿਲ੍ਹਾ ਪ੍ਰਸ਼ਾਸਨ ਵਲੋਂ ਬਾਲ ਭਵਨ ਗੁਰਦਾਸਪੁਰ ਦੇ ਸਾਹਮਣੇ ਅਤੇ ਸਿਵਲ ਹਸਪਤਾਲ ਬਟਾਲਾ ਦੇ ਗੇਟ 'ਤੇ ਸਥਾਪਤ ਕੀਤੇ ਗਏ 'ਪੰਘੂੜੇ' ਅਣਚਾਹੇ/ਲਵਾਰਿਸ ਨਵਜਾਤ ਬੱਚਿਆਂ ਨੂੰ ਜ਼ਿੰਦਗੀ ਦੇਣ ਲਈ ਪੂਰੀ ਤਰਾਂ ਤਿਆਰ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵਲੋਂ ਕੁਝ ਮਹੀਨੇ ਪਹਿਲਾਂ 'ਕਿਲਕਾਰੀ' ਪ੍ਰੋਜੈਕਟ ਤਹਿਤ ਗੁਰਦਾਸਪੁਰ ਵਿਖੇ ਪੰਘੂੜੇ ਦੀ ਸ਼ੁਰੂਆਤ ਕੀਤੀ ਗਈ ਸੀ ਜਦਕਿ ਬਟਾਲਾ ਵਿਖੇ ਪਿਛਲੇ ਕੁਝ ਸਾਲ ਪਹਿਲਾਂ ਪੰਘੂੜਾ ਸਥਾਪਤ ਕੀਤਾ ਗਿਆ ਸੀ। ਇਹ ਪੰਘੂੜੇ ਅਣਚਾਹੇ/ਲਵਾਰਿਸ ਨਵਜਾਤ ਬੱਚਿਆਂ ਲਈ ਪੂਰੀ ਤਰਾਂ ਸੁਰੱਖਿਅਤ ਹਨ ਅਤੇ ਜਿਹੜੇ ਮਾਪੇ ਆਪਣੇ ਨਵਜਾਤ ਬੱਚਿਆਂ ਨੂੰ ਪਾਲਣ ਵਿਚ ਅਸਮਰੱਥ ਹਨ, ਉਹ ਆਪਣੇ ਬੱਚਿਆਂ ਨੂੰ ਇਨ੍ਹਾਂ ਪੰਘੂੜਿਆਂ ਵਿੱਚ ਪਾ ਕੇ ਜਾ ਸਕਦੇ ਹਨ। ਇਹ ਪੰਗੂੜੇ ਅਜਿਹੀ ਥਾਂ 'ਤੇ ਲਗਾਏ ਗਏ ਹਨ ਜਿਥੇ ਆਸ-ਪਾਸ ਕੋਈ ਨਹੀਂ ਹੈ ਅਤੇ ਬੜੀ ਅਸਾਨੀ ਨਾਲ ਕੋਈ ਵੀ ਵਿਅਕਤੀ ਬੱਚੇ ਨੂੰ ਪੰਘੂੜੇ ਵਿਚ ਪਾ ਕੇ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਬੱਚੇ ਪੰਘੂੜੇ ਵਿੱਚ ਆਉਣਗੇ ਤਾਂ ਬੱਚੇ ਦੇ ਭਾਰ ਨਾਲ ਇਕ ਬਟਨ ਪ੍ਰੈੱਸ ਹੋਵੇਗਾ ਜਿਸ ਨਾਲ ਕਰਮਚਾਰੀਆਂ ਨੂੰ ਬੱਚੇ ਦੀ ਆਮਦ ਦਾ ਪਤਾ ਲੱਗ ਜਾਵੇਗਾ। ਉਸ ਤੋਂ ਤੁਰੰਤ ਬਾਅਦ ਕਰਮਚਾਰੀਆਂ ਵੱਲੋਂ ਉਸ ਬੱਚੇ ਨੂੰ ਪ੍ਰਾਪਤ ਕਰ ਲਿਆ ਜਾਵੇਗਾ ਅਤੇ ਉਸਦੀ ਸੰਭਾਲ ਲਈ ਉਸੇ ਸਮੇਂ ਚਾਰਾਜੋਈ ਸ਼ੁਰੂ ਕਰ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਸਾਡੇ ਸਮਾਜ ਵਿੱਚ ਲੜਕੇ/ਲੜਕੀ ਦਾ ਵਿਤਕਰਾ ਪੂਰੀ ਤਰ੍ਹਾਂ ਖਤਮ ਹੋ ਜਾਵੇ ਅਤੇ ਜਨਮ ਲੈਣ ਵਾਲੇ ਹਰ ਬੱਚੇ ਨੂੰ ਆਪਣੇ ਮਾਂ-ਬਾਪ ਦਾ ਪਿਆਰ ਮਿਲੇ, ਪਰ ਫਿਰ ਵੀ ਜੇਕਰ ਕੋਈ ਵਿਅਕਤੀ/ਮਾਂ-ਬਾਪ ਆਪਣੇ ਨਵਜਾਤ ਬੱਚੇ ਨੂੰ ਰੱਖਣਾ ਨਹੀਂ ਚਾਹੁੰਦਾ ਤਾਂ ਉਹ ਬੱਚੇ ਨੂੰ ਏਧਰ-ਓਧਰ ਸੁੱਟਣ ਜਾਂ ਮਾਰਨ ਦੀ ਬਜਾਇ ਜ਼ਿਲ੍ਹਾ ਪ੍ਰਸ਼ਾਸਨ ਦੇ ਇਨ੍ਹਾਂ ਪੰਘੂੜਿਆਂ ਵਿੱਚ ਉਸ ਬੱਚੇ ਨੂੰ ਪਾ ਸਕਦੇ ਹਨ।

# ਬਾਬਾ ਸ੍ਰੀ ਚੰਦ ਦਾ ਸਾਲਾਨਾ ਜੋੜ ਮੇਲਾ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਪਿੰਡ ਭੋਜੀਆਂ ਗੁਰਦੁਆਰਾ ਬਾਬਾ ਸ੍ਰੀ ਚੰਦ ਦੇ ਮੁੱਖ ਸੇਵਾਦਾਰ ਬਾਬਾ ਗੁਰਦੇਵ ਸਿੰਘ ਨੇ ਦੱਸਿਆਂ ਕਿ ਬਾਬਾ ਸ੍ਰੀ ਚੰਦ ਦਾ ਸਾਲਾਨਾਂ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਦੇਸ਼-ਵਿਦੇਸ਼ ਤੇ ਇਲਾਕਾ ਅਤੇ ਨਗਰ ਦੇ ਸਹਿਯੋਗ ਨਾਲ 2 ਅੱਸੂ ਨੂੰ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਪਰਸੋਂ ਤੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਜਿਨ੍ਹਾਂ ਦੇ ਅੱਜ ਭੋਗ ਪਾਏ ਗਏ। ਭੋਗ ਉਪਰੰਤ ਦੀਵਾਨ ਸਜਾਏ ਗਏ ਜਿਸ ਵਿੱਚ ਰਾਗੀ, ਢਾਡੀ, ਕਥਾਵਾਚਕਾ ਨੇ ਅਤੇ ਛੋਟੇ ਬੱਚਿਆਂ ਨੇ ਗੁਰੂ ਘਰ ਦਾ ਹਰ ਜਸ ਸਰਵਣ ਕਰਕੇ ਸੰਗਤਾ ਨੂੰ ਨਿਹਾਲ ਕੀਤਾ। ਉਚੇਚੇ ਤੌਰ 'ਤੇ ਪਹੁੰਚੀਆਂ ਸੰਗਤਾ ਨੇ ਹਾਜ਼ਰੀ ਭਰੀ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਬੇਅੰਤ ਸਿੱਖ ਸੰਗਤਾਂ ਹਾਜ਼ਰ ਸਨ।

# ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਅੱਜਕਲ ਟੋਇਆਂ ਦਾ ਰਾਜ, ਮਹਿਕਮਾ ਸੁੱਤਾ ਕੁੰਭਕਰਨੀ ਨੀਂਦ

**ਗੁਰਦਾਸਪੁਰ, (ਜਨਕ ਮਹਾਜਨ)**- ਦੋ ਦਿਨਾਂ ਤੋਂ ਭਾਰੀ ਮੀਂਹ ਪੈਣ ਨਾਲ ਗੁਰਦਾਸਪੁਰ ਮੁਕੇਰੀਆਂ ਸੜਕ ਦੀ ਹਾਲਤ ਬੇਹੱਦ ਖਸਤਾ ਹੋਣ ਦੇ ਨਾਲ-ਨਾਲ ਸੜਕ ਵਿਚਕਾਰ ਨਾਲ ਡੂੰਘੇ-ਡੂੰਘੇ ਟੋਏ ਪੈ ਚੁੱਕੇ ਹਨ ਜਦਕਿ ਲੋਕ ਨਿਰਮਾਣ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਹੋਣ ਕਰਕੇ ਲੋਕਾਂ ਦਾ ਵਿਭਾਗ ਪ੍ਰਤੀ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਚਾਵਾ ਵਾਸੀ ਪ੍ਰੀਤਮ ਸਿੰਘ, ਸੋਮ ਰਾਜ, ਨਰਿੰਦਰ ਸ਼ਰਮਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਗੁਰਦਾਸਪੁਰ ਮੁਕੇਰੀਆਂ ਮੁੱਖ ਸੜਕ ਤੋਂ ਰੋਜ਼ਾਨਾ ਸੈਂਕੜਿਆਂ ਦੀ ਗਿਣਤੀ ਵਿਚ ਛੋਟੇ-ਵੱਡੇ ਵਾਹਨ ਗੁਜ਼ਰਦੇ ਹਨ। ਇਸ ਸੜਕ ਦੀ ਹਾਲਤ ਮਾੜੀ ਹੋਣ ਕਰਕੇ ਆਵਾਜਾਈ ਕਾਫ਼ੀ ਪ੍ਰਭਾਵਿਤ ਹੋ ਰਹੀ ਹੈ। ਸੜਕ ਵਿਚਕਾਰ ਟੋਇਆਂ ਵਿਚ ਪਾਣੀ ਭਰ ਜਾਣ ਕਰਕੇ ਦੁਪਹੀਆ ਵਾਹਨ ਅਕਸਰ ਪਲਟ ਜਾਂਦੇ ਹਨ ਜਿਸ ਨਾਲ ਚਾਲਕ ਜ਼ਖ਼ਮੀ ਹੋ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਸ ਮਾਰਗ 'ਤੇ ਆਰਮੀ ਸਟੇਸ਼ਨ ਹੋਣ ਕਰਕੇ ਦਿਨ ਰਾਤ ਉਨ੍ਹਾਂ ਦੇ ਵਾਹਨ ਵੀ ਗੁਜ਼ਰਦੇ ਹਨ ਜਿਨ੍ਹਾਂ ਨੂੰ ਸੜਕ ਦੀ ਖਸਤਾ ਹਾਲਤ ਹੋਣ ਕਾਰਨ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਲਾਕਾ ਵਾਸੀਆਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਗੁਰਦਾਸਪੁਰ-ਮੁਕੇਰੀਆਂ ਸੜਕ ਦੀ ਹਾਲਤ ਸੁਧਾਰੀ ਜਾਵੇ ਤਾਂ ਜੋ ਆਉਣ-ਜਾਣ ਵਾਲੇ ਰਾਹਗੀਰਾਂ ਨੂੰ



# ਸੀਐੱਚਸੀ ਭਾਮ ਵਿਖੇ 'ਆਯੁਸ਼ਮਾਨ ਆਪਕੇ ਦਵਾਰ' ਮੁਹਿੰਮ ਸ਼ੁਰੂ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)** ਸਿਵਲ ਸਰਜਨ ਗੁਰਦਾਸਪੁਰ ਡਾਕਟਰ ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸਐਮਓ ਡਾਕਟਰ ਜਤਿੰਦਰ ਭਾਟੀਆ ਦੀ ਯੋਗ ਅਗਵਾਈ ਹੇਠ ਸੀ.ਐਚ.ਸੀ ਭਾਮ ਵਿਖੇ 17 ਸਤੰਬਰ ਤੋਂ 2 ਅਕਤੂਬਰ ਤੱਕ ਆਯੁਸ਼ਮਾਨ ਭਵ ਪ੍ਰੋਗਰਾਮ ਹੇਠ ਆਯੂਸ਼ਮਾਨ ਆਪਕੇ ਦਵਾਰ ਦਾ ਆਗਾਜ਼ ਕੀਤਾ ਗਿਆ ਜਿਸ ਤਹਿਤ ਯੋਗ ਲਾਭਪਤਾਰੀਆਂ ਦੇ ਆਯੂਸ਼ਮਾਨ ਕਾਰਡ ਬਣਾਏ ਅਤੇ ਲੋਕਾਂ ਨੂੰ ਕਾਰਡ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਇਸ ਨਾਲ ਸੀ ਐਚ ਸੀ ਭਾਮ ਵਿਖੇ ਐਨ ਸੀ ਡੀ ਦਾ ਕੈਂਪ ਲਗਾਕੇ ਲੋਕਾਂ ਦਾ ਬਲੱਡ ਪ੍ਰੈਸ਼ਰ, ਸ਼ੂਗਰ ਦੀ ਜਾਂਚ ਕੀਤੀ ਗਈ। ਲੋਕਾਂ ਨੂੰ ਸਿਹਤ ਵਿਭਾਗ ਦੀਆਂ ਸਕੀਮਾਂ ਬਾਰੇ ਜਾਗਰੂਕ ਕੀਤਾ ਗਿਆ। ਬੀ ਈ ਈ ਸੁਰਿੰਦਰ ਕੌਰ ਨੇ ਦੱਸਿਆ ਕਿ ਸੇਵਾ ਪੰਦਰਵਾੜਾ ਦੀ ਮੁਹਿੰਮ ਹੈ ਜਿਸ 'ਚ ਸਵੱਛਤਾ ਅਭਿਆਨ, ਅੰਗ ਦਾਨ ਦਾ ਪ੍ਰਣ ਲੈਣਾ ਅਤੇ ਖੂਨਦਾਨ ਕੈਂਪ ਲਾਏ ਜਾਣਗੇ। ਇਸ ਪੰਖਵਾੜੇ ਦਾ ਮੁੱਖ ਮੰਤਵ ਆਭਾ ਆਈ. ਡੀ. ਬਣਾਉਣੀ, ਆਯੂਸ਼ਮਾਨ ਕਾਰਡ 100 ਫੀਸਦੀ ਯਕੀਨੀ ਬਣਾਉਣੇ ਹਨ ਅਤੇ 30 ਸਾਲ ਤੋਂ ਉਪਰ ਉਮਰ ਦੇ ਹਰ ਵਿਅਕਤੀ ਦਾ ਬੀ. ਪੀ./ਸ਼ੁਗਰ ਅਤੇ ਟੀ.ਬੀ. ਦੀ ਸਕਰੀਨਿੰਗ ਕਰਨੀ ਹੈ। ਇਸ ਦੇ ਲਈ ਹਰ ਸ਼ਨੀਵਾਰ ਹੈਲਥ ਵੈਲਨੈਸ ਸੈਂਟਰ 'ਤੇ ਸਿਹਤ ਮੇਲਿਆਂ ਦਾ ਆਯੋਜਨ ਕੀਤਾ ਜਾਵੇਗਾ। ਇਸ ਮੌਕੇ ਡਾਕਟਰ ਅਨੁਮਾਨ ਪੱਡਾ ਡਾਕਟਰ ਸ਼ੈਲਜਾ,ਬੀ.ਈ.ਈ ਸੁਰਿੰਦਰ ਕੌਰ, ਡਵਨੀਤ ਸਿੰਘ ਰੇਡੀਓਗ੍ਰਾਫਰ, ਹਰਭਜਨ ਕੌਰ ਐਲਐਚਵੀ, ਜਸਬੀਰ ਕੌਰ ਐਲਐਚਵੀ, ਕੁਲਜੀਤ ਸਿੰਘ ਹੈਲਥ ਇੰਸਪੈਕਟਰ, ਸਮੂਹ ਸਟਾਫ ਮੌਜੂਦ ਸੀ।

# 'ਅੱਖਾਂ ਦਾਨ ਜਾਗਰੂਕਤਾ ਮੁਹਿੰਮ' ਤਹਿਤ ਖ਼ਾਲਸਾ ਕਾਲਜ 'ਚ ਸੈਮੀਨਾਰ ਆਯੋਜਿਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖ਼ਾਲਸਾ ਕਾਲਜ ਵਿਖੇ 'ਅੱਖਾਂ ਦਾਨ ਜਾਗਰੂਕਤਾ ਮੁਹਿੰਮ' ਤਹਿਤ ਸੈਮੀਨਾਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਫਿਜ਼ੀਓਥੈਰੇਪੀ ਵਿਭਾਗ ਦੇ ਸਹਿਯੋਗ ਨਾਲ ਡਾ. ਸ਼ਕੀਨ'ਜ਼ ਆਈ ਐਂਡ ਡੈਂਟਲ ਹਸਪਤਾਲ ਵੱਲੋਂ ਅੱਖਾਂ ਦਾਨ ਜਾਗਰੂਕਤਾ ਮੁਹਿੰਮ ਪੰਦਰਵਾੜੇ ਤਹਿਤ ਸੈਮੀਨਾਰ ਮੌਕੇ ਵਿਦਿਆਰਥੀਆਂ ਨੂੰ ਅੱਖਾਂ ਦੀ ਸਾਂਭ-ਸੰਭਾਲ ਅਤੇ ਅੱਖਾਂ ਦਾਨ ਦੀ ਮਹੱਤਤਾ ਸਬੰਧੀ ਚਾਨਣਾ ਪਾਇਆ ਗਿਆ। ਇਸ ਮੌਕੇ ਲੈਕਚਰ ਦੀ ਸ਼ੁਰੂਆਤ ਪ੍ਰਿੰ: ਡਾ. ਮਹਿਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਪੁੱਜੇ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਨੇਤਰ ਵਿਗਿਆਨ ਵਿਭਾਗ, ਡੀਨ ਅਕਾਦਮਿਕ ਅਤੇ ਮੁਖੀ ਡਾ. ਸ਼ਕੀਨ ਸਿੰਘ ਬਾਰੇ ਵਿਦਿਆਰਥੀਆਂ ਨੂੰ ਜਾਣ-ਪਛਾਣ ਕਰਵਾਉਂਦਿਆਂ ਵਿਭਾਗ ਮੁਖੀ ਡਾ. ਮਨੂ ਵਿਸ਼ਿਸ਼ਟ ਦੁਆਰਾ ਉਲੀਕੇ ਸੈਮੀਨਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਖਾਂ ਮਨੁੱਖੀ ਸਰੀਰ ਦਾ ਮੁੱਖ 'ਤੇ ਵਿਸ਼ੇਸ਼ ਅੰਗ ਹੈ, ਜਿਸ ਨਾਲ ਅਸੀਂ ਜਹਾਨ ਦੀ ਹਰੇਕ ਸਰਗਮੀ ਨੂੰ ਵੇਖਦੇ ਹਾਂ। ਇਸ ਮੌਕੇ ਡਾ. ਸ਼ਕੀਨ ਸਿੰਘ ਨੇ ਅੰਨ੍ਹੇਪਣ ਦਾ ਕਾਰਨ ਬਣਨ ਵਾਲੀਆਂ ਵੱਖ-ਵੱਖ ਸਥਿਤੀਆਂ ਅਤੇ ਅਜਿਹੇ ਮਰੀਜ਼ਾਂ ਲਈ ਅੱਖਾਂ ਦਾਨ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਪਰੰਤ ਉਨ੍ਹਾਂ ਕੋਰਨੀਆ ਟਰਾਂਸਪਲਾਂਟੇਸ਼ਨ ਦੀਆਂ ਤਕਨੀਕਾਂ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਕੌਰਨੀਆ ਜੋ ਕਿ ਅੱਖ ਦਾ ਪਾਰਦਰਸ਼ੀ ਸਾਹਮਣੇ ਵਾਲਾ ਹਿੱਸਾ ਹੁੰਦਾ ਹੈ, ਨੂੰ ਅਕਸਰ 70 ਤੋਂ 75 ਸਾਲ ਦੀ ਉਮਰ ਤੱਕ ਟਰਾਂਸਪਲਾਂਟੇਸ਼ਨ ਲਈ ਵਰਤਿਆ ਜਾ ਸਕਦਾ ਹੈ, ਪਰ ਸਫਲ ਟਰਾਂਸਪਲਾਂਟੇਸ਼ਨ ਦੀ ਬੇਹਤਰ ਸੰਭਾਵਨਾ ਕਾਰਨ ਛੋਟੇ ਕੌਰਨੀਆ ਨੂੰ ਤਰਜੀਹ ਦਿੱਤੀ ਜਾਂਦੀ ਹੈ। ਉਨ੍ਹਾਂ ਭਾਰਤ ਅਤੇ ਦੁਨੀਆ ਭਰ 'ਚ ਟਰਾਂਸਪਲਾਂਟੇਸ਼ਨ ਲਈ ਕੋਰਨੀਆ ਦੀ ਗੰਭੀਰ ਘਾਟ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਭਾਰਤ 'ਚ ਲੋਕਾਂ ਦੇ ਵੱਖੋ-ਵੱਖਰੇ ਸੱਭਿਆਚਾਰਕ ਵਿਸ਼ਵਾਸ ਹਨ, ਜਿੱਥੇ ਅੰਗ ਅਤੇ ਅੱਖਾਂ ਦਾਨ ਬਾਰੇ ਲੋਕਾਂ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰਦੇ ਹਨ। ਉਨ੍ਹਾਂ ਕਿਹਾ ਕਿ ਅੱਖਾਂ ਦਾਨ ਜਾਗਰੂਕਤਾ ਮੁਹਿੰਮ ਪੰਦਰਵਾੜੇ ਵਰਗੀਆਂ ਪਹਿਲਕਦਮੀਆਂ ਇਨ੍ਹਾਂ ਰੁਕਾਵਟਾਂ ਨੂੰ ਤੋੜਨ, ਜਾਗਰੂਕਤਾ ਵਧਾਉਣ ਅਤੇ ਅੱਖਾਂ ਦਾਨ ਸਬੰਧੀ ਉਤਸ਼ਾਹਿਤ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਸ ਮੌਕੇ ਡਾ. ਮਨੂ ਵਿਸ਼ਿਸ਼ਟ ਨੇ ਪ੍ਰਿੰ: ਡਾ. ਮਹਿਲ ਸਿੰਘ ਅਤੇ ਡਾ. ਸ਼ਕੀਨ ਦਾ ਧੰਨਵਾਦ ਕੀਤਾ।

# ਜ਼ਿਲ੍ਹਾ ਗਤਕਾ ਐਸੋਸੀਏਸ਼ਨ ਗੁਰਦਾਸਪੁਰ ਵੱਲੋਂ 'ਵਿਰਸਾ ਸੰਭਾਲ ਗੱਤਕਾ ਕੱਪ' ਅੱਜ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਜਗਤ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਮੌਕੇ ਗੱਤਕਾ ਫੈਡਰੇਸ਼ਨ ਆਫ ਇੰਡੀਆ ਅਤੇ ਪੰਜਾਬ ਗਤਕਾ ਐਸੋਸੀਏਸ਼ਨ ਦੀ ਅਗਵਾਈ ਹੇਠ ਜ਼ਿਲ੍ਹਾ ਗਤਕਾ ਐਸੋਸੀਏਸ਼ਨ ਵੱਲੋਂ ਵਿਰਸਾ ਸੰਭਾਲ ਗੱਤਕਾ ਕੱਪ 2023, ਦਿਨ ਬੁੱਧਵਾਰ 20 ਸਤੰਬਰ ਨੂੰ ਸ਼ਾਮ 5 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਜਥੇ: ਧਰਮ ਸਿੰਘ ਮਾਰਕੀਟ ਸ਼ਾਸਤਰੀ ਨਗਰ, ਬਟਾਲਾ ਵਿੱਖੇ ਕਰਵਾਇਆ ਜਾ ਰਿਹਾ ਹੈ। ਵਿਰਸਾ ਸੰਭਾਲ ਗੱਤਕਾ ਕੱਪ ਦੀਆਂ ਤਿਆਰੀਆਂ ਨੂੰ ਲੈ ਕੇ ਅੱਜ ਜ਼ਿਲ੍ਹਾ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਕਮ ਚੇਅਰਮੈਨ ਰਵਿੰਦਰ ਸਿੰਘ ਮਠਾਰੂ ਅਤੇ ਹੋਰ ਅਹੁਦੇਦਾਰ ਤੇਜਪਾਲ ਸਿੰਘ ਪਾਲ, ਰਜਿੰਦਰ ਸਿੰਘ ਹੈਪੀ, ਹਰਵਿੰਦਰ ਸਿੰਘ ਟਿੰਕੂ, ਇੰਦਰਪ੍ਰੀਤ ਸਿੰਘ ਰਿੱਕੀ, ਜੋਧਵੀਰ ਸਿੰਘ, ਗਗਨਦੀਪ ਸਿੰਘ, ਬਲਬੀਰ ਸਿੰਘ ਬੱਲੀ, ਜਸਬੀਰ ਸਿੰਘ, ਹਰਪਾਲ ਸਿੰਘ ਤੇ ਹੋਰ ਮੈਂਬਰਾਂ ਵਲੋਂ ਜਿੱਥੇ ਤਿਆਰੀਆਂ ਨੂੰ ਲੈ ਕੇ ਹਲਕਾ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਨਾਲ ਮੁਲਾਕਾਤ ਕੀਤੀ ਗਈ, ਉੱਥੇ ਨਾਲ ਹੀ ਸਾਰੀ ਸਥਿਤੀ ਦਾ ਜਾਇਜ਼ਾ ਵੀ ਲਿਆ ਗਿਆ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਗੁਰਦਾਸਪੁਰ ਵੱਲੋਂ ਆਪਣੇ ਅਮੀਰ ਧਾਰਮਿਕ ਵਿਰਸੇ ਨੂੰ ਸੰਭਾਲਣ ਅਤੇ ਨੌਜਵਾਨਾਂ ਤੋਂ ਇਲਾਵਾ ਬੱਚਿਆਂ ਨੂੰ ਗੱਤਕੇ ਦੀ ਸਿਖਲਾਈ ਦੇਣੀ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਪੂਰਾ ਸਹਿਯੋਗ ਕਰੇਗੀ ਅਤੇ ਗੱਤਕਾ ਖਿਡਾਰੀਆਂ ਨੂੰ ਹੋਰ ਪ੍ਰਫੁੱਲਿਤ ਕਰਨ ਦੇ ਲਈ ਵੀ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਜਿਲ੍ਹਾ ਗੱਤਕਾ ਐਸੋਸੀਏਸ਼ਨ ਗੁਰਦਾਸਪੁਰ ਦੇ ਪ੍ਰਧਾਨ ਕਮ ਚੇਅਰਮੈਨ ਰਵਿੰਦਰ ਸਿੰਘ ਮਠਾਰੂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਵਿਰਸਾ ਸੰਭਾਲ ਗੱਤਕਾ ਕੱਪ ਕਰਵਾਇਆ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾ ਰਹੀਆਂ ਹਨ, ਜਦਕਿ ਇਸ ਕੱਪ ਦੇ ਵਿੱਚ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਗਤਕਾ ਦੀਆਂ ਨਾਮਵਰ ਟੀਮਾਂ ਭਾਗ ਲੈਣਗੀਆਂ ਅਤੇ ਆਪਣੀ ਖੇਡ ਦੇ ਜੌਹਰ ਵਿਖਾਉਣਗੀਆਂ।

# ਬਿਹਤਰ ਸੇਵਾਵਾਂ ਬਦਲੇ ਇੰਸਪੈਕਟਰ ਰਾਜਿੰਦਰ ਕੌਰ ਸਨਮਾਨਿਤ



**ਤਰਨਤਾਰਨ (ਪ੍ਰਿਤਪਾਲ ਸਿੰਘ)**-ਐਂਟੀ ਪਲਿਊਸ਼ਨ ਆਰਗੇਨਾਈਜੇਸ਼ਨ, ਪੰਜਾਬ (ਰਜਿ.) ਦਾ ਵਫਦ ਈ. ਓ. ਵਿੰਗ ਤਰਨਤਾਰਨ ਦੀ ਇੰਚਾਰਜ ਇੰਸਪੈਕਟਰ ਰਾਜਿੰਦਰ ਕੌਰ ਨੂੰ ਪ੍ਰਧਾਨ ਐਡਵੋਕੇਟ ਆਦੇਸ਼ ਅਗਨੀਹੋਤਰੀ ਦੀ ਅਗਵਾਈ ਹੇਠ ਮਿਲਿਆ ਅਤੇ ਬਿਹਤਰ ਸੇਵਾਵਾਂ ਬਦਲੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਅਤੇ ਸਿਰੋਪਾਏ ਦੇ ਕੇ ਸਨਮਾਨਿਤ ਕੀਤਾ। ਐਡਵੋਕੇਟ ਆਦੇਸ਼ ਅਗਨੀਹੋਤਰੀ ਨੇ ਕਿਹਾ ਕਿ ਗੁਰੂ ਨਗਰੀ ਤਰਨਤਾਰਨ ਵਿਖੇ ਜੋ ਵੀ ਅਫਸਰ ਲੋਕਾਂ ਵਾਸਤੇ ਕੰਮ ਕਰਦਾ ਹੈ ਅਤੇ ਮਿਹਨਤ ਕਰਦਾ ਹੈ, ਆਰਗੇਨਾਈਜੇਸ਼ਨ ਦੇ ਅਹੁਦੇਦਾਰ ਉਸ ਦਾ ਸਨਮਾਨ ਕਰਦੇ ਹਨ। ਇਸਦੇ ਨਾਲ ਅਫਸਰ ਦੀ ਹੋਰ ਵੀ ਹੌਸਲਾ ਅਫਜ਼ਾਈ ਹੁੰਦੀ ਹੈ ਅਤੇ ਕੰਮ ਹੋਰ ਮਿਹਨਤ ਨਾਲ ਕਰਦੇ ਹਨ।

ਉਨ੍ਹਾਂ ਕਿਹਾ ਕਿ ਤਰਨਤਾਰਨ ਲਈ ਬੜੇ ਮਾਣ ਦੀ ਗੱਲ ਹੈ ਕਿ ਕਈ ਉੱਚ ਅਹੁੱਦਿਆ ਤੇ ਬੈਠ ਕੇ ਮਹਿਲਾ ਅਫਸਰ ਕੰਮ ਕਰ ਰਹੇ ਹਨ, ਜੋ ਕਿ ਲੜਕਾ-ਲੜਕੀ ਦੇ ਭੇਦਭਾਵ ਨੂੰ ਖਤਮ ਕਰਦੇ ਹਨ। ਇੰਸਪੈਕਟਰ ਰਾਜਿੰਦਰ ਕੌਰ ਨੇ ਕਿਹਾ ਕਿ ਸ਼ਹਿਰ ਦੇ ਲੋਕਾਂ ਨੂੰ ਜੇ ਕੋਈ ਈ. ਓ. ਵਿੰਗ ਅਤੇ ਜ਼ਮੀਨ ਜਾਇਦਾਦ ਦੇ ਝਗੜੇ ਨਾਲ ਸੰਬੰਧਿਤ ਸਮੱਸਿਆ ਹੈ ਤਾਂ ਉਹ ਉਨ੍ਹਾਂ ਨੂੰ ਆ ਕੇ ਮਿਲ ਸਕਦਾ ਹੈ ਅਤੇ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਸ਼ਿਕਾਇਤਕਰਤਾ ਜੇਕਰ ਸਹੀ ਹੋਵੇਗਾ ਤਾਂ ਉਸ ਨੂੰ ਪੂਰਾ ਇਨਸਾਫ ਦਿਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਕੱਲ ਆਨਲਾਈਨ ਠੱਗੀ ਦੇ ਮਾਮਲੇ ਵੱਧ ਰਹੇ ਹਨ, ਇਸ ਲਈ ਸੁਚੇਤ ਰਹਿਣਾ ਬਹੁਤ ਜ਼ਰੂਰੀ ਹੈ। ਵਿਦੇਸ਼ ਭੇਜਣ ਦੇ ਨਾਂਅ ਤੇ ਕੁਝ ਲੋਕ ਨਕਦ ਪੈਸੇ ਦੀ ਮੰਗ ਕਰਦੇ ਹਨ, ਪਰ ਉਨ੍ਹਾਂ ਨੂੰ ਪੇ-ਅਕਾਊਂਟ ਚੈੱਕ ਦੇਣਾ ਚਾਹੀਦਾ ਹੈ। ਜੇਕਰ ਉਹ ਠੱਗੀ ਕਰਨ ਤਾਂ ਈ. ਓ. ਵਿੰਗ ਵਿਖੇ ਸ਼ਿਕਾਇਤ ਕਰਵਾ ਕੇ ਇਨਸਾਫ ਮਿਲ ਸਕਦਾ ਹੈ। ਇਸ ਮੌਕੇ ਸੁਮਿਤ ਸਿੰਧੀ, ਰਮੇਸ਼ ਗੁਪਤਾ ਅਤੇ ਗੋਬਿੰਦ ਸਿੰਘ ਮੌਜੂਦ ਸਨ।

# ਰਿਆੜਕੀ ਸਕੂਲ ਦੇ ਰੂਪਅਰਮਾਨ ਸਿੰਘ ਨੇ ਜੈਵਲਿਨ ਥਰੋਅ 'ਚ ਨਾਮਣਾ ਖੱਟਿਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਵਿਦਿਅਕ ਜਗਤ ਵਿੱਚ ਨਿਵੇਕਲੀ ਪਛਾਣ ਰੱਖਣ ਵਾਲੇ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਦੇ ਵਿਦਿਆਰਥੀ ਜਿੱਥੇ ਅਕਾਦਮਿਕ ਅਤੇ ਧਾਰਮਿਕ ਵਿੱਦਿਆ ਖੇਤਰ ਵਿੱਚ ਮੋਹਰੀ ਹੁੰਦੇ ਹਨ ਉੱਥੇ ਹੀ ਇਸ ਸੰਸਥਾ ਦੇ ਵਿਦਿਆਰਥੀ ਖੇਡਾਂ ਵਿੱਚ ਵੀ ਮੱਲਾਂ ਮਾਰ ਰਹੇ ਹਨ। ਸੰਗਰੂਰ ਵਿਖੇ ਹੋਈ 15 ਸਤੰਬਰ ਤੋਂ 17 ਸਤੰਬਰ ਤੱਕ ਹੋਈ 98ਵੀਂ ਓਪਨ ਸੀਨੀਅਰ/ ਜੂਨੀਅਰ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਦੇ ਜਮਾਤ ਦਸਵੀਂ ਦੇ ਵਿਦਿਆਰਥੀ ਰੂਪਅਰਮਾਨ ਸਿੰਘ ਪਿੰਡ ਮੇਤਲੇ ਨੇ ਦੂਸਰਾ ਸਥਾਨ ਹਾਸਲ ਕਰਕੇ ਆਪਣੇ ਮਾਤਾ ਪਿਤਾ, ਆਪਣੀ ਸੰਸਥਾ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਮਨਪ੍ਰੀਤ ਕੌਰ ਵਿਰਕ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀ ਰੂਪਅਰਮਾਨ ਸਿੰਘ ਨੇ ਅੰਡਰ 16 ਜੈਵਲਿਨ ਥਰੋਅ ਵਿੱਚ ਪੰਜਾਬ ਭਰ ਵਿੱਚੋਂ ਦੂਸਰਾ ਸਥਾਨ ਹਾਸਲ ਕਰਕੇ ਸਾਬਿਤ ਕਰ ਦਿੱਤਾ ਹੈ ਕਿ ਵਿਦਿਆਰਥੀ ਜੇਕਰ ਨਿਸਚਾ ਕਰ ਲੈਣ ਤਾਂ ਉਹ ਕੋਈ ਵੀ ਮੁਕਾਮ ਹਾਸਲ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਨੇੜਲੇ ਭਵਿੱਖ ਵਿੱਚ ਇਹ ਵਿਦਿਆਰਥੀ ਅੰਤਰਰਾਸਟਰੀ ਪੱਧਰ ਤੇ ਮੱਲਾਂ ਮਾਰਨ ਦੀ ਕਾਬਲੀਅਤ ਰੱਖਦਾ ਹੈ। ਇਸ ਮੌਕੇ ਸਕੂਲ ਪਹੁੰਚਣ ਤੇ ਵਿਦਿਆਰਥੀ ਰੂਪਅਰਮਾਨ ਸਿੰਘ ਦਾ ਸਾਥੀ ਵਿਦਿਆਰਥੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਵਿਦਿਆਰਥੀਆਂ ਨਾਲ ਖੁਸ਼ੀ ਸਾਂਝੀ ਕਰਦੇ ਹੋਏ ਰੂਪਅਰਮਾਨ ਸਿੰਘ ਨੇ ਦੱਸਿਆ ਕਿ ਉਸ ਦਾ ਨਿਸ਼ਾਨਾ ਇੱਕ ਦਿਨ ਓਲੰਪਿਕ ਖੇਡਾਂ ਵਿੱਚ ਆਪਣੇ ਦੇਸ ਦਾ ਨਾਮ ਰੌਸ਼ਨ ਕਰਨਾ ਹੈ। ਇਸ ਮੌਕੇ ਸਕੂਲ ਪ੍ਰਬੰਧਕਾਂ ਵੱਲੋਂ ਵਿਦਿਆਰਥੀ ਦੇ ਮਾਤਾ-ਪਿਤਾ ਗਗਨਦੀਪ ਕੌਰ ਨਾਗਰਾ ਅਤੇ ਪਿਤਾ ਬਲਜਿੰਦਰ ਸਿੰਘ ਨਾਗਰਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ।

# ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਅਤੇ ਪੰਜਾਬ ਇਸਤਰੀ ਸਭਾ ਵੱਲੋਂ ਅਹਿਮ ਇਕੱਤਰਤਾ



**ਮਜੀਠਾ (ਸੋਇਮ ਆਨੰਦ)**-ਪਿੰਡ ਗੋਪਾਲਪੁਰਾ ਵਿਖੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਅਤੇ ਪੰਜਾਬ ਇਸਤਰੀ ਸਭਾ ਦੀ ਮੀਟਿੰਗ ਕੀਤੀ ਗਈ ਜਿਸ ਵਿੱਚ ਨਰੇਗਾ ਆਗੂ ਕੁਲਵਿੰਦਰ ਕੌਰ ਖੁਸ਼ੀਪੁਰ ਅਤੇ ਸੀਪੀਆਈ ਸੈਕਟਰੀ ਮਜੀਠਾ ਬਲਕਾਰ ਸਿੰਘ ਦੁਧਾਲਾ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਥਾਣਾ ਕੱਥੂਨੰਗਲ ਦੀ ਪੁਲਸ ਦੇ ਵਤੀਰੇ 'ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਜਿਸ ਵਿੱਚ ਆਮ ਲੋਕਾਂ ਨਾਲ ਹੁੰਦੀ ਬੇਇਨਸਾਫੀ ਬਾਰੇ ਜੋਗਿੰਦਰ ਸਿੰਘ ਗੋਪਾਲਪੁਰਾ ਨੇ ਕਿਹਾ ਕਿ ਕੱਥੂਨੰਗਲ ਦੀ ਪੁਲਸ ਕਿਸੇ ਵੀ ਦਿੱਤੀ ਹੋਈ ਦਰਖਾਸਤ ਵੱਲ ਧਿਆਨ ਨਹੀਂ ਦੇ ਰਹੀ। ਇਸ ਵਾਸਤੇ ਜ਼ਰੂਰੀ ਹੋ ਗਿਆ ਹੈ ਕਿ ਕੱਥੂਨੰਗਲ ਦੀ ਪੁਲਸ ਵਿਰੁੱਧ ਇੱਕ ਵਿਰੋਧ ਪ੍ਰਦਰਸ਼ਨ ਕੀਤਾ ਜਾਵੇ।ਜਿਸਦੀ ਸਾਰੇ ਸਾਥੀਆਂ ਨੇ ਸਹਿਮਤੀ ਪ੍ਰਗਟਾਈ ਅਤੇ ਆਉਂਦੇ ਦਿਨਾਂ ਵਿੱਚ ਕੱਥੂਨੰਗਲ ਥਾਣੇ ਅੱਗੇ ਵਿਰੋਧ ਮੁਜ਼ਾਹਰਾ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਮੁਖਤਾਰ ਸਿੰਘ ਮੱਝਵਿੰਡ, ਲਖਵਿੰਦਰ ਗੋਪਾਲਪੁਰਾ, ਪ੍ਰਮਜੀਤ ਕੌਰ, ਮਨਜੀਤ ਕੌਰ, ਬਲਵਿੰਦਰ ਕੌਰ, ਰਣਜੀਤ ਕੌਰ ਅਤੇ ਸਿਮਰਜੀਤ ਕੌਰ ਨੇ ਵੀ ਹਿੱਸਾ ਲਿਆ।

ਅਖੀਰ ਵਿੱਚ ਬਲਕਾਰ ਸਿੰਘ ਦੁਧਾਲਾ ਨੇ ਪੁਲਸ ਵਿਰੁੱਧ ਉਲੀਕੇ ਗਏ ਪ੍ਰੋਗਰਾਮ ਦਾ ਸਵਾਗਤ ਕਰਦਿਆਂ ਕਿਹਾ ਕਿ ਜੇ ਥਾਣਾ ਕੱਥੂਨੰਗਲ ਦੇ ਮੁਲਾਜ਼ਮਾਂ ਨੇ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਵੱਲ ਧਿਆਨ ਨਾ ਦਿੱਤਾ ਤਾਂ ਉਸ ਦੀਆਂ ਆਪ ਹੁਦਰੀਆਂ ਦਾ ਮੂੰਹਤੋੜ ਜਵਾਬ ਦਿੱਤਾ ਜਾਵੇਗਾ ਜਿਸ ਵਿੱਚ ਥਾਣੇ ਦੇ ਗੇਟ ਮੂਹਰੇ ਰੋਸ ਮੁਜ਼ਾਹਰਾ ਕਰਕੇ ਪੁਲਸ ਦੇ ਕੱਚੇ ਚਿੱਠੇ ਲੋਕਾਂ ਸਾਹਮਣੇ ਰੱਖੇ ਜਾਣਗੇ।

# 3 ਅਕਤੂਬਰ ਦੀ ਕਾਨਫਰੰਸ ਦੀਆਂ ਤਿਆਰੀਆਂ ਜ਼ੋਰਾਂ 'ਤੇ: ਕਾਮਰੇਡ ਬਲਵਿੰਦਰ ਸਿੰਘ



**ਚੋਹਲਾ ਸਾਹਿਬ (ਨਜ਼ਸ)**—ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੀਪੀਆਈ ਦੇ ਬਲਾਕ ਚੋਹਲਾ ਸਾਹਿਬ ਅਤੇ ਨੌਸ਼ਹਿਰਾ ਪੰਨੂੰਆਂ ਦੇ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ ਸੀਪੀਆਈ ਵੱਲੋਂ ਹਰ ਸਾਲ ਦੀ ਤਰ੍ਹਾਂ ਤਿੰਨ ਅਕਤੂਬਰ ਨੂੰ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ ਦਿਵਸ 'ਤੇ ਵਿਸ਼ਾਲ ਕਾਨਫਰੰਸ ਕੀਤੀ ਜਾ ਰਹੀ ਹੈ। ਇਸ ਕਾਨਫਰੰਸ ਨੂੰ ਸੰਬੋਧਨ ਪਾਰਟੀ ਦੇ ਕੇਂਦਰੀ ਤੇ ਸੂਬਾਈ ਆਗੂ ਸੰਬੋਧਨ ਕਰਨਗੇ। ਉਨਾਂ ਕਿਹਾ ਕਿ ਅੱਜ ਦੀਆਂ ਰਵਾਇਤੀ ਪਾਰਟੀਆਂ ਗੁਰੂ ਦੇ ਆਦੇਸ਼ਾਂ ਨੂੰ ਭੁੱਲ ਚੁੱਕੀਆਂ ਹਨ। ਵਾਰੀ ਵਾਰੀ ਅਕਾਲੀ ਤੇ ਕਾਂਗਰਸੀ ਆਪਣੇ ਪਰਿਵਾਰਵਾਦ ਨੂੰ ਗੱਦੀ ਤੇ ਬਿਠਾਉਣ ਲਈ ਤਰਲੋਮੱਛੀ ਹੁੰਦੀਆਂ ਰਹੀਆਂ ਹਨ। ਇਸੇ ਤਰ੍ਹਾਂ ਹੀ ਪੰਜਾਬ ਵਿਚ ਤੀਜੀ ਧਿਰ ਆਮ ਆਦਮੀ ਪਾਰਟੀ ਜੋ ਸਰਕਾਰ ਚਲਾ ਰਹੀ ਹੈ, ਚੋਰ ਮੋਰੀਆਂ ਰਾਹੀਂ ਜ਼ਿਲਾ ਪ੍ਰੀਸ਼ਦਾਂ/ਬਲਾਕ ਸੰਮਤੀਆਂ ਤੇ ਪੰਚਾਇਤਾਂ 'ਚ ਆਪਣੇ ਪਰਿਵਾਰਕ ਮੈਂਬਰਾਂ ਅਤੇ ਨਜ਼ਦੀਕੀਆਂ ਦੇ ਕਬਜ਼ੇ ਕਰਾਉਣਾ ਚਾਹੁੰਦੀ ਹੈ। ਇਸ ਕਾਨਫਰੰਸ ਵਿੱਚ ਇਨ੍ਹਾਂ ਪਾਰਟੀਆਂ ਦੇ ਪੋਲ ਖੋਲ੍ਹੇ ਜਾਣਗੇ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਇਸ ਕਾਨਫਰੰਸ ਨੂੰ ਸਫਲ ਬਣਾਉਣ ਵਾਸਤੇ ਵੱਧ ਤੋਂ ਵੱਧ ਇਥੇ ਪਹੁੰਚਣ।

# ਮਨਰੇਗਾ ਵਰਕਰਜ਼ ਯੂਨੀਅਨ ਵੱਲੋਂ ਏ ਡੀ ਸੀ ਦੇ ਦਫਤਰ ਅੱਗੇ ਧਰਨਾ ਅੱਜ



**ਜਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)** ਮਨਰੇਗਾ ਵਰਕਰਜ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਪਰਮਜੀਤ ਕੌਰ ਅਤੇ ਜਨਰਲ ਸਕੱਤਰ ਕਮਲਾ ਦੇਵੀ ਨੇ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਮਨਰੇਗਾ ਸਕੀਮ ਅਧੀਨ ਕੰਮ ਕਰਦੇ ਮੇਹਟਾਂ ਅਤੇ ਵਰਕਰਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆ ਮੰਗਾਂ ਦਾ ਹੱਲ ਨਹੀਂ ਕੀਤਾ ਜਾ ਰਿਹਾ , ਜਿਸ ਕਰਕੇ ਜੱਥੇਬੰਦੀ ਵਲੋਂ 20 ਸਤੰਬਰ ਨੂੰ ਏ.ਡੀ.ਸੀ.( ਪੇਂਡੂ ਵਿਕਾਸ ) ਹੁਸ਼ਿਆਰਪੁਰ ਦੇ ਦਫਤਰ ਅਗੇ ਧਰਨਾ ਦਿੱਤਾ ਜਾ ਰਿਹਾ ਹੈ । ਇਸ ਧਰਨੇ ਵਿੱਚ ਸਮੁੱਚੇ ਜ਼ਿਲ੍ਹੇ ਦੇ ਸਮੁੱਚੇ ਬਲਾਕਾਂ ਤੋਂ ਵਰਕਰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ । ਆਗੂਆਂ ਆਖਿਆ ਕਿ ਵਰਕਰਾਂ ਦੀਆਂ ਮੰਗਾਂ ਦੇ ਸਬੰਧ ਵਿੱਚ ਪਿਛਲੇ ਮਹੀਨੇ 2 ਅਗਸਤ ਨੂੰ ਯੂਨੀਅਨ ਦਾ ਇੱਕ ਡੈਪੂਟੇਸ਼ਨ ਮੋਹਾਲੀ ਵਿਖੇ ਸਟੇਟ ਪ੍ਰੋਗਰਾਮ ਮੈਨੇਜਰ ( ਮਗਨਰੇਗਾ) ਪੰਜਾਬ ਸ਼੍ਰੀਮਤੀ ਰਜਨੀ ਬਾਲਾ ਨੂੰ ਮਿਲਿਆ ਸੀ ਅਤੇ ਇਸ ਉਪਰੰਤ ਜੱਥੇਬੰਦੀ ਦਾ ਵਫਦ ਮਿਤੀ 14 ਅਗਸਤ ਨੂੰ ਏ.ਡੀ.ਸੀ. ਦੀ ਗੈਰ ਮੌਜੂਦਗੀ ਵਿੱਚ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਵੀ ਮਿਲਿਆ ਅਤੇ ਦੋਨਾਂ ਅਧਿਕਾਰੀਆਂ ਨੂੰ ਮਨਰੇਗਾ ਵਰਕਰਾਂ ਅਤੇ ਮੇਹਟਾਂ ਦੀਆਂ ਮੰਗਾ ਸਬੰਧੀ ਲਿਖਤੀ ਮੰਗ ਪੱਤਰ ਵੀ ਦਿੱਤਾ ਗਿਆ , ਪ੍ਰੰਤੂ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਨਾ ਮੰਗਾਂ ਲਾਗੂ ਕੀਤੀਆਂ ਗਈਆਂ ਅਤੇ ਨਾ ਹੀ ਬੀ.ਡੀ.ਪੀ.ਓ. ਦਫਤਰਾਂ ਨੂੰ ਕੋਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਅਤੇ ਇੱਥੋਂ ਤੱਕ ਕਿ ਜੱਥੇਬੰਦੀ ਨਾਲ ਕੋਈ ਮੀਟਿੰਗ ਕਰਨੀ ਵੀ ਸਬੰਧਤ ਅਧਿਕਾਰੀਆਂ ਵਲੋਂ ਮੁਨਾਸਬ ਨਹੀਂ ਸਮਝੀ ਗਈ। ਇਸ ਮੌਕੇ ਜ਼ਿਲ੍ਹਾ ਆਗੂਆਂ ਬਲਵਿੰਦਰ ਕੌਰ , ਰਕਸ਼ਾ ਦੇਵੀ , ਵਰਿੰਦਰ ਕੌਰ, ਕਮਲੇਸ਼ ਕੌਰ , ਅਨੀਤਾ ਦੇਵੀ ,ਸੋਹਣ ਲਾਲ , ਦਵਿੰਦਰ ਸਿੰਘ , ਰਿਤੀ , ਦਵਿੰਦਰ ਕੌਰ , ਉਸ਼ਾ ਰਾਣੀ , ਸੁਮਨ ਆਦਿ ਹਾਜਰ ਸਨ ।

# ਜ਼ਿੰਦਗੀ 'ਚ ਕਦੇ ਹਾਰ ਨਹੀਂ ਮੰਨਣੀ ਚਾਹੀਦੀ : ਡੀ ਜੀ ਐੱਨ ਸੀ ਸੀ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਐੱਨਸੀਸੀ ਯੂਨਿਟ ਵੱਲੋਂ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਜਿਸ ਵਿਚ ਗਰੁੱਪ ਕਮਾਂਡਰ ਲੈਫਟੀਨੈਂਟ ਜਨਰਲ ਗੁਰਬੀਰਪਾਲ ਸਿੰਘ, ਏ.ਵੀ.ਐੱਸ.ਐੱਮ., ਵੀ.ਐੱਸ.ਐੱਮ., ਡੀ.ਜੀ. ਐੱਨ. ਸੀ. ਸੀ. ਹਾਜ਼ਰ ਹੋਏ। ਇਸ ਮੌਕੇ ਹੋਰਨਾਂ ਪਤਵੰਤਿਆਂ ਤੋਂ ਇਲਾਵਾ ਬ੍ਰਿਗੇਡੀਅਰ ਰੋਹਿਤ ਕੁਮਾਰ, ਗਰੁੱਪ ਕਮਾਂਡਰ ਐੱਸ.ਆਰ.ਐੱਨ. ਸੀ. ਸੀ. ਗਰੁੱਪ, ਏ. ਐਨ. ਓ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਲੈਫਟੀਨੈਂਟ ਅਨਿਲ ਕੁਮਾਰ ਦੇ ਨਾਲ ਅੰਮ੍ਰਿਤਸਰ ਦੀਆਂ ਸਾਰੀਆਂ ਯੂਨਿਟਾਂ ਦੇ ਸੀਓਜ਼ ਅਤੇ ਏ. ਐਨ. ਓਜ਼ ਅਤੇ ਪੀ. ਆਈ. ਸਟਾਫ਼ ਸ਼ਾਮਲ ਸਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਗ੍ਰੰਥ ਸਾਹਿਬ ਆਡੀਟੋਰੀਅਮ ਵਿਚ ਹੋਏ ਇਸ ਪ੍ਰੋਗਰਾਮ ਵਿਚ ਕੈਡਿਟਾਂ ਵੱਲੋਂ ਜਨਰਲ ਗੁਰਬੀਰਪਾਲ ਸਿੰਘ ਅਤੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸਮਾਗਮ ਵਿੱਚ ਅੰਮ੍ਰਿਤਸਰ ਗਰੁੱਪ ਦੀਆਂ ਸਾਰੀਆਂ ਇਕਾਈਆਂ ਤੋਂ ਲਗਭਗ 250 ਕੈਡਿਟ ਹਾਜ਼ਰ ਸਨ। ਸਮਾਗਮ ਦੀ ਸ਼ੁਰੂਆਤ ਸ਼ਮ੍ਹਾਂ ਰੌਸ਼ਨ ਕਰ ਕੇ ਕੀਤੀ ਗਈ ਅਤੇ ਇਸ ਤੋਂ ਬਾਅਦ ਕੈਡਿਟਾਂ ਵੱਲੋਂ ਦੇਸ਼ ਭਗਤੀ ਦੇ ਕਈ ਪ੍ਰੋਗਰਾਮ ਪੇਸ਼ ਕੀਤੇ ਗਏ। ਇਸ ਤੋਂ ਇਲਾਵਾ ਵੱਖ-ਵੱਖ ਏ.ਐਨ.ਓਜ਼ ਅਤੇ ਕੈਡਿਟਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਅਤੇ ਐਨਸੀਸੀ ਵਿੱਚ ਯੋਗਦਾਨ ਲਈ ਸਨਮਾਨਿਤ ਵੀ ਕੀਤਾ ਗਿਆ। ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿੱਚ ਲੈਫਟੀਨੈਂਟ ਡਾ. ਅੰਜਨਾ ਮਲਹੋਤਰਾ (ਏ.ਐਨ.ਓ.), ਡਾ. ਜੋਤੀ ਸ਼ਰਮਾ (ਜੂਨੀਅਰ ਸਹਾਇਕ ਐੱਨ.ਸੀ.ਸੀ. ਗਰੁੱਪ ਹੈਡਕੁਆਰਟਰ), ਸੀਨੀਅਰ ਯੂ.ਓ. ਗੀਤਾਂਜਲੀ ਲਲੋਤਰਾ (24 ਪੀ.ਬੀ. ਬੀਐੱਨ ਐੱਨਸੀਸੀ) ਅਤੇ ਕੈਡਿਟ ਗਗਨਦੀਪ ਸਿੰਘ (11ਵਾਂ ਪੀ.ਬੀ. ਬੀਐੱਨ ਐੱਨਸੀਸੀ)। ਸੀਨੀਅਰ ਯੂ.ਓ. ਕੈਡਿਟ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਉਰਵੀ (ਪਹਿਲੀ ਪੀ.ਬੀ. ਬੀਐੱਨ ਐਨਸੀਸੀ) ਨੂੰ ਵੀ ਉਨ੍ਹਾਂ ਦੇ ਯਤਨਾਂ ਅਤੇ ਸ਼ਾਨਦਾਰ ਪ੍ਰਦਰਸ਼ਨ ਲਈ ਸਨਮਾਨਿਤ ਕੀਤਾ ਗਿਆ। ਡੀਜੀ ਐੱਨਸੀਸੀ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਜ਼ਿੰਦਗੀ ਵਿਚ ਕਦੇ ਵੀ ਹਾਰ ਨਾ ਮੰਨੋ ਅਤੇ ਕਿਸੇ ਵੀ ਅਸਫਲਤਾ ਦੀ ਕਦਰ ਕਰਦਿਆਂ ਉਸ ਦਾ ਠੀਕ ਮੁਲਾਂਕਣ ਕਰਨਾ ਚਾਹੀਦਾ ਹੈ। ਬ੍ਰਿਗੇਡੀਅਰ ਰੋਹਿਤ ਕੁਮਾਰ, ਗਰੁੱਪ ਕਮਾਂਡਰ, ਐੱਸ.ਆਰ. ਗਰੁੱਪ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ: ਜਸਪਾਲ ਸਿੰਘ ਸੰਧੂ ਦਾ ਐੱਨ.ਸੀ.ਸੀ. ਦੇ ਵਿਕਾਸ ਵਿੱਚ ਨਿਰੰਤਰ ਯਤਨਾਂ ਅਤੇ ਸਮਰਪਣ ਲਈ ਧੰਨਵਾਦ ਕੀਤਾ। ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।

# ਸਵਿੱਫਟ ਕਾਰ ਤੇ ਟਰਾਲੀ ਵਿਚਕਾਰ ਭਿਆਨਕ ਟੱਕਰ, ਤਿੰਨ ਦੀ ਮੌਤ; ਇਕ ਜ਼ਖਮੀ

**ਗੁਰਦਾਸਪੁਰ (ਜਨਕ ਮਹਾਜਨ)** ਪਠਾਨਕੋਟ ਤੋਂ ਅੰਮ੍ਰਿਤਸਰ ਨੈਸ਼ਨਲ ਹਾਈਵੇ 'ਤੇ ਪੈਂਦੇ ਕਸਬਾ ਨੌਸ਼ਹਿਰਾ ਮੱਝਾ ਸਿੰਘ ਵਿਖੇ ਇਕ ਸਵਿੱਫਟ ਡਿਜ਼ਾਇਰ ਕਾਰ ਅਤੇ ਟਰਾਲੀ ਵਿਚਕਾਰ ਭਿਆਨਕ ਟੱਕਰ ਹੋਣ ਨਾਲ ਕਾਰ ਸਵਾਰ 4 ਵਿਅਕਤੀਆਂ ਵਿਚੋਂ 3 ਦੀ ਮੌਕੇ 'ਤੇ ਮੌਤ ਅਤੇ ਇਕ ਦੇ ਗੰਭੀਰ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਕ ਸਵਿੱਫਟ ਡਿਜ਼ਾਇਰ ਗੱਡੀ ਨੰਬਰ ਪੀਬੀ 08 ਬੀ. ਟੀ. 0142 'ਤੇ ਵਿਚ ਸਵਾਰ 4 ਵਿਅਕਤੀ ਜਦੋਂ ਪਠਾਨਕੋਟ ਅੰਮ੍ਰਿਤਸਰ ਨੈਸ਼ਨਲ ਹਾਈਵੇ 'ਤੇ ਪੈਂਦੇ ਕਸਬਾ ਨੌਸ਼ਹਿਰਾ ਮੱਝਾ ਸਿੰਘ ਪਹੁੰਚੇ ਤਾਂ ਉਨ੍ਹਾਂ ਦੀ ਟੱਕਰ ਇਕ ਟਰਾਲੀ ਨਾਲ ਹੋ ਗਈ। ਇਹ ਟੱਕਰ ਇੰਨੀ ਜ਼ਿਆਦਾ ਭਿਆਨਕ ਸੀ ਕਿ ਕਾਰ ਦੇ ਪਰਖੱਚੇ ਉਡ ਗਏ ਅਤੇ ਕਾਰ ਸਵਾਰ 4 ਵਿਅਕਤੀਆਂ ਵਿਚੋਂ 3 ਦੀ ਮੌਕੇ 'ਤੇ ਮੌਤ ਅਤੇ ਇਕ ਗੰਭੀਰ ਜ਼ਖ਼ਮੀ ਹੋ ਗਿਆ। ਮੌਕੇ 'ਤੇ ਪਹੁੰਚੀ ਪੁਲਸ ਪਾਰਟੀ ਨੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਮੋਰਚਰੀ ਵਿਚ ਰੱਖ ਦਿੱਤਾ ਹੈ ਜਦੋਂਕਿ ਜ਼ਖ਼ਮੀ ਚੌਥਾ ਵਿਅਕਤੀ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਜ਼ੇਰੇ ਇਲਾਜ ਹੈ। ਖ਼ਬਰ ਲਿਖੇ ਜਾਣ ਤੱਕ ਹਾਦਸੇ ਦਾ ਸਹੀ ਕਾਰਨ ਪਤਾ ਨਹੀਂ ਚੱਲ ਸਕਿਆ। ਪੁਲਸ ਵੱਲੋਂ ਕਾਰਵਾਈ ਜਾਰੀ ਹੈ।

ਨਵਾਂ ਜ਼ਮਾਨਾ

ਬੁੱਧਵਾਰ, 20 ਸਤੰਬਰ 2023

# ਸੋਸ਼ਲ ਮੀਡੀਆ ਨੂੰ ਨੱਥ ਜ਼ਰੂਰੀ

*ਇਸ ਸਮੇਂ ਪ੍ਰਿੰਟ ਮੀਡੀਆ ਪਾਠਕਾਂ ਦੀ ਬੇਰੁਖੀ ਨਾਲ ਜੂਝ ਰਿਹਾ ਹੈ। ਆਉਣ ਵਾਲੇ ਸਮੇਂ ਦੌਰਾਨ ਖ਼ਬਰਾਂ ਵਾਲੇ ਚੈਨਲਾਂ ਨੂੰ ਵੀ ਦਰਸ਼ਕਾਂ ਦੀ ਬੇਰੁਖੀ ਨਾਲ ਜੂਝਣਾ ਪਵੇਗਾ। ਇਸ ਸਮੇਂ ਲੋਕਾਂ ਦਾ ਰੁਝਾਨ ਚੈਨਲਾਂ ਵੱਲੋਂ ਹਟ ਕੇ ਸੋਸ਼ਲ ਮੀਡੀਆ ਸਾਈਟਾਂ ਤੇ ਯੂ ਟਿਊਬ ਨਿਊਜ਼ ਚੈਨਲਾਂ ਵੱਲ ਹੋ ਰਿਹਾ ਹੈ। ਇਸੇ ਗੱਲ ਨੂੰ ਭਾਂਪਦਿਆਂ ਰਾਜਨੀਤਕ ਪਾਰਟੀਆਂ ਨੇ ਵੀ ਯੂ ਟਿਊਬ ਚੈਨਲਾਂ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ ਹੈ। ਅੰਗਰੇਜ਼ੀ ਅਖਬਾਰ 'ਦੀ ਇਕਨਾਮਿਕ ਟਾਈਮਜ਼' ਨੇ 15 ਸਤੰਬਰ ਨੂੰ ਇੱਕ ਖੋਜੀ ਰਿਪੋਰਟ ਛਾਪੀ ਸੀ। ਇਸ ਵਿੱਚ ਖੁਲਾਸਾ ਕੀਤਾ ਗਿਆ ਸੀ ਕਿ ਆਉਣ ਵਾਲੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਤੇ 2024 ਦੀਆਂ ਲੋਕ ਸਭਾ ਚੋਣਾਂ ਲਈ ਸਾਰੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਨੇ ਸੋਸ਼ਲ ਮੀਡੀਆ ਕਰਮੀਆਂ ਦੀ ਭਰਤੀ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਵਿੱਚ ਰਿਜਨਲ ਕਿੱਤਾਮੁਖੀ ਕਾਲਜਾਂ ਤੋਂ ਲੈ ਕੇ ਆਈ ਆਈ ਟੀ ਤੇ ਆਈ ਆਈ ਐੱਮ ਤੱਕ ਵਿੱਚੋਂ ਨਵੇਂ ਨਿਕਲ ਰਹੇ ਡਿਗਰੀ ਹੋਲਡਰਾਂ ਨੂੰ ਲਿਆ ਜਾ ਰਿਹਾ ਹੈ। ਇਸ ਤਰ੍ਹਾਂ ਆਉਣ ਵਾਲੀਆਂ ਚੋਣਾਂ ਹਜ਼ਾਰਾਂ ਨੌਜਵਾਨਾਂ ਲਈ ਨੌਕਰੀਆਂ ਲੈ ਕੇ ਆ ਰਹੀਆਂ ਹਨ।*

*'ਭਾਰਤ ਜੋੜੋ ਯਾਤਰਾ' ਦੌਰਾਨ ਰਾਹੁਲ ਗਾਂਧੀ ਨੇ ਕੰਨਿਆ ਕੁਮਾਰੀ ਤੋਂ ਲੈ ਕੇ ਸ੍ਰੀਨਗਰ ਤੱਕ ਇੱਕ ਵੀ ਨਿਊਜ਼ ਚੈਨਲ ਨਾਲ ਗੱਲਬਾਤ ਨਹੀਂ ਸੀ ਕੀਤੀ। ਇਸ ਦੇ ਬਾਵਜੂਦ ਰਾਹੁਲ ਗਾਂਧੀ ਦੀ ਸਾਰੀ ਯਾਤਰਾ ਯੂ ਟਿਊਬ ਚੈਨਲਾਂ ਰਾਹੀਂ ਘਰ-ਘਰ ਪੁੱਜੀ ਸੀ। ਇਸ ਸਮੇਂ ਸ਼ਹਿਰੀ ਲੋਕ ਟੀ ਵੀ ਚੈਨਲਾਂ ਉੱਤੇ ਖ਼ਬਰਾਂ ਤਾਂ ਦੂਰ ਦੀ ਗੱਲ, ਕ੍ਰਿਕਟ ਮੈਚ ਤੱਕ ਵੀ ਨਹੀਂ ਦੇਖਦੇ। ਘਰਾਂ ਵਿੱਚ ਸਿਰ਼ਫ ਮਨੋਰੰਜਨ ਚੈਨਲ ਹੀ ਚਲਦੇ ਹਨ। ਇੰਟਰਨੈੱਟ ਦੀ ਸੁਵਿਧਾ ਨਾ ਹੋਣ ਕਾਰਨ ਪੇਂਡੂ ਇਲਾਕਿਆਂ ਵਿੱਚ ਹਾਲੇ ਵੀ ਨਿਊਜ਼ ਚੈਨਲ ਚੱਲ ਰਹੇ ਹਨ। ਇਹ ਓਨਾ ਚਿਰ ਤੱਕ ਹੀ ਹੈ, ਜਦੋਂ ਤੱਕ ਇੰਟਰਨੈੱਟ ਮੌਜੂਦ ਨਹੀਂ।*

*ਇਸ ਦੌਰਾਨ ਇਹ ਵੀ ਦੇਖਿਆ ਗਿਆ ਹੈ ਕਿ ਜਿਵੇਂ-ਜਿਵੇਂ ਸੋਸ਼ਲ ਮੀਡੀਆ ਦਾ ਵਿਸਥਾਰ ਹੋ ਰਿਹਾ ਹੈ, ਇਸ ਦੁਆਰਾ ਫੈਲਾਈ ਜਾਂਦੀ ਝੂਠੀ ਜਾਣਕਾਰੀ ਦਾ ਵੀ ਘੇਰਾ ਵਧ ਰਿਹਾ ਹੈ। 'ਗਲੋਬਲ ਕੋਲੀਸ਼ਨ ਫਾਰ ਟੈੱਕ ਜਸਟਿਸ' ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਟੈੱਕ ਕੰਪਨੀਆਂ ਸੋਸ਼ਲ ਮੀਡੀਆ ਰਾਹੀਂ ਫੈਲਾਈ ਜਾਂਦੀ ਝੂਠੀ ਜਾਣਕਾਰੀ ਦੇ ਪਸਾਰ ਨੂੰ ਕੰਟਰੋਲ ਨਹੀਂ ਕਰਦੀਆਂ ਤਾਂ ਇਸ ਨਾਲ ਸਮਾਜਿਕ ਵਿਵਸਥਾ ਸਮੇਤ ਚੋਣ ਪ੍ਰੀਕ੍ਰਿਆ ਤੇ ਲੋਕਤੰਤਰ ਵੀ ਪ੍ਰਭਾਵਤ ਹੋ ਸਕਦਾ ਹੈ।*

*ਬੀਤੀ ਜੁਲਾਈ ਵਿੱਚ 'ਕੋਲੀਸ਼ਨ' ਨੇ ਗੂਗਲ, ਮੇਟਾ, ਐੱਕਸ ਤੇ ਟਿੱਕਟਾਕ ਨੂੰ ਕਿਹਾ ਸੀ ਕਿ ਅਗਲੇ ਸਾਲ ਕਈ ਦੇਸ਼ਾਂ ਵਿੱਚ ਚੋਣਾਂ ਹੋਣੀਆਂ ਹਨ, ਇਸ ਲਈ ਉਹ ਚੋਣਾਂ ਨੂੰ ਨਿਰਪੱਖ ਰੱਖਣ ਲਈ ਸਖ਼ਤ ਕਾਰਜ ਯੋਜਨਾ ਤਿਆਰ ਕਰਨ। ਅਗਲੇ ਸਾਲ 50 ਦੇਸ਼ਾਂ, ਜਿਨ੍ਹਾਂ ਵਿੱਚ ਭਾਰਤ ਤੇ ਅਮਰੀਕਾ ਸਮੇਤ ਯੂਰਪੀਨ ਸੰਘ ਦੇ ਦੇਸ਼ ਸ਼ਾਮਲ ਹਨ, ਵਿੱਚ ਚੋਣਾਂ ਹੋਣੀਆਂ ਹਨ। ਸਪੱਸ਼ਟ ਹੈ ਕਿ ਦੁਨੀਆ ਵਿੱਚ ਲੋਕਤੰਤਰ ਦੇ ਭਵਿੱਖ ਲਈ ਅਗਲਾ ਸਾਲ ਨਿਰਣਾਇਕ ਹੋਵੇਗਾ। ਪਿਛਲੇ ਕੁਝ ਸਾਲਾਂ ਤੋਂ ਲੋਕਤੰਤਰ ਉੱਤੇ ਚੌਤਰਫ਼ਾ ਹਮਲੇ ਹੋ ਰਹੇ ਹਨ ਤੇ ਇਨ੍ਹਾਂ ਵਿੱਚ ਸੋਸ਼ਲ ਮੀਡੀਆ ਵੀ ਸ਼ਾਮਲ ਹੈ। ਸੋਸ਼ਲ ਮੀਡੀਆ ਕਰੋੜਾਂ ਲੋਕਾਂ ਦੀ ਰਾਏ ਬਦਲਣ ਦੇ ਸਮਰੱਥ ਹੈ, ਇਸ ਲਈ ਟੈੱਕ ਕੰਪਨੀਆਂ ਨੂੰ ਲੋਕਤੰਤਰ ਦੀ ਰਾਖੀ ਦੀ ਜ਼ਿੰਮੇਵਾਰੀ ਉਠਾਉਣੀ ਚਾਹੀਦੀ ਹੈ।*

*'ਗਲੋਬਲ ਕੋਲੀਸ਼ਨ ਫਾਰ ਟੈੱਕ ਜਸਟਿਸ' ਦੀ ਇੱਕ ਸਹਿਯੋਗੀ 'ਇੰਡੀਅਨ ਸਿਵਲ ਵਾਚ ਇੰਟਰਨੈਸ਼ਨਲ' ਅਨੁਸਾਰ ਭਾਰਤ ਵਿੱਚ ਤਾਂ ਅਫ਼ਵਾਹਾਂ, ਹਿੰਸਾ ਫੈਲਾਉਣ ਤੇ ਸਮਾਜਿਕ ਤਾਣੇ-ਬਾਣੇ ਨੂੰ ਤੋੜਨ ਵਾਲੀਆਂ ਪੋਸਟਾਂ ਨੂੰ ਸਰਕਾਰੀ ਛਤਰ-ਛਾਇਆ ਪ੍ਰਾਪਤ ਹੈ। ਅਜਿਹੀਆਂ ਨਫ਼ਰਤੀ ਪੋਸਟਾਂ ਕਾਰਨ ਇਹ ਸੋਸ਼ਲ ਮੀਡੀਆ ਕੰਪਨੀਆਂ ਸਰਕਾਰ ਦੀਆਂ ਚਹੇਤੀਆਂ ਬਣ ਜਾਂਦੀਆਂ ਹਨ। ਇਸ ਸਮੇਂ ਇੱਕ ਵਿਸ਼ੇਸ਼ ਧਰਮ ਵਿਰੁੱਧ ਸੋਸ਼ਲ ਮੀਡੀਆ ਵੱਲੋਂ ਕੂੜ ਪ੍ਰਚਾਰ ਤੇ ਹਿੰਸਾ ਦਾ ਇੱਕ ਦੌਰ ਚਲਾਇਆ ਜਾ ਰਿਹਾ ਹੈ ਤੇ ਮੇਟਾ ਵਰਗੀਆਂ ਟੈੱਕ ਕੰਪਨੀਆਂ ਇਸ ਦੇ ਪ੍ਰਸਾਰ ਲਈ ਆਪਣੇ ਬਣਾਏ ਨਿਯਮਾਂ ਨੂੰ ਹੀ ਤੋੜ ਰਹੀਆਂ ਹਨ। ਇਹ ਕੰਪਨੀਆਂ ਮਨੁੱਖੀ ਅਧਿਕਾਰਾਂ ਦੀ ਗੱਲ ਤਾਂ ਕਰਦੀਆਂ ਹਨ, ਪਰ ਭਾਰਤ ਵਿੱਚ ਇਨ੍ਹਾਂ ਦਾ ਮਨੁੱਖੀ ਅਧਿਕਾਰ ਕੱਟੜ ਹਿੰਦੂਤਵੀ ਵਿਚਾਰਧਾਰਾ ਦੇ ਪ੍ਰਚਾਰ ਤੱਕ ਸੀਮਤ ਹੈ।*

*ਦੁਨੀਆ ਭਰ ਦੀਆਂ ਉਹ ਸ਼ਕਤੀਆਂ, ਜਿਨ੍ਹਾਂ ਦੀ ਹੋਂਦ ਨਫ਼ਰਤੀ ਪ੍ਰਚਾਰ ਤੇ ਅਫ਼ਵਾਹਾਂ ਉੱਤੇ ਟਿਕੀ ਹੋਈ ਹੈ, ਲਈ ਤਾਂ ਸੋਸ਼ਲ ਮੀਡੀਆ ਇੱਕ ਹਥਿਆਰ ਸਾਬਤ ਹੋ ਰਿਹਾ ਹੈ। ਦੁਨੀਆ ਭਰ ਦੇ ਦੇਸ਼ਾਂ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਫਾਸ਼ੀ ਪਾਰਟੀਆਂ ਦਾ ਸੱਤਾ ਉੱਤੇ ਕਾਬਜ਼ ਹੋਣਾ ਸਿਰ਼ਫ ਇਤਫਾਕ ਨਹੀਂ, ਸਗੋਂ ਸੋਸ਼ਲ ਮੀਡੀਆ ਦੀ ਤਾਕਤ ਦਾ ਸਿੱਟਾ ਹੈ। ਇਸ ਲਈ ਅਜਿਹੀ ਸਥਿਤੀ ਦਾ ਮੁਕਾਬਲਾ ਕਰਨ ਲਈ ਲੋਕਤੰਤਰ ਨੂੰ ਪ੍ਰਣਾਈਆਂ ਧਿਰਾਂ ਨੂੰ ਆਪਣੀ ਰਣਨੀਤੀ ਬਣਾਉਣੀ ਪਵੇਗੀ। ਉਨ੍ਹਾਂ ਨੂੰ ਸਪੱਸ਼ਟ ਏਜੰਡਾ ਲੈ ਕੇ ਲੋਕਾਂ ਵਿੱਚ ਜਾਣਾ ਪਵੇਗਾ, ਜਿਸ ਤਰ੍ਹਾਂ ਰਾਹੁਲ ਗਾਂਧੀ 'ਭਾਰਤ ਜੋੜੋ ਯਾਤਰਾ' ਦੌਰਾਨ ਗਏ ਸਨ।*

# ਫ਼ਜ਼ੂਲ ਮਸ਼ਹੂਰੀਆਂ ਨੇ ਪੱਟ'ਤੀ ਦੇਸ਼ ਦੀ ਜਨਤਾ !



ਜੰਗੀਰ ਸਿੰਘ ਦਿਲਬਰ

ਅੱਜ ਜਦੋਂ ਵੀ ਦੇਸ਼ ਦੇ ਕਿਸੇ ਟੀ ਵੀ ਚੈਨਲ ਨੂੰ ਚਾਲੂ ਕਰਦੇ ਹਾਂ ਤਾਂ ਇੰਝ ਲਗਦਾ ਹੈ ਜਿਵੇਂ ਹਰ ਚੈਨਲ 'ਤੇ ਤਰ੍ਹਾਂ ਤਰ੍ਹਾਂ ਦੀਆਂ ਮਸ਼ਹੂਰੀਆਂ ਦਾ ਇਕ ਹੜ੍ਹ ਜਿਹਾ ਆ ਗਿਆ ਹੈ। ਇਨ੍ਹਾਂ ਮਸ਼ਹੂਰੀਆਂ ਬਾਰੇ ਆਮ ਚਰਚਾ ਹੈ ਕਿ ਇਨ੍ਹਾਂ ਉੱਪਰ ਲੱਖਾਂ ਰੁਪਏ ਮਿੰਟਾਂ-ਸਕਿੰਟਾਂ ਦੇ ਹਿਸਾਬ ਨਾਲ ਖਰਚ ਹੁੰਦੇ ਹਨ। ਇਨ੍ਹਾਂ ਤਰ੍ਹਾਂ ਤਰ੍ਹਾਂ ਦੇ ਰੰਗ ਬਿਰੰਗੇ ਵੱਡੇ ਵੱਡੇ ਇਸ਼ਤਿਹਾਰ ਦੇਣ ਵਾਲੀਆਂ ਕੰਪਨੀਆਂ ਕਈ ਕਈ ਫੈਕਟਰੀਆਂ ਲਗਾਈ ਬੈਠੀਆਂ ਹਨ, ਕਿਉਂਕਿ ਇਨ੍ਹਾਂ ਨੇ ਆਪਣੇ ਦਲਾਲਾਂ ਰਾਹੀਂ ਆਪਣੇ ਪ੍ਰੋਡਕਟਾਂ ਦੀ ਮੰਗ ਏਨੀ ਵਧਾ ਲਈ ਹੈ ਕਿ ਇਨ੍ਹਾਂ ਤੋਂ ਦੇਸ਼ ਦੀਆਂ ਮੰਡੀਆਂ ਦੀ ਮੰਗ ਹੀ ਪੂਰੀ ਨਹੀਂ ਹੁੰਦੀ। ਦੇਸ਼ ਦੀਆਂ ਇਨ੍ਹਾਂ ਕੰਪਨੀਆਂ ਨੇ ਹਰ ਮੰਡੀ, ਸ਼ਹਿਰ ਅਤੇ ਹਰ ਇਲਾਕੇ ਵਿੱਚ ਅਜਿਹੇ ਵੱਡੇ ਵੱਡੇ ਦਲਾਲ ਪੈਦਾ ਕਰ ਰੱਖੇ ਹਨ ਜੋ ਵੱਧ ਤੋਂ ਵੱਧ ਜਨਤਾ ਨੂੰ ਆਪਣੇ ਮਕੜ ਜਾਲ ਵਿੱਚ ਫਸਾਉਣ ਲਈ ਖਾਸ ਖਾਸ ਥਾਵਾਂ 'ਤੇ ਵੱਧ ਤੋਂ ਵੱਧ ਵਸਤੂਆਂ ਦੀਆਂ ਪ੍ਰਦਰਸ਼ਨੀਆਂ ਲਗਾ ਕੇ, ਇਸ਼ਤਿਹਾਰ ਦੇ ਕੇ ਅਤੇ ਏਜੰਟ ਪੈਦਾ ਕਰਨ ਤੇ ਕੰਪਨੀਆਂ ਵੱਲੋਂ ਪਾਣੀ ਦੀ ਤਰ੍ਹਾਂ ਪੈਸਾ ਬਹਾਇਆ ਜਾਂਦਾ ਹੈ। ਇੰਝ ਕਰਕੇ ਸਾਰੀਆਂ ਹੀ ਕੰਪਨੀਆਂ ਸਾਰੇ ਦੇਸ਼ ਦੀ ਜਨਤਾ ਨੂੰ ਆਪਣੇ ਚੱਕਰਵਿਊ ਵਿੱਚ ਘੇਰ ਲੈਂਦੀਆਂ ਹਨ।

ਜੇਕਰ ਲੱਖਾਂ ਰੁਪਏ ਮਸ਼ਹੂਰੀ ਲਈ ਖਰਚ ਹੁੰਦੇ ਹਨ ਤਾਂ ਤੁਸੀਂ ਖ਼ੁਦ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਉਸ ਚੀਜ਼ ਤੋਂ ਸੰਬੰਧਤ ਕੰਪਨੀ ਕਿੰਨੇ ਕਰੋੜ ਕਮਾਏਗੀ! ਅਜਿਹੀਆਂ ਕਰੋੜਾਂ ਹੀ ਕੰਪਨੀਆਂ ਹਨ ਜੋ ਰੋਜ਼ਾਨਾ ਅਜਿਹੇ ਇਸ਼ਤਿਹਾਰ ਚੈਨਲਾਂ 'ਤੇ ਮਸ਼ਹੂਰੀ ਲਈ ਦੇਸ਼ ਦੇ ਸਾਰੇ ਚੈਨਲਾਂ ਤੇ ਵਾਰ-ਵਾਰ ਦਿੰਦੀਆਂ ਹਨ ਤਾਂ ਕਿ ਕੋਈ ਵੀ ਆਦਮੀ ਇਨ੍ਹਾਂ ਦੇ ਮੱਕੜ ਜਾਲ ਵਿੱਚ ਫਸਣ ਤੋਂ ਵਾਂਝਾ ਨਾ ਰਹਿ ਜਾਵੇ। ਇੰਝ ਇਨ੍ਹਾਂ ਕੰਪਨੀਆਂ ਦਾ ਸਿਲਸਿਲਾ ਦਿਨ-ਰਾਤ ਜਾਰੀ ਰਹਿੰਦਾ ਹੈ ਅਤੇ ਦੇਸ਼ ਦੀ ਜਨਤਾ ਭੇਡ ਚਾਲ ਜਾਂ ਰੀਸੋ ਰੀਸ ਇਨ੍ਹਾਂ ਬਹੁਰੰਗੀ ਕੰਪਨੀਆਂ ਦੇ ਚਕਰਵਿਊ 'ਚ ਹਰ ਦਿਨ ਫਸ ਜਾਂਦੀ ਹੈ।

ਇਸੇ ਤਰ੍ਹਾਂ ਵਿਆਹ-ਸ਼ਾਦੀਆਂ ਦੇ ਬਹੁਤ ਹੀ ਵੱਖੋ-ਵੱਖਰੇ ਰਸਮ-ਰਿਵਾਜ ਹਨ। ਇੱਥੋਂ ਤੱਕ ਕਿ ਜਿਹੋ ਜਿਹਾ ਪ੍ਰੋਗਰਾਮ ਹੋਵੇ ਉਸੇ ਤਰ੍ਹਾਂ ਦੇ ਸਮੇਂ ਅਤੇ ਰਸਮ ਅਨੁਸਾਰ ਕੱਪੜੇ ਪਾਉਣੇ ਜ਼ਰੂਰੀ ਚਾਹੀਦੇ ਹਨ। ਅੱਜ ਕੱਲ੍ਹ ਤਾਂ ਮੌਤ ਦੀਆਂ ਰਸਮਾਂ 'ਤੇ ਸਾਰਿਆਂ ਨੇ ਸਫੈਦ ਰੰਗ ਦੇ ਕੱਪੜੇ ਪਾਉਣ ਦਾ ਰਿਵਾਜ ਹੈ। ਜੇ ਕੋਈ ਐਸੇ ਮੌਕੇ ਸਫੈਦ ਕੱਪੜੇ ਨਹੀਂ ਪਾਉਂਦਾ ਤਾਂ ਲੋਕ ਉਸ ਨੂੰ ਅਸੱਭਿਅਕ ਸਮਝਦੇ ਹਨ।

ਵਿਆਹਾਂ ਵਿੱਚ ਮਹਿੰਗੇ ਦਾਜ-ਬਰੀ ਦੇ ਸਾਜੋ-ਸਮਾਨ ਤੋਂ ਇਲਾਵਾ ਦੂਲੇ ਰਾਜੇ ਲਈ ਮਹਿੰਗੇ ਤੋਂ ਮਹਿੰਗੀਆਂ ਸ਼ੇਰਵਾਨੀਆਂ, ਜੋ ਪਹਿਲਾਂ ਕਿਸੇ ਵਿਆਂਹਦੜ ਨੇ ਪਹਿਨੀਆਂ ਨਾ ਹੋਣ ਦੇ ਨਾਲ ਨਾਲ ਦੁਲਹਣ ਰਾਜ ਕੁਮਾਰੀ ਲਈ ਸਾਰੀ ਦੁਨੀਆਂ ਤੋਂ ਮਹਿੰਗਾ ਲਹਿੰਗਾ ਲੱਭਣ ਦੀ ਰੀਸ ਵੀ ਬਹੁਤ ਜ਼ਿਆਦਾ ਫੈਲ ਚੁੱਕੀ ਹੈ। ਇਸ ਤੋਂ ਇਲਾਵਾ ਹੋਰ ਨਵੀਆਂ ਨਵੀਆਂ ਰਸਮਾਂ ਦੀਆਂ ਕਿਸਮਾਂ ਦੀਆਂ ਰਸਮਾਂ ਨੇ ਵੀ ਘਰ ਫੂਕ ਤਮਾਸੇ ਦੇ ਰਿਵਾਜਾਂ ਨੇ ਵੀ ਜਨਤਾਂ ਅੰਦਰ ਬਹੁਤ ਜ਼ਿਆਦਾ ਕੰਪਨੀਆਂ ਅਤੇ ਵੱਡੇ ਵੱਡੇ ਡੀਲਰ ਵਪਾਰੀਆਂ ਨੇ ਵੀ ਭੜਥੂ ਪਾਇਆ ਹੈ, ਜਿਵੇਂਕਿ ਜਿਹੜੇ ਰਸਮ ਹੋਵੇ ਉਸਦੇ ਮੁਤਾਬਕ ਉਸ ਰਸਮ ਵਿੱਚ ਹਿੱਸਾ ਲੈਣ ਵਾਲੇ ਲੋਕ ਇਕੋ ਤਰ੍ਹਾਂ ਦੇ ਗਹਿਣੇ, ਸਾੜੀਆਂ ਅਤੇ ਸੂਟਾਂ ਤੋਂ ਇਲਾਵਾ ਵੱਖਰੀਆਂ ਵੱਖਰੀਆਂ ਰਸਮਾਂ ਉਪਰ ਵੱਖੋ ਵੱਖਰੇ ਫੁੱਲਾਂ ਨਾਲ ਕੋਠੀਆਂ ਤੋਂ ਇਲਾਵਾ ਮੈਰਿਜ਼ ਪੈਲੇਸ ਸ਼ਿੰਗਾਰੇ ਜਾਂਦੇ ਹਨ। ਇਸੇ ਤਰ੍ਹਾਂ ਇੱਕੋ ਹੀ ਰੰਗ ਦੇ ਕੱਪੜੇ ਪਾਉਣਗੇ। ਇਸ ਤਰ੍ਹਾਂ ਇਸ ਚੰਦਰੀ ਰਸਮ ਦੇਂ ਪਾਈ ਫਾਲਤੂ ਰੀਤ ਨੇ ਵੀ ਬਹੁਤ ਪਰਿਵਾਰਾਂ ਦਾ ਕੱਦੂਕੱਸ ਕਰਨ ਦੇ ਨਾਲ ਨਾਲ ਦਿਵਾਲਾ ਵੀ ਕੱਢਿਆ ਹੈ। ਇਹ ਹਾਲ ਹੈ ਸਾਡੇ ਦੇਵ ਭੂੰਮੀ ਭਾਰਤ ਦੇਸ਼ ਦਾ ਇੰਝ ਇਹ ਨਕਲੀ ਚੀਜ਼ਾਂ ਦੀਆਂ ਨਿੱਤ ਨਵੀਆਂ ਨਵੀਆਂ ਮਸ਼ਹੂਰੀਆਂ ਪਤਾ ਨਹੀਂ ਕਿੰਨੇ ਭੋਲੇ ਭਾਲੇ ਅਤੇ ਅਣਜਾਣ ਲੋਕਾਂ ਦੇ ਘਰ ਬਰਬਾਦ ਕਰਦੀਆਂ ਹਨ। ਇਹ ਜਨਤਾ ਦੇ ਮਨਾਂ ਅੰਦਰ ਬੇਚੈਨੀ ਅਤੇ ਬੇਲੋੜੀ ਉਤਸੁਕਤਾ ਪੈਦਾ ਕਰਨ ਵਾਲੀਆਂ ਮਸ਼ਹੂਰੀਆਂ ਬੰਦ ਹੋਣੀਆਂ ਚਾਹੀਦੀਆਂ ਹਨ, ਤਾਂ ਕਿ ਆਮ ਜਨਤਾਂ ਦੀ ਲੁੱਟ ਬੰਦ ਹੋ ਜਾਵੇ।




ਇਹਨਾਂ ਮਸ਼ਹੂਰੀਆਂ ਤੋਂ ਇਲਾਵਾ ਇਕ ਹੋਰ ਘਾਤਕ ਬਿਮਾਰੀ ਬੜੀ ਤੇਜ਼ੀ ਨਾਲ ਇਸ ਧਰਤੀ 'ਤੇ ਪੈਰ ਪਸਾਰ ਚੁੱਕੀ ਹੈ, ਉਹ ਹੈ ਮੋਬਾਇਲਾਂ ਉੱਪਰ ਸੋਸ਼ਲ ਮੀਡੀਏ ਰਾਹੀਂ ਫੈਲਾਈ ਜਾ ਰਹੀ ਹਰ ਕਿਸਮ ਦੀਆਂ ਬਿਮਾਰੀਆਂ ਦਾ 100 ਫੀਸਦੀ ਜੜੀ ਬੂਟੀਆਂ ਰਾਹੀਂ ਸ਼ਰਤੀਆ ਇਲਾਜ। ਇਹ ਪਤੰਦਰ ਹਰ ਬਿਮਾਰੀ ਨੂੰ ਠੀਕ ਕਰਨ ਲਈ ਆਪਣੇ ਆਪ ਨੂੰ ਮਹਾ ਧਨਵੰਤਰੀ ਵੈਦ ਤੋਂ ਘੱਟ ਪੇਸ਼ ਨਹੀਂ ਕਰਦੇ, ਕਹਿੰਦੇ ਧਰਤੀ ਦੀ ਸਾਰੀ ਬਨਾਸਪਤੀ ਦੇ ਪੱਤੇ ਪੱਤੇ ਵਿੱਚੋਂ ਹਰ ਬਿਮਾਰੀ ਦਾ ਸ਼ਰਤੀਆ ਇਲਾਜ ਹੈ।

ਇਹ ਕੰਪਨੀਆਂ ਇੱਕੋ ਹੀ ਚੀਜ਼ ਦੇ 10-10 ਨਾਂਅ ਰੱਖ ਕੇ ਦੇਸ਼ ਦੀ ਭੋਲੀ ਭਾਲੀ ਜਨਤਾ ਨੂੰ ਹਰ ਮਿੰਟ ਵਿੱਚ ਅਰਬਾਂ ਰੁਪਏ ਦਾ ਚੂਨਾ ਲਗਾ ਰਹੀਆਂ ਹਨ। ਇਨ੍ਹਾਂ ਕੰਪਨੀਆਂ ਤਰ੍ਹਾਂ-ਤਰ੍ਹਾਂ ਦੇ ਇਸ਼ਤਿਹਾਰਾਂ ਦੇ ਰੂਪਾਂ ਅਤੇ ਰੰਗਾਂ ਵਿੱਚ ਪੇਸ਼ ਕਰਕੇ ਆਮ ਲੋਕਾਂ ਨੂੰ ਭੰਬਲਭੂਸੇ ਵਿੱਚ ਪਾਇਆ ਜਾਂਦਾ ਹੈ।

ਪੁਰਾਣਾ ਜ਼ਮਾਨਾ ਹੁੰਦਾ ਸੀ ਜਦੋਂ ਸਾਡੇ ਵੱਡ-ਵਡੇਰੇ ਸਾਦੇ ਖਾਣ-ਪੀਣ ਦੀ ਵਰਤੋਂ ਕਰਦੇ ਸਨ ਅਤੇ ਉਸ ਖਾਣ-ਪੀਣ ਵਿੱਚ ਕੋਈ ਮਿਲਾਵਟ ਨਹੀਂ ਹੁੰਦੀ ਸੀ ਪਰ ਅਫਸੋਸ ਅੱਜ ਕੱਲ ਕੋਈ ਚੀਜ ਬਿੰਨਾ ਮਿਲਾਵਟ ਤੋਂ ਮਿਲਦੀ ਹੀ ਨਹੀਂ, ਇੱਥੋਂ ਤੱਕ ਕਿ ਅੱਜ ਜ਼ਹਿਰ ਵੀ ਮਿਲਾਵਟੀ ਮਿਲਦੀ ਹੈ। ਮਸ਼ਹੂਰੀਆਂ ਕਾਰਨ ਅੱਜ ਹਰ ਪਾਸੇ ਫਾਸਟ-ਫੂਡ ਦਾ ਬੋਲਬਾਲਾ ਹੈ। ਅੱਜ ਕੱਲ੍ਹ ਘਰਾਂ ਦੇ 75% ਬੱਚੇ ਫਾਸਟ-ਫੂਡ ਨੂੰ ਪਸੰਦ ਕਰਦੇ ਹਨ, ਜਦੋਂਕਿ ਬਹੁਤ ਸਾਰੀਆਂ ਚੀਜ਼ਾਂ ਨੁਕਸਾਨ ਦੇਹ ਹੋਣ ਬਾਰੇ ਸਾਡੀਆਂ ਮਾਣਯੋਗ ਅਦਾਲਤਾਂ ਬੰਦ ਕਰਨ ਅਤੇ ਨਾ ਵਰਤਣ ਬਾਰੇ ਚਿਤਾਵਨੀ ਵੀ ਦੇ ਚੁੱਕੀਆਂ ਹਨ ਪਰ ਮਸ਼ਹੂਰੀਆਂ ਦਾ ਭੂਤ ਏਨਾ ਸਿਰ ਚੜ੍ਹ ਚੁੱਕਿਆ ਹੈ ਕਿ ਕੋਈ ਕਿਸੇ ਦੀ ਗੱਲ ਸੁਣਨ ਲਈ ਤਿਆਰ ਨਹੀਂ। ਸਾਡੇ ਵੱਡ- ਵਡੇਰਿਆਂ ਦਾ ਸਾਦਾ ਜੀਵਨ ਅਤੇ ਸਾਦਾ ਹੀ ਖਾਣ-ਪਾਣ ਹੁੰਦਾ ਸੀ ਇਹੀ ਕਾਰਨ ਹੈ ਕਿ ਉਨ੍ਹਾਂ ਨੂੰ ਅੱਜ ਦੇ ਨਸ਼ੇੜੀਆਂ ਦੀ ਤਰ੍ਹਾਂ ਭਿਆਨਕ ਬਿਮਾਰੀਆਂ ਨਹੀਂ ਹੁੰਦੀਆਂ ਸਨ। ਉਸ ਵੇਲੇ ਜੇ ਕਿਸੇ ਨੂੰ ਛੋਟੀ-ਮੋਟੀ ਬਿਮਾਰੀ ਹੁੰਦੀ ਸੀ ਤਾਂ ਸਾਡੀਆਂ ਮਾਵਾਂ ਦੇ ਘਰੇਲੂ ਓੜ-ਪੋੜ੍ਹ ਨਾਲ ਮਰੀਜ਼ ਨੂੰ ਅਰਾਮ ਆ ਜਾਂਦਾ ਸੀ। ਪਰ ਅਫਸੋਸ ਅੱਜ ਨੀਮ-ਹਕੀਮਾਂ ਦੇ ਚੈਨਲਾਂ ਰਾਹੀਂ ਹੁੰਦੇ ਕੂੜ ਪ੍ਰਚਾਰ ਨੇ ਦੇਸ਼ ਦੇ ਲੋਕਾਂ ਨੂੰ ਬਰਬਾਦ ਕਰ ਦਿੱਤਾ ਹੈ। ਦੇਸ਼ ਦੇ ਸੂਬਿਆਂ ਦੀਆਂ ਸਰਕਾਰਾਂ ਨੂੰ ਇਹ ਦੁਸ਼ਟ ਅਤੇ ਕੂੜ ਪ੍ਰਚਾਰ ਨੂੰ ਸਖਤੀ ਨਾਲ ਰੋਕਣਾ ਚਾਹੀਦਾ ਹੈ। ਇਸ ਤਰਾਂ ਅੱਜ ਕੱਲ੍ਹ ਜ਼ਿਆਦਾ ਲੋਕ ਇਨ੍ਹਾਂ ਦੇ ਚੱਕਰਾਂ ਵਿੱਚ ਪੈ ਕੇ ਪੈਸਾ ਅਤੇ ਆਪਣੇ ਪਰਿਵਾਰਾਂ ਸਮੇਤ ਗਲਤ ਰਸਤੇ ਪੈ ਚੁੱਕੇ ਹਨ!

ਅੱਜ ਮਸ਼ਹੂਰੀਆਂ ਦਾ ਯੁੱਗ ਚੱਲ ਰਿਹਾ ਹੈ, ਇਸ ਲਈ ਹਰ ਆਦਮੀ ਸਮੇਂ ਅਨੁਸਾਰ ਆਪਣੇ ਆਪ ਨੂੰ ਦੁਨੀਆ ਦੀ ਮੰਡੀ ਵਿੱਚ ਖੜਾ ਕਰਨ ਲਈ ਅਤੇ ਮੁਕਾਬਲੇ ਵਿੱਚ ਆਉਣ ਲਈ ਮਸ਼ਹੂਰੀਆਂ ਦਾ ਸਹਾਰਾ ਲੈਂਦਾ ਹੈ। ਸਾਰੀਆਂ ਮਸ਼ਹੂਰੀਆਂ ਗਲਤ ਵੀ ਨਹੀਂ ਹੁੰਦੀਆਂ। ਦੇਸ਼ ਦੁਨੀਆ ਵਿੱਚ ਬਹੁਤ ਸਾਰੇ ਅਜਿਹੇ ਖੇਤਰ ਵੀ ਹਨ ਜੋ ਦੁਨੀਆ ਵਿੱਚ ਹੋ ਰਹੇ ਨਵੇਂ ਨਵੇਂ ਦਿਸਹੱਦਿਆਂ ਨੂੰ ਸਾਡੇ ਸਾਹਮਣੇ ਪੇਸ਼ ਕਰਕੇ ਸਾਡੀ ਜਾਣਕਾਰੀ ਵਿੱਚ ਵਾਧਾ ਕਰਦੇ , ਜਿਵੇਂਕਿ ਨਵੀਆਂ ਖੋਜਾਂ, ਨਵੀਆਂ ਤਕਨੀਕਾਂ, ਨਵੀਆਂ ਨਵੀਆਂ ਦਵਾਈਆਂ ਅਤੇ ਲੋੜ ਅਨੁਸਾਰ ਸਾਇੰਸੀ ਯੁੱਗ ਦੀਆਂ ਖੋਜਾਂ ਦੀ ਜਾਣਕਾਰੀ ਵੀ ਦਿੰਦੀਆਂ ਹਨ! ਇਸ ਲਈ ਅਸੀਂ ਸਾਰੀਆਂ ਮਸ਼ਹੂਰੀਆਂ ਨੂੰ ਗਲਤ ਨਾ ਕਹਿੰਦੇ ਹੋਏ ਇਸ ਨਤੀਜੇ ਉੱਪਰ ਪਹੁੰਚ ਜਾਂਦੇ ਹਾਂ ਕਿ 75% ਮਸ਼ਹੂਰੀਆਂ ਅਜਿਹੀਆਂ ਹਨ ਜੋ ਆਮ ਲੋਕਾਂ ਦੀ ਬਰਬਾਦੀ ਦਾ ਮੁੱਖ ਕਾਰਨ ਬਣਦੀਆਂ ਹਨ।

ਇਕ ਬਾਰ ਮੈਂ ਆਪਣੇ ਤੌਰ 'ਤੇ ਆਪਣੀ ਹੀ ਪਹਿਚਾਣ ਵਾਲੇ ਕੁਝ ਪਰਿਵਾਰਾਂ ਦੇ ਘਰਾਂ ਦਾ ਸਰਵੇਖਣ ਕੀਤਾ ਜਿਸ ਤੋਂ ਇਹ ਨਤੀਜਾ ਸਾਹਮਣੇ ਆਇਆ ਕਿ 98 ਫੀਸਦੀ ਘਰਾਂ ਵਿੱਚ ਸਮਾਨ ਉਨ੍ਹਾਂ ਦੇ ਡ੍ਰੈਸਿੰਗ ਟੇਬਲਾਂ ਤੇ ਇਨ੍ਹਾ ਜ਼ਿਆਦਾ ਪਿਆ ਸੀ ਕਿ ਜਲਦੀ ਗਿਣਤੀ ਕਰਨੀ ਮੁਸ਼ਕਿਲ ਸੀ, ਕਿਉਂਕਿ ਉੱਥੇ ਤਾਂ 30 ਕਿਸਮ ਦੇ ਸੁਗੰਧਤ ਤੇਲਾਂ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਸੀਸ਼ੀਆਂ ਦੇ ਨਾਲ ਨਾਲ ਹੋਰ ਏਨੀਆਂ ਚੀਜ਼ਾਂ ਦੀਆਂ ਸੀਸ਼ੀਆਂ ਪਈਆਂ ਸਨ ਕਿ ਡ੍ਰੈਸਿੰਗ ਟੇਬਲ ਛੋਟਾ ਪਿਆ ਦਿਖਾਈ ਦੇ ਰਿਹਾ ਸੀ। ਉਕਤ ਸਾਰਾ ਕੁਝ ਵੇਖਕੇ ਮੈਂ ਉਨ੍ਹਾਂ ਵਿੱਚੋਂ ਕੁੱਝ ਪਰਿਵਾਰਾਂ ਤੋਂ ਪੁੱਛਿਆ ਕਿ ਸੰਵਰਨ ਸਵਾਰਨ ਵਾਲੇ ਡ੍ਰੈਸਿੰਗ ਟੇਬਲ ਤੇ ਏਨੀਆਂ ਫ਼ਾਲਤੂ ਚੀਜਾਂ ਦੇ ਅੰਬਾਰ ਕਿਉਂ ਲਗਾਏ ਹਨ?' ਤਾਂ ਜਵਾਬ ਮਿਲਿਆ ਕਿ ਸੁੱਖ ਨਾਲ ਪਰਿਵਾਰ ਵੱਡੇ ਹਨ ਜਾਂ ਛੋਟੇ ਹਨ ਅੱਜ ਕੱਲ੍ਹ ਖਾਣ-ਪੀਣ ਵਾਲੀਆਂ ਸਾਰੀਆਂ ਹੀ ਚੀਜਾਂ ਸੁੱਖ ਨਾਲ ਮਿਲਾਵਟੀ ਹੀ ਮਿਲਦੀਆਂ ਹਨ। ਇੰਝ ਕਿਸੇ ਨਾ ਕਿਸੇ ਨੂੰ ਕੋਈ ਨਾ ਕੋਈ ਬਿਮਾਰੀ ਚਿੰਬੜੀ ਹੀ ਰਹਿੰਦੀ ਹੈ, ਜਿਵੇਂਕਿ ਕਿਸੇ ਨੂੰ ਖਾਜ-ਖੁਜਲੀ ਹੈ, ਕਿਸੇ ਦੇ ਵਾਲ ਝੜਦੇ ਹਨ, ਕਿਸੇ ਦੇ ਚੇਹਰੇ ਤੇ ਦਾਗ-ਧੱਬੇ ਹਨ ਵਗੈਰਾ ਵਗੈਰਾ।

ਇਸ ਤੋਂ ਇਲਾਵਾ ਸੋਸ਼ਲ ਮੀਡੀਏ ਦੇ 90ਫੀਸਦੀ ਚੈਨਲ ਏਨੀਆਂ ਘਟੀਆ ਪੋਸਟਾਂ ਪਾਉਂਦੇ ਹਨ। ਜਿਸ ਨਾਲ ਦੇਸ਼ ਦੀ ਨੌਜਵਾਨ ਪੀੜੀ ਦੇ ਬੱਚੇ-ਬੱਚੀਆਂ ਉਨ੍ਹਾਂ ਅਸ਼ਲੀਲ ਅਤੇ ਉਤੇਜਨਾ ਨੂੰ ਭੜਕਾਉਣ ਵਾਲੇ ਵਾਤਾਵਰਨ ਨੂੰ ਵੇਖਕੇ ਗਲਤ ਆਦਤਾਂ ਦਾ ਸ਼ਿਕਾਰ ਹੋ ਕੇ ਆਪਣੇ ਆਪ ਨੂੰ ਬਰਬਾਦੀ ਦੇ ਚੌਰਾਹੇ ਤੇ ਖੜਾ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ, ਜਿੱਥੋਂ ਉਨ੍ਹਾਂ ਦੀ ਤਬਾਹੀ ਦਾ ਮੁੱਢ ਬੱਝ ਜਾਂਦਾ ਹੈ। ਇਸ ਲਈ ਅਖ਼ੀਰ ਵਿਚ ਲੇਖਕ ਅਤੇ ਲੇਖਣੀ ਇਸ ਸਿੱਟੇ ਤੇ ਪਹੁੰਚੇ ਹਨ ਕਿ ਜ਼ਿਆਦਾ ਨਕਲੀ/ਗਲਤ ਅਤੇ ਫਾਲਤੂ ਮਸ਼ਹੂਰੀਆਂ ਨੇ ਦੇਸ਼ ਦੀ ਜਨਤਾ ਨੂੰ ਬਰਬਾਦ ਕਰ ਦਿੱਤਾ, ਖ਼ਾਸ ਕਰਕੇ ਦੇਸ਼ ਦੇ ਨੌਜਵਾਨ ਵਰਗ ਅਤੇ ਬੱਚਿਆਂ ਨੂੰ ਦੇਸ਼ ਦੀ ਕੇਂਦਰੀ ਸਰਕਾਰ ਅਤੇ ਸੂਬਿਆਂ ਦੀਆਂ ਸਰਕਾਰਾਂ ਨੂੰ ਗਲਤ ਅਤੇ ਬੇ-ਲੋੜੀਆਂ ਮਸ਼ਹੂਰੀਆਂ 'ਤੇ ਸਖ਼ਤੀ ਨਾਲ ਪਾਬੰਦੀ ਲਗਾਉਣੀ ਚਾਹੀਦੀ ਹੈ ਤਾਂ ਕਿ ਦੇਸ਼ ਦੇ ਵਾਰਸ ਬਰਬਾਦੀ ਤੋਂ ਬਚ ਸਕਣ।

*# ਸੰਪਰਕ : 98770-33838*

# ਆਰਥਕ ਮੰਚ 'ਤੇ ਵਿਸ਼ਵ ਦੀ ਨਵੇਂ ਸਿਰਿਓਂ ਤਰਤੀਬ ਮਾਨਵਤਾ ਵਿਰੋਧੀ ਛੜਯੰਤਰ



ਪਵਨ ਕੁਮਾਰ ਕੌਸ਼ਲ

*ਵਿਸ਼ਵ ਆਰਥਕ ਮੰਚ ਇੱਕ ਬਹੁਤ ਹੀ ਅਸਾਧਾਰਨ ਘਟਨਾ ਹੈ ਅਤੇ ਇਹ ਇਸ ਤੋਂ ਕਿਤੇ ਜ਼ਿਆਦਾ ਵੱਡੀ ਚੀਜ਼ ਦਾ ਨਿਧਾਨ ਹੈ, ਜੋ ਹੋ ਰਿਹਾ ਹੈ। ਵਿਸ਼ਵ ਨੇਤਾ ਸਰਗਰਮੀ ਨਾਲ ਇੱਕ ਵਿਸ਼ਵ ਸਰਕਾਰ ਅਤੇ ਧਰਮ ਬਣਾ ਰਹੇ ਹਨ ਅਤੇ ਇਹ ਪੂਰੀ ਤਰ੍ਹਾਂ ਨਾਲ ਅੱਗੇ ਵਧ ਰਿਹਾ ਹੈ। ਇਨ੍ਹਾਂ ਸੰਸਾਰ ਦੇ ਨੇਤਾਵਾਂ ਨੇ ਇਸ ਸੰਸਾਰ ਦੀਆਂ ਸ਼ੈਤਾਨੀ ਸ਼ਕਤੀਆਂ ਲਈ ਆਪਣੀ ਇੱਛਾ ਨਾਲ ਆਪਣੇ ਮਨ ਖੋਲ੍ਹ ਦਿੱਤੇ। ਰਾਸ਼ਟਰਾਂ ਦੀ ਆਰਥਿਕਤਾ ਨੂੰ ਨਿਯੰਤਰਿਤ ਕਰਨ ਵਾਲੇ ਵਿਸ਼ਵ ਨੇਤਾ ਇੱਕ ਵਿਸ਼ਵ ਨੂੰ ਨਵਾਂ ਰੂਪ ਦੇਣਾ ਚਾਹੁੰਦੇ ਹਨ।*

ਵਰਲਡ ਇਕਨਾਮਿਕ ਫੋਰਮ ਵਿਸ਼ਵ ਆਰਥਕ ਮੰਚ, ਇੱਕ ਅੰਤਰਰਾਸ਼ਟਰੀ ਗੈਰ-ਸਰਕਾਰੀ ਅਤੇ ਬਹੁ-ਰਾਸ਼ਟਰੀ ਕੰਪਨੀਆਂ ਲਈ ਲਾਬਿੰਗ ਸੰਸਥਾ ਹੈ ਜੋ ਕੋਲੋਨੀ, ਕੈਂਟਨ ਆਫ਼ ਜਨੇਵਾ, ਸਵਿਟਜ਼ਰਲੈਂਡ ਵਿੱਚ ਸਥਿਤ ਹੈ। ਇਸ ਦੀ ਸਥਾਪਨਾ 24 ਜਨਵਰੀ 1971 ਨੂੰ ਜਰਮਨ ਇੰਜੀਨੀਅਰ ਕਲੌਸ ਸ਼ਵਾਬ ਦੁਆਰਾ ਕੀਤੀ ਗਈ ਸੀ। ਫਾਊਂਡੇਸ਼ਨ, ਜੋ ਕਿ ਜ਼ਿਆਦਾਤਰ ਇਸ ਦੀਆਂ 1,000 ਮੈਂਬਰ ਕੰਪਨੀਆਂ ਦੁਆਰਾ ਫੰਡਤ ਕੀਤੀ ਜਾਂਦੀ ਹੈ ਖਾਸ ਤੌਰ 'ਤੇ 5 ਅਰਬ ਡਾਲਰ ਤੋਂ ਵੱਧ ਟਰਨਓਵਰ /ਕਾਰੋਬਾਰ ਵਾਲੇ ਗਲੋਬਲ ਉੱਦਮ ਅਤੇ ਨਾਲ ਹੀ ਜਨਤਕ ਸਬਸਿਡੀਆਂ, ਆਪਣੇ ਖੁਦ ਦੇ ਮਿਸ਼ਨ ਨੂੰ 'ਵਪਾਰ, ਰਾਜਨੀਤਕ, ਅਕਾਦਮਿਕ ਨੂੰ ਸ਼ਾਮਲ ਕਰਕੇ ਵਿਸ਼ਵ ਦੀ ਸਥਿਤੀ ਨੂੰ ਸੁਧਾਰਨਾ' ਵਜੋਂ ਦੇਖਦੀ ਹੈ ਅਤੇ ਸਮਾਜ ਦੇ ਹੋਰ ਗਲੋਬਲ ਨੇਤਾਵਾਂ, ਅਤੇ ਉਦਯੋਗਿਕ ਏਜੰਡੇ ਨੂੰ ਰੂਪ ਦੇਣ ਲਈ ਕੰਮ ਕਰਦੀ ਹੈ।

ਸਸਟੇਨੇਬਲ ਡਿਵੈਲਪਮੈਂਟ (ਇਕਸਾਰ ਵਿਕਾਸ) ਲਈ ਸੰਯੁਕਤ ਰਾਸ਼ਟਰ ਦਾ 2030 ਏਜੰਡਾ, ਜਿਸ ਨੂੰ ਵਿਸ਼ਵ ਆਰਥਕ ਫੋਰਮ ਸਾਂਝੇਦਾਰੀ ਰਾਹੀਂ ਲਾਗੂ ਕਰਨ ਵਿੱਚ ਮਦਦ ਕਰ ਰਿਹਾ ਹੈ, ਆਰਥਕ ਵਿਕਾਸ, ਸਮਾਨਤਾ ਅਤੇ ਵਾਤਾਵਰਣ ਵਰਗੇ ਮੁੱਦਿਆਂ ਨਾਲ ਸੰਬੰਧਤ ਵਿਆਪਕ ਟੀਚਿਆਂ ਦੀ ਰੂਪ-ਰੇਖਾ ਬਣਾਉਂਦਾ ਹੈ। ਵਿਸ਼ਵ ਦੇ ਰਈਸ ਵਿਅਕਤੀ ਇਸ ਵਿੱਚ ਸ਼ਾਮਲ ਹਨ।

ਦਾਵੋਸ ਏਜੰਡਾ ਇਸ ਚੁਣੌਤੀਪੂਰਨ ਨਵੇਂ ਸੰਦਰਭ ਵਿੱਚ ਲੋੜੀਂਦੇ ਸਿਧਾਂਤਾਂ, ਨੀਤੀਆਂ ਅਤੇ ਭਾਈਵਾਲੀ ਨੂੰ ਰੂਪ ਦੇਣ ਲਈ ਗਲੋਬਲ ਨੇਤਾਵਾਂ ਦੀ ਇੱਕ ਮੋਹਰੀ ਲਾਮਬੰਦੀ ਹੈ। ਜੀਵਨ ਦੇ ਸਾਰੇ ਖੇਤਰਾਂ ਦੇ ਨੇਤਾਵਾਂ ਲਈ 2021 ਵਿੱਚ ਜਿੰਨਾ ਜਲਦੀ ਸੰਭਵ ਹੋ ਸਕਿਆ, ਇੱਕ ਵਧੇਰੇ ਸਮਾਵੇਸ਼ੀ, ਇਕਸੁਰ ਅਤੇ ਟਿਕਾਊ ਭਵਿੱਖ ਲਈ ਅਸਲ ਵਿੱਚ ਮਿਲ ਕੇ ਕੰਮ ਕਰਨਾ ਜ਼ਰੂਰੀ ਸੀ ਅਤੇ ਹੈ।

ਛੜਯੰਤਰ ਦੇ ਸਿਧਾਂਤਾਂ ਨੂੰ ਇੱਕ ਪਾਸੇ ਰੱਖ ਕੇ ਇਹ ਵਿਸ਼ਵ ਪ੍ਰਬੰਧ ਉੱਪਰ ਇੱਕ ਕਾਰਪੋਰੇਟ ਕਬਜ਼ਾ ਹੈ ਜੋ ਸਾਡੇ ਭੋਜਨ, ਸਾਡੇ ਡੇਟਾ ਅਤੇ ਸਾਡੇ ਟੀਕਿਆਂ ਨੂੰ ਪ੍ਰਭਾਵਤ ਕਰਦਾ ਹੈ। ਕੋਵਿਡ-19 ਦੀ ਵਰਤੋਂ ਕਰਦੇ ਹੋਏ ਨਿੱਜੀ ਜਾਇਦਾਦ ਨੂੰ ਖਤਮ ਕਰਕੇ ਅਤੇ ਟੀਕਿਆਂ ਨਾਲ ਮਨੁੱਖਤਾ ਦੇ ਬਚੇ ਹੋਏ ਹਿੱਸੇ ਨੂੰ ਗੁਲਾਮ ਬਣਾਉਣ ਲਈ ਕੁਲੀਨ ਵਰਗ ਦੀ ਸਾਜ਼ਸ਼ੀ ਯੋਜਨਾ ਹੈ। ਵਿਸ਼ਵ ਪ੍ਰਬੰਧ ਲਈ ਬਹੁ-ਪੱਖੀ ਸਹਾਰੇ ਦਾ ਮਾਡਲ ਹੈ। ਗਲੋਬਲ ਗਵਰਨੈਂਸ (ਵਿਸ਼ਵ ਹਕੂਮਤ) ਦੇ ਮਲਟੀ-ਸਟੇਕਹੋਲਡਰ ਮਾਡਲ (ਬਹੁ-ਪੱਖੀ ਹਿੱਸੇਦਾਰ), ਕਾਰਪੋਰੇਸ਼ਨਾਂ ਨੂੰ ਵਿਸ਼ਵ ਪੱਧਰੀ ਫੈਸਲੇ ਲੈਣ ਵਿੱਚ ਅਧਿਕਾਰਤ ਹਿੱਸੇਦਾਰ ਬਣਨ ਲਈ ਅੱਗੇ ਵਧਾਇਆ ਜਾਂਦਾ ਹੈ, ਜਦੋਂ ਕਿ ਸਰਕਾਰਾਂ ਨੂੰ ਬਹੁਤ ਸਾਰੇ ਹਿੱਸੇਦਾਰਾਂ ਵਿੱਚੋਂ ਇੱਕ ਹੋਣ ਲਈ ਉਤਾਰਿਆ ਜਾਂਦਾ ਹੈ। ਅਭਿਆਸ ਵਿੱਚ, ਕਾਰਪੋਰੇਸ਼ਨਾਂ ਮੁੱਖ ਹਿੱਸੇਦਾਰ ਬਣ ਜਾਂਦੀਆਂ ਹਨ, ਜਦੋਂ ਕਿ ਸਰਕਾਰਾਂ ਪਿਛੇਤੀ ਭੂਮਿਕਾ ਨਿਭਾਉਂਦੀਆਂ ਹਨ ਅਤੇ ਸਿਵਲ ਸੁਸਾਇਟੀ ਮੁੱਖ ਤੌਰ 'ਤੇ ਵਿੰਡੋ ਡਰੈਸਿੰਗ ਹੁੰਦੀ ਹੈ।

ਇਹ ਨਵਾਂ ਫਾਸ਼ੀਵਾਦੀ ਵਿਸ਼ਵ ਪ੍ਰਬੰਧ, ਜੈਵਿਕ ਸੁਰੱਖਿਆ, ਅਧੁਨਿਕ ਸਾਧਾਰਨ, ਕੁਦਰਤ ਲਈ ਨਵੀ ਸੌਦੇਬਾਜ਼ੀ ਅਤੇ ਚੌਥੀ ਉਦਯੋਗਿਕ ਕ੍ਰਾਂਤੀ ਦੀ ਆੜ ਵਿੱਚ ਅੱਗੇ ਵਧ ਰਿਹਾ ਹੈ। ਮੂਲ ਫਾਸ਼ੀਵਾਦੀ ਪ੍ਰੋਜੈਕਟ, ਇਟਲੀ ਅਤੇ ਜਰਮਨੀ ਵਿੱਚ ਰਾਜ ਅਤੇ ਵਪਾਰ ਦੇ ਵਿਲੀਨ ਬਾਰੇ ਸੀ। ਜਦੋਂ ਕਿ ਕਮਿਊਨਿਸਟ ਸਰਕਾਰ ਦੁਆਰਾ ਵਪਾਰ ਅਤੇ ਉਦਯੋਗ ਨੂੰ ਸੰਭਾਲਣ ਦੀ ਕਲਪਨਾ ਕਰਦਾ ਹੈ, ਜੋ ਕਿ ਸਿਧਾਂਤਕ ਤੌਰ 'ਤੇ ਲੋਕਾਂ ਦੇ ਹਿੱਤਾਂ ਵਿੱਚ ਕੰਮ ਕਰਦਾ ਹੈ। ਫਾਸ਼ੀਵਾਦ ਅਮੀਰ ਕੁਲੀਨ ਵਰਗ ਦੇ ਹਿੱਤਾਂ ਦੀ ਰੱਖਿਆ ਅਤੇ ਅੱਗੇ ਵਧਾਉਣ ਲਈ ਰਾਜ ਦੀ ਵਰਤੋਂ ਕਰਨ ਬਾਰੇ ਸੀ।

ਦਾਵੋਸ ਬਾਰੇ ਸੱਚਾਈ ? ਵਿਸ਼ਵ ਆਰਥਕ ਫੋਰਮ ਅਸਲ ਵਿੱਚ ਇੱਕ ਚਮਕ-ਦਮਕ ਦਿਖਾਉਣ ਵਾਲਿਆਂ ਦਾ ਇਕੱਠ ਹੈ। ਦਾਵੋਸ ਵਿਸ਼ਵ ਆਰਥਕ ਫੋਰਮ ਕਥਿਤ ਭੈੜੇ ਵਿਸ਼ਵੀ ਚਮਕ ਦਿਖਾਉਣ ਵਾਲੇ ਰਈਸਾਂ ਦੀ ਇੱਕ ਮੀਟਿੰਗ ਹੈ, ਜੋ ਇੱਕ ਗਲੋਬਲ ਸਰਕਾਰ ਬਣਾਉਣ ਦੀ ਸਾਜ਼ਿਸ਼ ਰਚ ਰਹੇ ਹਨ। ਸਾਜ਼ਿਸ਼ੀ ਸਿਧਾਂਤਕਾਰਾਂ ਨੇ ਦਾਅਵਾ ਕੀਤਾ ਹੈ।

ਪਰ, ਸਾਜ਼ਿਸ਼ ਦੇ ਸਿਧਾਂਤਕਾਰਾਂ ਦੇ ਅਨੁਸਾਰ, ਜੋ ਵਿਸ਼ਵਾਸ ਕਰਦੇ ਹਨ ਕਿ ਗਲੋਬਲ ਨੇਤਾਵਾਂ ਦੀ ਇੱਕ ਗੁਪਤ ਮੀਟਿੰਗ ਜਿਹੜੀ ਅਸਲ ਵਿੱਚ ਸਾਰੀਆਂ ਵਿਸ਼ਵ ਸਰਕਾਰਾਂ ਨੂੰ ਚਲਾਉਂਦੀ ਹੈ, ਵਿਸ਼ਵ ਆਰਥਕ ਮੰਚ ਅਸਲ ਵਿੱਚ ਇੱਕ ਨਿਊ ਵਰਲਡ ਆਰਡਰ (ਨਵੀਂ ਵਿਸ਼ਵ ਸਿਰਜਣਾ) ਬਣਾਉਣ ਲਈ ਇੱਕ ਭਿਆਨਕ ਸਾਜ਼ਿਸ਼ ਦਾ ਹਿੱਸਾ ਹੈ।

ਇੱਕ ਸਪੱਸ਼ਟ ਸਾਜ਼ਿਸ਼ੀ ਸਿਧਾਂਤ ਦਾ ਦਾਅਵਾ ਹੈ ਕਿ ਇੱਕ ਗੁਪਤ ਕੁਲੀਨ ਵਰਗ ਦੁਨੀਆ ਨੂੰ ਪਰਦੇ ਦੇ ਪਿੱਛੇ ਤੋਂ ਚਲਾਉਂਦਾ ਹੈ ਅਤੇ ਧਰਤੀ ਉੱਤੇ ਨਿਊ ਵਰਲਡ ਆਰਡਰ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਆਖਰਕਾਰ ਉਨ੍ਹਾਂ ਦੁਆਰਾ ਨਿਯੰਤਰਿਤ ਇੱਕ ਵਿਸ਼ਵਵਿਆਪੀ ਸਰਕਾਰ ਹੋਵੇਗੀ। ਮਿੱਥ ਦਾ ਸਮਰਥਨ ਕਰਨ ਲਈ ਕੋਈ ਅਸਲ ਸਬੂਤ ਨਹੀਂ ਹੈ, ਪਰ ਦੁਨੀਆ ਭਰ ਵਿੱਚ ਬਹੁਤ ਸਾਰੇ ਲੋਕ ਇਸ ਦੀ ਭਾਗੀਦਾਰੀ ਲੈਂਦੇ ਹਨ।

ਵਿਸ਼ਵ ਆਰਥਕ ਮੰਚ ਇੱਕ ਬਹੁਤ ਹੀ ਅਸਾਧਾਰਨ ਘਟਨਾ ਹੈ, ਅਤੇ ਇਹ ਇਸ ਤੋਂ ਕਿਤੇ ਜ਼ਿਆਦਾ ਵੱਡੀ ਚੀਜ਼ ਦਾ ਨਿਧਾਨ ਹੈ ਜੋ ਹੋ ਰਿਹਾ ਹੈ। ਵਿਸ਼ਵ ਨੇਤਾ ਸਰਗਰਮੀ ਨਾਲ ਇੱਕ ਵਿਸ਼ਵ ਸਰਕਾਰ ਅਤੇ ਧਰਮ ਬਣਾ ਰਹੇ ਹਨ ਅਤੇ ਇਹ ਪੂਰੀ ਤਰ੍ਹਾਂ ਨਾਲ ਅੱਗੇ ਵਧ ਰਿਹਾ ਹੈ। ਇਨ੍ਹਾਂ ਸੰਸਾਰ ਦੇ ਨੇਤਾਵਾਂ ਨੇ ਇਸ ਸੰਸਾਰ ਦੀਆਂ ਸ਼ੈਤਾਨੀ ਸ਼ਕਤੀਆਂ ਲਈ ਆਪਣੀ ਇੱਛਾ ਨਾਲ ਆਪਣੇ ਮਨ ਖੋਲ੍ਹ ਦਿੱਤੇ। ਰਾਸ਼ਟਰਾਂ ਦੀ ਆਰਥਿਕਤਾ ਨੂੰ ਨਿਯੰਤਰਿਤ ਕਰਨ ਵਾਲੇ ਵਿਸ਼ਵ ਨੇਤਾ ਇੱਕ ਵਿਸ਼ਵ ਨੂੰ ਨਵਾਂ ਰੂਪ ਦੇਣਾ ਚਾਹੁੰਦੇ ਹਨ।

ਈਕੋ ਫਾਸ਼ੀਵਾਦ ਵੀ ਇਸੇ ਸਾਜ਼ਿਸ਼ ਦਾ ਹਿਸਾ ਹੈ। ਇਹ ਵਾਤਾਵਰਣ ਦੇ ਨਾਂਅ ਉਤੇ ਆਪਣੀ ਅਸਲ ਮਨਸਾ ਉੱਪਰ ਅੱਗੇ ਵਧ ਰਹੇ ਹਨ। ਈਕੋ ਫਾਸ਼ੀਵਾਦੀ ਦਲੀਲ ਦੇਣਗੇ ਕਿ ਉਹ ਜ਼ਿਆਦਾ ਖਪਤ ਅਤੇ ਵਾਤਾਵਰਣ ਦੇ ਨੁਕਸਾਨ ਨੂੰ ਰੋਕਣ ਲਈ ਹਿੰਸਕ ਅਤੇ ਤਾਨਾਸ਼ਾਹੀ ਸਾਧਨਾਂ ਦੁਆਰਾ ਧਰਤੀ ਦੀ ਅਬਾਦੀ ਨੂੰ ਜ਼ਬਰਦਸਤੀ ਘਟਾਉਣ ਲਈ ਤਿਆਰ ਹੋਣਗੇ।

ਈਕੋ ਫਾਸ਼ੀਵਾਦ ਇੱਕ ਰਾਜਨੀਤਕ ਵਿਚਾਰਧਾਰਾ ਹੈ ਜੋ ਫਾਸ਼ੀਵਾਦ ਦੀਆਂ ਚਾਲਾਂ ਨਾਲ ਵਾਤਾਵਰਣਵਾਦ ਦੇ ਸਿਧਾਂਤਾਂ ਨੂੰ ਜੋੜਦੀ ਹੈ। ਵਾਤਾਵਰਣ ਵਿਗਿਆਨੀ ਕੁਦਰਤੀ ਵਾਤਾਵਰਣ ਨਾਲ ਮਨੁੱਖਾਂ ਦੇ ਸਬੰਧਾਂ 'ਤੇ ਧਿਆਨ ਕੇਂਦ੍ਰਤ ਕਰਦੇ ਹਨ। ਉਹ ਦਲੀਲ ਦਿੰਦੇ ਹਨ ਕਿ ਵਾਤਾਵਰਣ ਟਿਕਾਊ ਬਣਨ ਲਈ ਵਰਤਮਾਨ ਖਪਤ ਅਤੇ ਆਰਥਕ ਅਭਿਆਸਾਂ ਨੂੰ ਬਦਲਿਆ ਜਾਣਾ ਚਾਹੀਦਾ ਹੈ। ਈਕੋ ਫਾਸ਼ੀਵਾਦ ਦੀ ਜੜ੍ਹ ਇੱਕ ਖਾਸ ਕਿਸਮ ਦੇ ਈਕੋਲੋਜੀ ਵਿੱਚ ਹੈ ਜਿਸ ਨੂੰ ਡੂੰਘਾ ਵਾਤਾਵਰਣ ਕਿਹਾ ਜਾਂਦਾ ਹੈ। ਇਸ ਕਿਸਮ ਦਾ ਵਾਤਾਵਰਣ ਵਿਗਿਆਨਕ ਵਾਤਾਵਰਣ ਸੰਭਾਲ ਦੇ ਕੱਟੜਪੰਥੀ ਰੂਪਾਂ ਦੀ ਵਕਾਲਤ ਕਰਦਾ ਹੈ, ਜਿਵੇਂ ਕਿ ਆਬਾਦੀ ਨਿਯੰਤਰਣ, ਖੋਖਲੇ ਵਾਤਾਵਰਣ ਦੇ ਵਧੇਰੇ ਮੱਧਮ ਵਿਚਾਰਾਂ ਦੇ ਉਲਟ, ਇਸ ਅਧਾਰ 'ਤੇ ਕਿ ਮਨੁੱਖ ਅਤੇ ਕੁਦਰਤ ਬਰਾਬਰ ਹਨ।

ਦੂਜੇ ਪਾਸੇ ਫਾਸ਼ੀਵਾਦ ਨੂੰ ਇੱਕ ਤਾਨਾਸ਼ਾਹੀ ਅੱਤ-ਸੱਜੇ ਵਿਚਾਰਧਾਰਾ ਵਜੋਂ ਸੰਖੇਪ ਕੀਤਾ ਜਾ ਸਕਦਾ ਹੈ, ਜੋ ਵਿਅਕਤੀਗਤ ਅਧਿਕਾਰਾਂ ਨੂੰ ਰਾਜ ਦੇ ਅਧਿਕਾਰ ਅਤੇ ਸਿਧਾਂਤ ਲਈ ਮਾਮੂਲੀ ਸਮਝਦਾ ਹੈ। ਸਾਰਿਆਂ ਨੂੰ ਰਾਜ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਜੋ ਵਿਰੋਧ ਕਰਦੇ ਹਨ, ਉਨ੍ਹਾਂ ਨੂੰ ਕਿਸੇ ਵੀ ਸੰਭਵ ਤਰੀਕੇ ਨਾਲ ਖਤਮ ਕਰ ਦਿੱਤਾ ਜਾਵੇਗਾ

ਈਕੋਫਾਸ਼ੀਜ਼ਮ ਇੱਕ ਸ਼ਬਦ ਹੈ, ਜੋ ਉਹਨਾਂ ਵਿਅਕਤੀਆਂ ਅਤੇ ਸਮੂਹਾਂ ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਹੈ, ਜੋ ਵਾਤਾਵਰਣਵਾਦ ਨੂੰ ਫਾਸ਼ੀਵਾਦੀ ਦ੍ਰਿਸ਼ਟੀਕੋਣਾਂ ਅਤੇ ਰਣਨੀਤੀਆਂ ਨਾਲ ਜੋੜਦੇ ਹਨ।

ਸਭ ਤੋਂ ਜ਼ਿਆਦਾ ਸੱਜ ਪਿਛਾਖੜੀ ਕੁਝ ਲੋਕ ਜਲਵਾਯੂ ਪਰਿਵਰਤਨ ਦਾ ਕਾਰਨ ਬਣ ਰਹੇ ਹਨ ਇਸ ਬਾਰੇ ਜ਼ੈਨੋਫੋਬਿਕ, ਨਸਲਵਾਦੀ ਵਿਚਾਰਾਂ ਨੂੰ ਅਪਣਾ ਰਹੇ ਹਨ। ਈਕੋ-ਫਾਸ਼ੀਵਾਦੀ ਉਸ ਸਮੀਕਰਨ ਦੇ ਅੰਦਰ ਜਲਵਾਯੂ ਤਬਦੀਲੀ ਜਾਂ ਵਾਤਾਵਰਣ ਸੰਬੰਧੀ ਗੜਬੜੀਆਂ ਨੂੰ ਸਭਿਅਤਾ ਦੇ ਖਤਰੇ ਵਜੋਂ ਦੇਖਦੇ ਹਨ। ਈਕੋ-ਫਾਸ਼ੀਵਾਦੀ ਨਸਲਵਾਦ ਵਿੱਚ ਬੱਝੇ ਹੋਏ ਹਨ ਭਾਵੇਂ ਈਕੋਫਾਸ਼ੀਵਾਦੀ ਸਾਮਰਾਜਵਾਦੀ ਉਦਯੋਗੀਕਰਨ ਨੂੰ ਤਿਆਗ ਦਿੰਦੇ ਹਨ, ਉਹਨਾਂ ਦੇ ਵਿਚਾਰ ਸੁਭਾਵਕ ਤੌਰ 'ਤੇ ਬਸਤੀਵਾਦੀ ਹਨ।

**ਭਾਰਤ ਦੀਆਂ ਵਾਤਾਵਰਣ ਨੀਤੀਆਂ**

2014 ਦੀ ਇੱਕ ਰਿਪੋਰਟ 'ਇਵੋਲੂਸ਼ਨ ਆਫ਼ ਇਨਵਾਇਰਨਮੈਂਟਲ ਪਾਲਿਸੀ ਐਂਡ ਲਾਅ ਇਨ ਇੰਡੀਆ' ਵਿੱਚ ਲੇਖਕ ਨੇ ਭਾਰਤ ਦੀਆਂ ਵਾਤਾਵਰਨ ਨੀਤੀਆਂ ਨੂੰ ਵੱਖ-ਵੱਖ ਪੜਾਵਾਂ ਵਿੱਚ ਸ਼੍ਰੇਣੀਬੱਧ ਕੀਤਾ ਹੈ। ਬਸਤੀਵਾਦੀ ਪੜਾਅ ਵਿੱਚ ਇਸ ਦੇ ਤੱਤ ਵਿੱਚ ਸ਼ੋਸ਼ਣ - ਰਾਜ ਨੇ ਜੰਗਲੀ ਸਰੋਤਾਂ 'ਤੇ ਮਾਲੀਆ ਇਕੱਠਾ ਕਰਨ ਲਈ ਵਿਧਾਨਿਕ ਉਪਾਵਾਂ ਦੀ ਵਰਤੋਂ ਕੀਤੀ। ਬਸਤੀਵਾਦ ਤੋਂ ਬਾਅਦ ਦਾ ਪੜਾਅ 1970 ਦੇ ਦਹਾਕੇ ਤੱਕ ਉਸੇ ਕਾਨੂੰਨਾਂ 'ਤੇ ਅਧਾਰਤ ਸੀ।

ਪਿਛਲੇ ਦਹਾਕੇ ਵਿੱਚ ਭਾਰਤ ਵਿੱਚ ਹਿੰਦੂਤਵੀ ਰਾਜਨੀਤੀ ਦੇ ਉਭਾਰ ਨੇ ਈਕੋਫਾਸ਼ਿਸਟਾਂ ਦੇ ਉਭਾਰ ਨੂੰ ਵੀ ਉਤਸ਼ਾਹਤ ਕੀਤਾ ਹੈ, ਪਰ ਜਦੋਂ ਕਿ ਵਾਤਾਵਰਣਕ ਨੁਕਸਾਨ ਨੂੰ ਉਲਟਾਉਣ ਲਈ ਵਿਅਕਤੀਗਤ ਜਾਗਰੂਕਤਾ ਅਤੇ ਸਿੱਖਿਆ ਜ਼ਰੂਰੀ ਹੈ, ਸਿਰਫ ਸਰਕਾਰ ਹੀ ਥੋੜ੍ਹੇ ਸਮੇਂ ਵਿੱਚ ਵੱਡੇ ਪੱਧਰ 'ਤੇ ਤਬਦੀਲੀਆਂ ਨੂੰ ਪ੍ਰਭਾਵਤ ਕਰ ਸਕਦੀ ਹੈ। ਇਸ ਲਈ ਜਿਵੇਂ ਕਿ ਰਿਪੋਰਟਾਂ ਦੀ ਸੱਤਾ ਖੁਦ ਸਰਕਾਰ ਦੁਆਰਾ ਵਾਤਾਵਰਣ ਸੁਰੱਖਿਆ ਨੂੰ ਸੌਖਾ ਬਣਾਉਣ ਦਾ ਪ੍ਰਸਤਾਵ ਦਿੰਦੀ ਹੈ, ਅਜਿਹਾ ਲਗਦਾ ਹੈ ਕਿ ਅਸੀਂ ਸਿਰਫ ਇੱਕ ਅਜਿਹੇ ਸਮੇਂ ਵੱਲ ਜਾ ਰਹੇ ਹਾਂ, ਜਦੋਂ ਹਰੀ ਬਿਰਤਾਂਤ ਜਮਾਤੀ, ਜਾਤੀਵਾਦੀ ਅਤੇ ਫਿਰਕੂ ਵਿਚਾਰਧਾਰਾਵਾਂ ਦੇ ਅਧੀਨ ਹੋ ਜਾਵੇਗਾ।

ਅੱਜ ਸਮੇ ਦੀ ਅਹਿਮ ਲੋੜ ਹੈ ਕਿ ਵਿਸ਼ਵ ਦੇ ਸਾਰੇ ਲੋਕ ਵਿਸ਼ਵ ਆਰਥਕ ਮੰਚ ਦੇ ਭੈੜੇ ਮਨਸੂਬਿਆਂ ਨੂੰ ਸਮਝਣ ਅਤੇ ਵਿਸ਼ਵ ਨੂੰ ਇਨ੍ਹਾਂ ਭੇੜੀਆਂ ਵਿਰੁੱਧ ਇੱਕਮੁੱਠ ਹੋ ਕੇ ਸੰਘਰਸ਼ ਲਈ ਤਿਆਰ ਹੋਣ।

**# ਸੰਪਰਕ : 98550-04500**

CMYK

20-SEP-PAGE-5.qxd 9/19/2023 10:32 PM Page 1



# ਛੇ ਮਹੀਨੇ ਦੇ ਬਕਾਏ ਨਾ ਮਿਲਣ 'ਤੇ ਪੈਨਸ਼ਨਰਾਂ 'ਚ ਭਾਰੀ ਰੋਸ : ਭਜਨ ਸਿੰਘ ਗਿੱਲ



ਪੈਨਸ਼ਨਰ ਰੋਸ ਪ੍ਰਗਟ ਕਰਦੇ ਹੋਏ।

**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਪੰਜਾਬ ਦੀ ਜ਼ਿਲ੍ਹਾ ਇਕਾਈ ਮੋਗਾ ਨੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੰਜਾਬ ਦੇ ਪੈਨਸ਼ਨਰਾਂ ਦਾ ਜੁਲਾਈ 15 ਤੋਂ ਦਸੰਬਰ 15 ਤੱਕ ਦਾ ਛੇ ਮਹੀਨੇ ਦਾ ਬਕਾਇਆ ਬਹੁਤ ਸਾਰੀਆਂ ਬੈਂਕ ਬਰਾਂਚ ਪੰਜਾਬ ਨੈਸ਼ਨਲ ਬੈਂਕ ਬਰਾਂਚ ਬਾਘ ਪੁਰਾਣਾ ਤੇ ਪੰਜਾਬ ਐਂਡ ਸਿੰਧ ਬੈਂਕ ਸਮਾਲਸਰ ਤੇ ਚੜ੍ਹਿਕ ਆਦਿ ਬੈਂਕ ਆਫ ਇੰਡੀਆਂ ਬਰਾਂਚ ਮਿੰਨੀ ਸੈਕਟਰੀਏਟ ਮੋਗਾ ਆਦਿ ਨੇ ਅਜੇ ਤੱਕ ਨਹੀਂ ਪਾਇਆ, ਜਦੋਂਕਿ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਦੇ ਫੈਸਲੇ ਨੂੰ ਜਨਰਲਾਈਜ਼ ਕਰਦਿਆਂ ਸਾਰੇ ਪੈਨਸ਼ਨਰਾਂ ਨੂੰ ਇਹ ਬਕਾਇਆ ਦੇਣ ਲਈ ਅੱਜ ਤੋਂ ਤਿੰਨ ਮਹੀਨੇ ਪਹਿਲਾਂ ਗਰਾਂਟ ਜਾਰੀ ਕਰਕੇ ਸਾਰੇ ਬੈਂਕਾਂ ਦੇ ਪੈਨਸ਼ਨ ਪ੍ਰੋਸੈਸਿੰਗ ਕੇਂਦਰਾਂ ਤੇ ਸਾਰੇ ਮਹਿਕਮਿਆਂ ਦੇ ਹੈੱਡਜ਼ ਨੂੰ ਪੱਤਰ ਜਾਰੀ ਕਰ ਦਿੱਤਾ ਸੀ। ਜਥੇਬੰਦੀ ਨੇ ਬੈਂਕ ਅਧਿਕਾਰੀਆਂ ਨੂੰ ਅਪੀਲ ਕਰਦੇ ਹੋਏ ਬਕਾਇਆ ਤੁਰੰਤ ਪਾਉਣ ਲਈ ਕਿਹਾ, ਜੇਕਰ ਫਿਰ ਵੀ ਬੈਂਕ ਬਰਾਂਚਾਂ ਵੱਲੋਂ ਬਕਾਏ ਨਾ ਪਾਏ ਗਏ ਤਾਂ ਉਨ੍ਹਾਂ ਵਿਰੁੱਧ ਜਥੇਬੰਦਕ ਸੰਘਰਸ਼ ਦੇ ਤਹਿਤ ਬੈਂਕਾਂ ਅੱਗੇ ਧਰਨੇ ਲਾਉਣ ਦੇ ਪ੍ਰੋਗਰਾਮ ਉਲੀਕੇ ਜਾਣਗੇ।

ਪ੍ਰੈੱਸ ਬਿਆਨ ਜਾਰੀ ਕਰਦੇ ਸਮੇਂ ਭਜਨ ਸਿੰਘ ਗਿੱਲ, ਸੁਖਮੰਦਰ ਸਿੰਘ, ਪ੍ਰੇਮ ਕੁਮਾਰ, ਬਲਬੀਰ ਸਿੰਘ, ਬਿੱਕਰ ਸਿੰਘ ਮਾਛੀਕੇ, ਗੁਰਜੰਟ ਸਿੰਘ ਸੰਘਾ ਤੇ ਕਿਹਰ ਸਿੰਘ ਕਿਸ਼ਨਪੁਰਾ ਨੇ ਦੱਸਿਆ ਕਿ ਬਹੁਤ ਸਾਰੀਆਂ ਬੈਂਕ ਬਰਾਂਚਾਂ ਵਿੱਚ ਏ ਜੀ ਪੰਜਾਬ ਪਾਸੋਂ ਪਾਸ ਹੋ ਕੇ ਆਏ ਪੈਨਸ਼ਨ ਰੀਵਿਜ਼ਨ ਦੇ ਕੇਸ ਆਉਣ ਦੇ ਬਾਵਜੂਦ ਉਹ ਲਾਗੂ ਨਹੀਂ ਕੀਤੇ ਜਾਂਦੇ ਜਾਂ ਉਨ੍ਹਾਂ ਦੇ ਬਣਦੇ ਬਕਾਏ ਵੀ ਲਮਕਾ ਕੇ ਪਾਏ ਜਾਂਦੇ ਹਨ। ਕਮਿਊਟ ਪੈਨਸ਼ਨ ਦੀ ਕਟੌਤੀ ਬੰਦ ਕਰਨ ਲਈ ਬੇਨਤੀ ਪੱਤਰ ਦੇਣ ਦੇ ਬਾਵਜੂਦ ਕਟੌਤੀ ਬੰਦ ਨਹੀਂ ਕੀਤੀ ਜਾਂਦੀ ਅਤੇ ਵੱਧ ਕੀਤੀ ਕਟੌਤੀ ਦਾ ਬਣਦਾ ਏਰੀਅਰ ਵੀ ਲਟਕਾ ਕੇ ਪਾਇਆ ਜਾਂਦਾ ਹੈ।

ਜੋਰਾਵਰ ਸਿੰਘ, ਗੁਰਦੇਵ ਸਿੰਘ, ਭੁਪਿੰਦਰ ਸਿੰਘ, ਸਰਬਜੀਤ ਦਾਉਧਰ ਆਦਿ ਸਬ-ਡਵੀਜ਼ਨ ਸਕੱਤਰਾਂ ਤੇ ਪ੍ਰੈੱਸ ਸਕੱਤਰ ਗਿਆਨ ਸਿੰਘ ਡੀ.ਪੀ.ਆਰ.ਓ. ਨੇ ਪ੍ਰੈੱਸ ਬਿਆਨ ਜਾਰੀ ਕਰਦੇ ਸਮੇਂ ਦੱਸਿਆ ਕਿ ਪੈਨਸ਼ਨਰਾਂ ਨੂੰ ਮਿਲਣ ਵਾਲਾ ਸਫਰੀ ਭੱਤਾ ਜਨਵਰੀ ਤੇ ਜੁਲਾਈ ਵਿੱਚ ਹਰ ਦੋ ਸਾਲ ਬਾਅਦ ਪਵਾਉਣ ਲਈ ਵਾਰ ਵਾਰ ਅਰਜ਼ੀਆਂ ਦੇਣ ਦੇ ਬਾਵਜੂਦ ਸਮੇਂ ਸਿਰ ਨਹੀਂ ਪਾਇਆ ਜਾਂਦਾ, ਜਨਵਰੀ 2022 ਤੋਂ ਨਵੀਂ ਬੇਸਿਕ ਪੈਨਸ਼ਨ ਅਨੁਸਾਰ ਪਾਉਣ ਦੀ ਬਜਾਏ ਬਹੁਤ ਸਾਰੇ ਪੈਨਸ਼ਨਰਾਂ ਨੂੰ ਪੁਰਾਣੀ ਪੈਨਸ਼ਨ ਅਨੁਸਾਰ ਹੀ ਦਿੱਤਾ ਗਿਆ ਹੈ ਅਤੇ ਉਸ ਦਾ ਬਣਦਾ ਬਕਾਇਆ ਵੀ ਨਹੀਂ ਦਿੱਤਾ ਗਿਆ। ਬਹੁਤ ਸਾਰੇ ਫੈਮਲੀ ਪੈਨਸ਼ਨਰਾਂ ਦੀ ਫੈਮਲੀ ਪੈਨਸ਼ਨ ਕਿਸੇ ਕਾਰਨ ਬੰਦ ਹੋ ਗਈ, ਪਰ ਉਹ ਦੁਬਾਰਾ ਚਾਲੂ ਹੋਣ 'ਤੇ ਉਸ ਦਾ ਬਕਾਇਆ ਨਹੀਂ ਪਾਇਆ, ਇਸ ਦੀ ਇੱਕ ਉਦਾਹਰਣ ਬਾਘਾ ਪੁਰਾਣਾ ਪੀ ਐੱਨ ਬੀ ਬਰਾਂਚ ਦੀ ਹੈ ਕਿ ਗੁਰਦਰਸ਼ਨ ਸਿੰਘ ਪਤੀ ਸਵ. ਗੁਰਮੀਤ ਕੌਰ ਦੀ ਫੈਮਲੀ ਪੈਨਸ਼ਨ ਦਾ ਬਕਾਇਆ ਖਜ਼ਾਨਾ ਦਫਤਰ ਮੋਗਾ ਤੋਂ ਦੋ ਸਾਲ ਪਹਿਲਾਂ ਲਿਖਵਾਉਣ ਦੇ ਬਾਵਜੂਦ ਅਜੇ ਤੱਕ ਨਹੀਂ ਪਾਇਆ।

ਸੁਰਿੰਦਰ ਰਾਮ ਕੁੱਸਾ, ਚਮਕੌਰ ਸਿੰਘ ਸਰਾਂ ਤੇ ਹੋਰ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਮਿਊਟ ਪੈਨਸ਼ਨ ਦੀ ਕਟੌਤੀ ਸਾਢੇ ਗਿਆਰਾਂ ਸਾਲ ਦੀ ਬਜਾਏ 15 ਸਾਲ ਕਰਕੇ ਪੈਨਸ਼ਨਰਾਂ ਨੂੰ ਲੱਖਾਂ ਰੁਪਏ ਦਾ ਰਗੜਾ ਲਾਇਆ ਜਾ ਰਿਹਾ ਹੈ ਅਤੇ ਵਿਆਜ 8% ਦੀ ਬਜਾਏ 18% ਲਿਆ ਜਾ ਰਿਹਾ ਹੈ, ਜੋ ਕਿ ਪੈਨਸ਼ਨਰਾਂ ਦੀ ਬੁਢਾਪੇ ਦੀ ਡੰਗੋਰੀ 'ਤੇ ਕੋਝਾ ਹਮਲਾ ਹੈ। ਜਥੇਬੰਦੀ ਮੰਗ ਕਰਦੀ ਹੈ ਕਿ ਕਟੌਤੀ 1996 ਤੋਂ ਪਹਿਲਾਂ ਵਾਂਗ ਸਾਢੇ ਗਿਆਰਾਂ ਸਾਲ ਕੀਤੀ ਜਾਵੇ ਤੇ ਵੱਧ ਕੀਤੀ ਕਟੌਤੀ ਪੈਨਸ਼ਨਰਾਂ ਨੂੰ ਵਾਪਸ ਕੀਤੀ ਜਾਵੇ।

ਪ੍ਰੈੱਸ ਬਿਆਨ ਜਾਰੀ ਕਰਨ ਸਮੇਂ ਗਿਆਨ ਸਿੰਘ ਪ੍ਰੈੱਸ ਸਕੱਤਰ ਨੇ ਕਿਹਾ ਕਿ 24 ਸਤੰਬਰ ਨੂੰ ਮਲੋਟ 'ਚ ਬੀਬੀ ਬਲਜੀਤ ਕੌਰ ਕੈਬਨਿਟ ਮੰਤਰੀ ਦੇ ਘਰ ਅੱਗੇ ਧਰਨੇ ਲਈ ਜ਼ਿਲ੍ਹੇ ਵਿੱਚੋਂ ਤਿੰਨ ਬੱਸਾਂ ਠੀਕ 8 ਵਜੇ ਨਿਹਾਲ ਸਿੰਘ ਵਾਲਾ, ਮੋਗਾ ਤੇ ਬਾਘਾ ਪੁਰਾਣਾ ਤੋਂ ਚੱਲਣਗੀਆਂ ਅਤੇ ਠੀਕ ਸਾਢੇ ਨੌਂ ਵਜੇ ਬਠਿੰਡਾ ਥਰਮਲ ਪਲਾਂਟ ਦੇ ਸਾਹਮਣੇ ਇਕੱਠੀਆਂ ਹੋ ਕੇ ਮਲੋਟ ਲਈ ਰਵਾਨਾ ਹੋਣਗੀਆਂ। ਉਨ੍ਹਾਂ ਕਿਹਾ ਕਿ ਜੇਕਰ ਪੈਨਸ਼ਨਰਾਂ ਦਾ 2.59 ਗੁਣਾਂਕ ਅਤੇ ਨੌਸਨਲ ਸੋਧ ਵਿਧੀ ਸਮੇਤ ਸਾਢੇ ਪੰਜ ਸਾਲ ਦੇ ਬਕਾਏ ਅਤੇ ਹੋਰ ਮੰਗਾਂ ਬਾਰੇ ਕੋਈ ਫੈਸਲਾ ਨਾ ਕੀਤਾ ਤਾਂ 14 ਅਕਤੂਬਰ ਨੂੰ ਚੰਡੀਗੜ੍ਹ ਦੀ ਧਰਤੀ 'ਤੇ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਵਿਸ਼ਾਲ ਰੈਲੀ ਤੇ ਮੁਜ਼ਾਹਰਾ ਕੀਤਾ ਜਾਵੇਗਾ।

# ਵਿਦਿਆਰਥੀਆਂ ਨੂੰ ਇਨਸਾਫ ਜਲਦ ਮਿਲੇ, ਨਹੀਂ ਤਾਂ 21 ਤੋਂ ਸੰਘਰਸ਼ ਹੋਵੇਗਾ ਤੇਜ਼ : ਖੰਨਾ, ਖਾਲਸਾ

**ਪ੍ਰੈੱਸ ਕਾਨਫਰੰਸ ਕਰਕੇ ਦਿੱਤੀ ਸਰਕਾਰ, ਮੈਨੇਜਮੈਂਟ ਤੇ ਪ੍ਰਸ਼ਾਸਨ ਨੂੰ ਚੇਤਾਵਨੀ**



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਦੇਸ਼ ਭਗਤ ਯੂਨੀਵਰਸਿਟੀ ਅਮਲੋਹ ਅੱਗੇ ਧਰਨਾ ਦੇ ਰਹੇ ਵਿਦਿਆਰਥੀ ਇਨਸਾਫ ਮੋਰਚਾ ਦੇ ਆਗੂ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਤੇ ਸ਼੍ਰੋਮਣੀ ਅਕਾਲੀ ਦਲ ਫਤਿਹ ਦੇ ਆਗੂ ਜਥੇਦਾਰ ਲਖਬੀਰ ਸਿੰਘ ਖਾਲਸਾ ਨੇ ਪ੍ਰੈੱਸ ਕਾਨਫਰੰਸ ਕਰਕੇ ਸਰਕਾਰ, ਯੂਨੀਵਰਸਿਟੀ ਮੈਨੇਜਮੈਂਟ ਤੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਮੈਡੀਕਲ ਦੇ ਵਿਦਿਆਰਥੀਆਂ, ਜਿਨ੍ਹਾਂ ਨਾਲ ਦੇਸ਼ ਭਗਤ ਯੂਨੀਵਰਸਿਟੀ ਅਮਲੋਹ ਵੱਲੋਂ ਵੱਡਾ ਧੋਖਾ ਕੀਤਾ ਗਿਆ ਹੈ, ਨੂੰ ਉਨ੍ਹਾਂ ਦਾ ਹੱਕ ਤੇ ਇਨਸਾਫ ਕੱਲ੍ਹ ਸ਼ਾਮ ਤੱਕ ਨਹੀਂ ਦਿੱਤਾ ਜਾਂਦਾ ਤਾਂ 21 ਸਤੰਬਰ ਨੂੰ ਵਿਦਿਆਰਥੀਆਂ ਦੇ ਹੱਕਾਂ 'ਤੇ ਪਹਿਰਾ ਦਿੰਦੇ ਹੋਏ ਸੰਘਰਸ਼ ਨੂੰ ਤੇਜ਼ ਕਰਦੇ ਹੋਏ ਰੋਡ ਜਾਮ ਕੀਤੇ ਜਾਣਗੇ। ਰਾਜੂ ਖੰਨਾ ਤੇ ਖਾਲਸਾ ਨੇ ਸਾਂਝੇ ਤੌਰ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਮੈਨੇਜਮੈਂਟ ਵੱਲੋਂ 13 ਸਤੰਬਰ ਨੂੰ ਯੂਨੀਵਰਸਿਟੀ ਆਪ ਬੰਦ ਕੀਤੀ ਹੈ ਨਾ ਕਿ ਇਸ ਨੂੰ ਇਨਸਾਫ ਮੋਰਚੇ ਨੇ ਬੰਦ ਕਰਵਾਇਆ। ਰਾਜੂ ਖੰਨਾ ਨੇ ਕਿਹਾ ਕਿ ਮੋਰਚੇ ਯੂਨੀਵਰਸਿਟੀ ਖੋਲਣ ਦੇ ਹੱਕ ਵਿੱਚ ਹੈ, ਪਰ ਕੁਝ ਸ਼ਰਾਰਤੀ ਅਨਸਰਾਂ ਅਫਵਾਹਾਂ ਫੈਲਾਅ ਰਹੇ ਹਨ ਕਿ ਮੋਰਚਾ ਯੂਨੀਵਰਸਿਟੀ ਬੰਦ ਕਰਵਾ ਰਿਹਾ ਹੈ, ਜਿਸ ਵਿੱਚ ਕੋਈ ਸਿਚਾਈ ਨਹੀਂ, ਕਿਉਂਕਿ ਇਸ ਯੂਨੀਵਰਸਿਟੀ ਨਾਲ ਵਿਦਿਆਰਥੀਆਂ ਦਾ ਭਵਿੱਖ ਤੇ ਮੁਲਾਜ਼ਮਾਂ ਦਾ ਰੁਜ਼ਗਾਰ ਜੁੜਿਆ ਹੋਇਆ ਹੈ। ਉਨ੍ਹਾਂ ਦਾ ਮਕਸਦ ਸਿਰਫ ਤੇ ਸਿਰਫ ਮੈਡੀਕਲ ਦੇ ਵਿਦਿਆਰਥੀਆਂ ਨਾਲ ਹੋਈ ਬੇਇਨਸਾਫੀ ਤੋਂ ਇਨਸਾਫ ਦਿਵਾਉਣਾ ਹੈ। ਆਗੂਆਂ ਨੇ ਕਿਹਾ ਕਿ ਆਪ ਸਰਕਾਰ, ਮੈਨੇਜਮੈਂਟ ਤੇ ਪ੍ਰਸ਼ਾਸਨ ਵਿਦਿਆਰਥੀਆਂ ਦੇ ਮਾਮਲੇ ਨੂੰ ਹੱਲ ਕਰਨ ਲਈ ਸਜਿੰਦਾ ਨਹੀਂ, ਜਿਸ ਕਾਰਨ ਵਿਦਿਆਰਥੀਆਂ ਤੇ ਸਮੁੱਚੇ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਰਾਜੂ ਖੰਨਾ ਤੇ ਲਖਵੀਰ ਖਾਲਸਾ ਨੇ ਕਿਹਾ ਕਿ ਜੇਕਰ ਸਰਕਾਰ, ਪ੍ਰਸ਼ਾਸਨ ਤੇ ਮੈਨੇਜਮੈਂਟ ਨੇ ਕੱਲ੍ਹ ਤੱਕ ਵਿਦਿਆਰਥੀਆਂ ਨੂੰ ਇਨਸਾਫ ਦੇਣ ਲਈ ਹੱਲ ਨਾ ਕੱਢਿਆ ਤਾਂ ਇਹ ਇਨਸਾਫ ਮੋਰਚਾ ਸੰਘਰਸ਼ ਨੂੰ ਤੇਜ਼ ਕਰਦਾ ਹੋਇਆ ਵੱਖ ਵੱਖ ਜਥੇਬੰਦੀਆਂ, ਕਿਸਾਨ ਯੂਨੀਅਨਾਂ, ਵਿਦਿਆਰਥੀ ਜਥੇਬੰਦੀਆਂ ਨੂੰ ਅਪੀਲ ਕਰੇਗਾ ਕਿ ਉਹ ਇਸ ਵਿਦਿਆਰਥੀਆਂ ਨੂੰ ਇਨਸਾਫ ਦਿਵਾਉਣ ਲਈ ਵਹੀਰਾਂ ਘੱਤ ਕੇ ਵੱਡੀ ਗਿਣਤੀ 'ਚ ਧਰਨੇ ਵਿੱਚ ਸ਼ਾਮਲ ਹੋਣ ਤਾਂ ਜੋ ਸਰਕਾਰ, ਮੈਨੇਜਮੈਂਟ ਤੇ ਪ੍ਰਸ਼ਾਸਨ ਨੂੰ ਝੁਕਾਇਆ ਜਾ ਸਕੇ। ਰਾਜੂ ਖੰਨਾ ਨੇ ਕਿਹਾ ਕਿ ਪ੍ਰਸ਼ਾਸਨ ਇਸ ਗੱਲ ਨੂੰ ਕਲੀਅਰ ਕਰੇ ਕਿ ਜੋ ਪਰਚੇ ਵਿਦਿਆਰਥਣਾਂ 'ਤੇ ਕੀਤੇ ਗਏ ਸਨ, ਉਨ੍ਹਾਂ ਨੂੰ ਰੱਦ ਕਰਕੇ ਮਾਮਲਾ ਕਿੱਥੇ ਖੜ੍ਹਾ ਹੈ ਤੇ ਜਿਹੜਾ ਪਰਚਾ ਯੂਨੀਵਰਸਿਟੀ ਮੈਨੇਜਮੈਂਟ 'ਤੇ ਦਿੱਤਾ ਗਿਆ ਹੈ, ਉਸ ਵਿੱਚ ਸ਼ਾਮਲ ਅਣਪਛਾਤੇ ਵਿਅਕਤੀਆਂ 'ਤੇ ਕੀ ਕਾਰਵਾਈ ਹੋ ਰਹੀ ਹੈ ਤੇ ਵਿਦਿਆਰਥੀਆਂ ਨੂੰ ਮੈਡੀਕਲ ਦੀ ਡਿਗਰੀ ਕਿੱਥੋਂ ਮਿਲੇਗੀ। ਇਸ ਪ੍ਰੈੱਸ ਕਾਨਫਰੰਸ ਸਮੇਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ, ਜਥੇਦਾਰ ਕਰਮਜੀਤ ਸਿੰਘ ਭਗੜਾਣਾ, ਜਥੇਦਾਰ ਹਰਬੰਸ ਸਿੰਘ ਬਡਾਲੀ, ਜਥੇਦਾਰ ਜਰਨੈਲ ਸਿੰਘ ਮਾਜਰੀ, ਕੇਵਲ ਖਾਂ ਧਰਮਗੜ੍ਹ, ਜਥੇਦਾਰ ਕੁਲਦੀਪ ਸਿੰਘ ਮਛਰਾਈ, ਹਰਿੰਦਰ ਸਿੰਘ ਦੀਵਾ, ਯੂਥ ਆਗੂ ਕਮਲਜੀਤ ਸਿੰਘ ਗਿੱਲ, ਹਰਵਿੰਦਰ ਸਿੰਘ ਬਿੰਦਾ, ਸ਼ੌਕਤ ਅਲੀ, ਕਿਸਾਨ ਆਗੂ ਗੁਰਚਰਨ ਸਿੰਘ ਭਾਂਬਰੀ, ਕੁਲਜੀਤ ਕੌਰ ਭੜੀ, ਪ੍ਰਧਾਨ ਬੀਬੀ ਗੁਰਜੀਤ ਕੌਰ, ਮੱਖਣ ਸਿੰਘ, ਮਲਕੀਤ ਸਿੰਘ ਅੰਬੇਮਾਜਰਾ, ਹਰਮਿੰਦਰ ਸਿੰਘ ਦਨਘੇੜੀ, ਮੁਹੰਮਦ ਸਾਕਰ, ਮੁਹੰਮਦ ਕਾਜਨ, ਕਾਰੀ ਸਕੀਲ ਅਹਿਮਦ, ਮੁਕਤੀ ਯੁਸਫ ਖਾਂ, ਸਰਧਾ ਸਿੰਘ ਛੰਨਾ ਤੋਂ ਇਲਾਵਾ ਮੈਡੀਕਲ ਦੀਆਂ ਪੀੜਤ ਵਿਦਿਆਰਥਣਾਂ ਮੌਜੂਦ ਸਨ।

## ਕਾਤਰਾਂ

### ਮੀਟ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾ. ਰੂਹੀ ਦੁੱਗ ਜ਼ਿਲ੍ਹਾ ਮੈਜਿਸਟ੍ਰੇਟ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ 19 ਸਤੰਬਰ ਨੂੰ ਸੰਵਤਸਰੀ ਦਿਵਸ ਤੇ 28 ਸਤੰਬਰ ਨੂੰ ਅਨੰਤ ਚੁਤਰਦਸੀ ਦਿਵਸ 'ਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਹਦੂਦ ਅੰਦਰ ਪੈਂਦੀਆਂ ਮੀਟ ਦੀਆਂ ਦੁਕਾਨਾਂ/ਰੇਹੜੀਆਂ, ਬੁੱਚੜਖਾਨੇ ਵਗੈਰਾ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਹਨ। ਦੋਹਾਂ ਦਿਨਾਂ ਦੌਰਾਨ ਹੋਟਲਾਂ, ਢਾਬਿਆਂ, ਅਹਾਤਿਆਂ ਤੇ ਕਲੱਬਾਂ ਆਦਿ ਵਿੱਚ ਵੀ ਮੀਟ ਬਣਾਉਣ 'ਤੇ ਪਾਬੰਦੀ ਰਹੇਗੀ। ਹੁਕਮਾਂ ਦੀ ਉਲੰਘਣਾ ਕਰਨ 'ਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

### ਕਰੰਟ ਲੱਗਣ ਨਾਲ ਕਿਸਾਨ ਦੀ ਮੌਤ



**ਬਰੇਟਾ (ਰੀਤਵਾਲ)**-ਬੀਤੀ ਰਾਤ ਇੱਕ ਕਿਸਾਨ ਦੀ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਹੋ ਜਾਣ ਦਾ ਦੁੱਖਦਾਈ ਸਮਾਚਾਰ ਹੈ। ਬਰੇਟਾ ਪੁਲਸ ਦੇ ਜਾਂਚ ਅਧਿਕਾਰੀ ਬ੍ਰਿਸ਼ਭਾਨ ਤੋਂ ਮਿਲੀ ਜਾਣਕਾਰੀ ਅਨੁਸਾਰ ਪਿੰਡ ਖੁਡਾਲ ਕਲਾਂ ਦੇ ਕਿਸਾਨ ਸੁਖਦਰਸ਼ਨ ਸਿੰਘ (55) ਦੀ ਘਰ 'ਚ ਫਰਾਟਾ ਪੱਖਾ ਲਗਾਉਂਦੇ ਸਮੇਂ ਅਚਾਨਕ ਕਰੰਟ ਲੱਗਣ ਨਾਲ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਮ੍ਰਿਤਕ ਦੇ ਪੁੱਤਰ ਧਰਮਿੰਦਰ ਸਿੰਘ ਦੇ ਬਿਆਨਾਂ 'ਤੇ ਧਾਰਾ 174 ਤਹਿਤ ਕਾਰਵਾਈ ਕਰਕੇ ਪੋਸਟ ਮਾਰਟਮ ਕਰਵਾਉਣ ਉਪਰੰਤ ਲਾਸ਼ ਵਾਰਿਸਾਂ ਨੂੰ ਸੌਂਪ ਦਿੱਤੀ ਜਾਵੇਗੀ। ਮ੍ਰਿਤਕ ਕਿਸਾਨ ਚਾਰ ਏਕੜ ਦਾ ਮਾਲਕ ਸੀ ਤੇ ਖੇਤੀਬਾੜੀ ਕਰਕੇ ਆਪਣਾ ਪਰਿਵਾਰ ਪਾਲ ਰਿਹਾ ਸੀ। ਮ੍ਰਿਤਕ ਆਪਣੇ ਪਿੱਛੇ ਇੱਕ ਲੜਕਾ ਤੇ ਇੱਕ ਲੜਕੀ ਛੱਡ ਗਿਆ ਹੈ।

### ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਦੀ ਮੀਟਿੰਗ

**ਦੇਵੀਗੜ੍ਹ/ਪਟਿਆਲਾ (ਵਿਜੇ ਕੁਮਾਰ ਸ਼ਰਮਾ)**-ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਸਕੂਲਾਂ/ਕਾਲਜਾਂ ਤੇ ਜੰਗਲਾਤ ਦੇ ਆਗੂਆਂ ਦੀ ਏਥੇ ਹੋਈ ਮੀਟਿੰਗ ਵਿੱਚ 26 ਸਤੰਬਰ ਨੂੰ ਮੋਹਾਲੀ ਵਿਖੇ ਦਿੱਤੇ ਜਾਣ ਵਾਲੇ ਜ਼ੋਨਲ ਧਰਨੇ/ਰੈਲੀ ਦੀਆਂ ਤਿਆਰੀਆਂ ਦੀ ਪੜਚੋਲ ਕੀਤੀ ਗਈ। ਹਾਜ਼ਰ ਆਗੂਆਂ ਨੇ ਚੌਥਾ ਦਰਜਾ ਕਰਮਚਾਰੀਆਂ, ਕੱਚੇ ਤੇ ਪੱਕੇ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਸਮੇਤ ਵਿਭਾਗਾਂ ਦਾ ਪਿੱਟ ਸਿਆਪਾ ਕਰਨ ਲਈ ਵੱਡੀ ਗਿਣਤੀ ਵਿੱਚ ਮੋਹਾਲੀ ਪਹੁੰਚਣ। ਇਸ ਮੌਕੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਜਗਮੋਹਣ ਸਿੰਘ ਨੌਲੱਖਾ, ਗੁਰਤੇਜ ਸਿੰਘ, ਪਰਮਜੀਤ ਸਿੰਘ ਹਾਂਡਾ, ਕੁਲਵਿੰਦਰ ਸਿੰਘ, ਰਾਮਪ੍ਰਸਾਦ ਸਹੋਤਾ, ਪ੍ਰਕਾਸ਼ ਲੁਬਾਣਾ ਆਦਿ ਆਗੂ ਹਾਜ਼ਰ ਸਨ।

### ਸੰਤ ਪ੍ਰੀਤਮ ਸਿੰਘ ਤਿਆਗੀ ਦੀ ਬਰਸੀ 25 ਨੂੰ

**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**-ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਡਬਰ ਰੋਡ ਲੌਂਗੋਵਾਲ ਦੇ ਮੁੱਖ ਸੇਵਾਦਾਰ ਬਾਬਾ ਕੁਲਵੰਤ ਸਿੰਘ ਕਾਂਤੀ ਨੇ ਦੱਸਿਆ ਕਿ ਮਹਾਨ ਸ਼ਹੀਦੀ ਸਮਾਗਮ ਤੇ ਮਹਾਂਪੁਰਸ਼ ਸੰਤ ਬਾਬਾ ਪ੍ਰੀਤਮ ਸਿੰਘ ਤਿਆਗੀ ਦੀ 14ਵੀਂ ਬਰਸੀ 25, 26 ਤੇ 27 ਸਤੰਬਰ ਨੂੰ ਗੁਰੂਘਰ ਵਿਖੇ ਬੜੀ ਸ਼ਰਧਾ ਨਾਲ ਮਨਾਈ ਜਾਵੇਗੀ। ਉਨ੍ਹਾ ਦੱਸਿਆ ਕਿ ਬਰਸੀ ਸਮਾਗਮ ਸਬੰਧੀ 25 ਸਤੰਬਰ ਨੂੰ ਸ਼੍ਰੀ ਅਖੰਡ ਪਾਠ ਆਰੰਭ ਹੋਣਗੇ, 26 ਨੂੰ ਦੀਵਾਨ ਸਜਣਗੇ ਤੇ 27 ਸਤੰਬਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦਿਨ-ਰਾਤ ਦੇ ਭਾਰੀ ਦੀਵਾਨ ਸਜਣਗੇ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਦੋ ਮੋਟਰਸਾਈਕਲ ਸਵਾਰ ਆੜ੍ਹਤੀਏ ਕੋਲੋਂ ਮੋਬਾਇਲ ਖੋਹ ਕੇ ਫਰਾਰ

**ਸ਼ਹਿਰ ਅੰਦਰ ਲੁੱਟਾਂ-ਖੋਹਾਂ ਤੋਂ ਲੋਕ ਪ੍ਰੇਸ਼ਾਨ, ਕੋਈ ਕਾਨੂੰਨ ਵਿਵਸਥਾ ਨਹੀਂ : ਪ੍ਰੇਮ ਛਾਬੜਾ**

**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**


ਜਾਣਕਾਰੀ ਦਿੰਦੇ ਹੋਏ ਪੀੜਤ ਪੱਪੂ ਛਾਬੜਾ।

ਸ਼ਹਿਰ ਅੰਦਰ ਲੁਟੇਰਿਆਂ ਵੱਲੋਂ ਲੁੱਟਾਂ ਖੋਹਾਂ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਤੇ ਪੁਲਸ ਪ੍ਰਸ਼ਾਸਨ ਖਾਮੋਸ਼ ਨਜ਼ਰ ਆ ਰਿਹਾ ਹੈ। ਸ਼ਹਿਰ ਅੰਦਰ ਹੋ ਰਹੀਆਂ ਲਗਾਤਾਰ ਲੁੱਟਾਂ ਖੋਹਾਂ ਕਾਰਨ ਸ਼ਹਿਰ ਵਾਸੀ ਬਹੁਤ ਪ੍ਰੇਸ਼ਾਨ ਹਨ ਤੇ ਸਹਿਮ ਦੇ ਮਾਹੌਲ ਵਿੱਚ ਜ਼ਿੰਦਗੀ ਜੀ ਰਹੇ ਹਨ। ਸ਼ਹਿਰ ਦੇ ਰੇਲਵੇ ਪੁਲ ਦੇ ਉਪਰ ਦੋ ਨਕਾਬਪੋਸ਼ ਮੋਟਰਸਾਈਕਲ ਸਵਾਰ ਲੁਟੇਰੇ ਸਕੂਟਰੀ ਸਵਾਰ ਪਤੀ-ਪਤਨੀ ਕੋਲੋਂ ਮੋਬਾਇਲ ਖੋਹ ਕੇ ਫਰਾਰ ਹੋ ਗਏ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਪੀੜਿਤ ਪ੍ਰੇਮ ਪੱਪੂ ਛਾਬੜਾ ਨੇ ਦੱਸਿਆ ਕਿ ਬੀਤੇ ਐਤਵਾਰ ਦੀ ਰਾਤ ਨੂੰ 7 ਤੇ 8 ਵਜੇ ਦੇ ਕਰੀਬ ਉਹ ਅਪਣੀ ਪਤਨੀ ਸਮੇਤ ਸਕੂਟਰੀ 'ਤੇ ਸਵਾਰ ਹੋ ਕੇ ਕਿਸੇ ਕੰਮ ਲਈ ਰੇਲਵੇ ਪੁਲ ਦੇ ਉਸ ਪਾਰ ਗਿਆ ਸੀ ਤਾਂ ਉਸੀ ਵਕਤ ਜਦ ਉਹ ਵਾਪਸ ਆਪਣੇ ਘਰ ਨੂੰ ਜਾ ਰਹੇ ਸਨ ਤਾਂ ਰੇਲਵੇ ਪੁਲ ਦੇ ਉਪਰ ਵਿਚਕਾਰ ਪਹੁੰਚੇ ਤਾਂ ਦੋ ਨਕਾਬਪੋਸ਼ ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਉਸ ਦੇ ਕੁੜਤੇ ਦੀ ਜੇਬ ਪਾੜ ਕੇ ਮੋਬਾਇਲ ਖੋਹ ਕੇ ਫਰਾਰ ਹੋ ਗਏ ਤੇ ਅਸੀਂ ਦੋਵੇਂ ਸੜਕ ਉੱਪਰ ਡਿੱਗ ਗਏ। ਪ੍ਰੇਮ ਪੱਪੂ ਛਾਬੜਾ, ਜੋ ਕਿ ਆੜ੍ਹਤ ਦਾ ਕੰਮ ਕਰਦੇ ਹਨ ਤੇ ਆੜ੍ਹਤੀਆ ਐਸੋ: ਦੇ ਵਾਈਸ ਪ੍ਰਧਾਨ ਤੇ ਕੈਸ਼ੀਅਰ ਵੀ ਰਹਿ ਚੁੱਕੇ ਹਨ। ਪੱਪੂ ਛਾਬੜਾ ਨੇ ਕਿਹਾ ਕਿ ਲੋਕ ਤਾਂ ਹੀ ਆਪਣੇ ਬੱਚੇ ਬਾਹਰ ਵਿਦੇਸ਼ ਭੇਜ ਰਹੇ ਹਨ, ਕਿਉਂਕਿ ਇਲਾਕੇ ਵਿੱਚ ਕਿਸੇ ਪ੍ਰਕਾਰ ਦੀ ਕੋਈ ਵੀ ਕਾਨੂੰਨ ਵਿਵਸਥਾ ਨਹੀਂ ਹੈ ਤੇ ਲੁੱਟਾਂ ਖੋਹਾਂ ਕਰਨ ਵਾਲਿਆਂ ਦਾ ਅੰਤਕ ਤੇ ਬੋਲ ਬਾਲਾ ਹੈ। ਉਨ੍ਹਾ ਕਿਹਾ ਕਿ ਥੋੜ੍ਹੇ ਦਿਨਾਂ ਬਾਅਦ ਝੋਨੇ ਦਾ ਸੀਜ਼ਨ ਸ਼ੁਰੂ ਹੋਣ ਵਾਲਾ ਹੈ, ਜੇਕਰ ਲੁੱਟਾਂ ਖੋਹਾਂ ਦਾ ਸਿਲਸਿਲਾ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਲੋਕਾਂ ਨੂੰ ਦਾਣਾ ਮੰਡੀ ਵਿੱਚ ਆਪਣੀਆਂ ਦੁਕਾਨਾਂ ਉੱਪਰ ਜਾਣ 'ਚ ਡਰ ਲੱਗੇਗਾ। ਉਨ੍ਹਾਂ ਕਿਹਾ ਕਿ ਪੁਲਸ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਸ਼ਰਾਰਤੀ ਅਨਸਰਾਂ ਨੂੰ ਫੜ ਕੇ ਉਨ੍ਹਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

# ਕੈਨੇਡਾ ਪੜ੍ਹਨ ਗਿਆ ਨੌਜਵਾਨ ਸੜਕ ਹਾਦਸੇ 'ਚ ਜ਼ਿੰਦਾ ਸੜਿਆ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿੰਡ ਸਾਗਰਾ ਦੇ ਪਰਿਵਾਰ ਉੱਤੇ ਦੁੱਖਾਂ ਦਾ ਪਹਾੜ ਉਸ ਸਮੇਂ ਟੁੱਟ ਗਿਆ, ਜਦੋਂ ਜਨਮ ਦਿਨ ਵਾਲੇ ਦਿਨ 24 ਸਾਲਾ ਨੌਜਵਾਨ ਦੀ ਕੈਨੇਡਾ ਵਿੱਚ ਵਾਪਰੇ ਇੱਕ ਸੜਕ ਹਾਦਸੇ ਵਿੱਚ ਦੁੱਖਦਾਈ ਮੌਤ ਹੋ ਗਈ। ਸੜਕ ਹਾਦਸਾ ਇੰਨਾ ਭਿਆਨਕ ਦੱਸਿਆ ਜਾ ਰਿਹਾ ਹੈ ਕਿ ਟਰਾਲੇ ਵਿੱਚ ਸਵਾਰ ਦੋਨਾਂ ਨੌਜਵਾਨਾਂ ਦੀਆਂ ਲਾਸ਼ਾਂ ਸੜ ਕੇ ਸੁਆਹ ਹੋ ਗਈਆਂ। ਦੂਜਾ ਨੌਜਵਾਨ ਕੇਰਲਾ ਦਾ ਦੱਸਿਆ ਜਾ ਰਿਹਾ ਹੈ।



ਜਾਣਕਾਰੀ ਦਿੰਦਿਆਂ ਮ੍ਰਿਤਕ ਨੌਜਵਾਨ ਗੁਰਪਿੰਦਰ ਸਿੰਘ ਦੇ ਪਿਤਾ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ 2017 ਵਿੱਚ ਪੜ੍ਹਨ ਲਈ ਕੈਨੇਡਾ ਗਿਆ ਸੀ ਅਤੇ ਪੜ੍ਹਾਈ ਪੂਰੀ ਕਰਨ ਉਪਰੰਤ ਉਹ ਪਿਛਲੇ ਕਰੀਬ ਚਾਰ ਸਾਲ ਤੋਂ ਟਰੱਕ ਚਲਾ ਰਿਹਾ ਸੀ। ਬੀਤੇ ਐਤਵਾਰ ਉਹ ਉਂਟਾਰੀਓ ਤੋਂ ਲੋਡ ਖਾਲੀ ਕਰਕੇ ਮਿਸੀਸਾਗਾ ਦੋਸਤਾਂ ਨਾਲ ਜਨਮ ਦਿਨ ਮਨਾਉਣ ਲਈ ਆਪਣੇ ਘਰ ਨੂੰ ਆ ਰਿਹਾ ਸੀ ਕਿ ਮਿਸੀਸਾਗਾ ਤੋਂ ਕਰੀਬ 700 ਕਿਲੋਮੀਟਰ ਪਹਿਲਾਂ ਰਾਤ ਕਰੀਬ ਸਾਢੇ ਤਿੰਨ ਵਜੇ ਸਾਹਮਣੇ ਤੋਂ ਆ ਰਹੇ ਟਰਾਲੇ ਨੇ ਉਸ ਦੇ ਟਰਾਲੇ ਵਿੱਚ ਟੱਕਰ ਮਾਰੀ। ਟੱਕਰ ਸਿੱਧੀ ਤੇਲ ਵਾਲੇ ਟੈਂਕਰ ਨਾਲ ਹੋਣ ਕਰਕੇ ਜ਼ੋਰਦਾਰ ਧਮਾਕਾ ਹੋਇਆ ਤੇ ਟਰਾਲੇ ਨੂੰ ਅੱਗ ਲੱਗ ਗਈ, ਜਿਸ ਵਿੱਚ ਉਸ ਦਾ ਲੜਕਾ ਗੁਰਪਿੰਦਰ ਸਿੰਘ ਤੇ ਉਸ ਦਾ ਸਹਾਇਕ, ਜੋ ਕੇਰਲਾ ਦਾ ਰਹਿਣ ਵਾਲਾ ਸੀ, ਅੱਗ ਦੀ ਲਪੇਟ ਵਿੱਚ ਆ ਗਏ। ਉਨ੍ਹਾਂ ਦੱਸਿਆ ਕਿ ਜਾਣਕਾਰਾਂ ਤੋਂ ਮਿਲੀ ਸੂਚਨਾ ਮੁਤਾਬਕ ਅੱਗ 'ਤੇ ਕਾਬੂ 18 ਘੰਟੇ ਬਾਅਦ ਪਾਇਆ ਗਿਆ, ਜਿਸ ਕਾਰਨ ਉਕਤ ਦੋਵੇਂ ਨੌਜਵਾਨ ਟਰਾਲੇ ਵਿੱਚ ਹੀ ਸੜਕੇ ਸੁਆਹ ਹੋ ਗਏ।

# ਸਫ਼ਾਈ ਅਭਿਆਨ 'ਚ ਸਹਿਯੋਗੀ ਸੱਜਣਾਂ ਦਾ ਕੀਤਾ ਸਨਮਾਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਨਗਰ ਕੌਂਸਲ ਦੇ ਅਧਿਕਾਰੀ ਦੀਪਕ ਕੁਮਾਰ ਤੇ ਸਵੱਛ ਭਾਰਤ ਦੀ ਟੀਮ ਦੇ ਆਗੂ ਸਾਜਨ ਮੱਲਕੇ ਵੱਲੋਂ ਸਵੱਛ ਭਾਰਤ ਉਲੀਕ ਟੂ ਦੇ ਪ੍ਰੋਗਰਾਮ ਸ਼੍ਰੀ ਸ਼ਿਵ ਮੰਦਿਰ ਧਰਮਸ਼ਾਲਾ ਰੱਖਿਆ ਗਿਆ ਸੀ। ਇਹ ਪ੍ਰੋਗਰਾਮ ਐਸ.ਡੀ.ਐਮ ਹਰਕੰਵਲਜੀਤ ਸਿੰਘ ਦੀ ਅਗਵਾਈ ਵਿੱਚ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਿਧਾਇਕ ਆਮ ਆਦਮੀ ਪਾਰਟੀ ਦੇ ਅੰਮ੍ਰਿਤਪਾਲ ਸਿੰਘ ਸੁਖਾਨੰਦ ਸਨ, ਪਰ ਡਿਊਟੀ ਹੋਣ ਕਾਰਨ ਉਨ੍ਹਾਂ ਦੇ ਸਥਾਨ 'ਤੇ ਉਨ੍ਹਾਂ ਦੀ ਟੀਮ ਗੁਰਪ੍ਰੀਤ ਮਨਚੰਦਾ, ਪ੍ਰਦੀਪ ਨੋਹਰੀਆ, ਵਿਪਨ ਸ਼ਰਮਾ ਨੇ ਮੌਕੇ 'ਤੇ ਹਾਜ਼ਰੀ ਭਰੀ। ਇਸ ਮੌਕੇ ਉਨ੍ਹਾਂ ਨਾਲ ਤਹਿਸੀਲਦਾਰ ਬੇਅੰਤ ਸਿੰਘ ਤੇ ਐਸ.ਐਮ .ਓ ਨਿਸ਼ਾ ਬਾਂਸਲ ਵੱਲੋਂ ਵੀ ਸ਼ਮੂਲੀਅਤ ਕੀਤੀ। ਐਸ.ਡੀ.ਐਮ ਨੇ ਕਿਹਾ ਕਿ ਭਾਵੇਂ ਸਰਕਾਰਾਂ ਵੱਲੋਂ ਸਫਾਈ ਨੂੰ ਲੈ ਕੇ ਵੱਡੇ ਪੱਧਰ 'ਤੇ ਕਾਰਜ ਕੀਤੇ ਜਾ ਰਹੇ ਹਨ, ਪਰ ਇਹ ਕਾਰਜ ਨੂੰ ਪੂਰਨ ਕਰਨ ਲਈ ਲੋਕਾਂ ਦੇ ਵਿਸ਼ੇਸ਼ ਸਹਿਯੋਗ ਦੀ ਲੋੜ ਹੈ। ਪ੍ਰੋਗਰਾਮ ਰਾਹੀਂ ਲੋਕਾਂ ਨੂੰ ਸਫ਼ਾਈ ਪ੍ਰਤੀ ਜਾਗਰੂਕ ਕੀਤਾ ਗਿਆ, ਜਿਸ ਵਿੱਚ ਸਫ਼ਾਈ ਸੇਵਕਾਂ ਦੇ ਨਾਲ-ਨਾਲ, ਸ਼ਿ ਮੰਦਰ ਪ੍ਰਬੰਧਕ ਕਮੇਟੀ, ਲਾਈਫ਼ ਲਾਈਨ ਵੈੱਲਫੇਅਰ ਕਲੱਬ ਰਜਿ ਬਾਘਾਪੁਰਾਣਾ ਤੇ ਸ਼ਹਿਰ ਵਾਸੀਆਂ ਦਾ ਇਸ ਕੰਮ ਵਿੱਚ ਸਹਿਯੋਗ ਕਰਨ 'ਤੇ ਸਨਮਾਨ ਕੀਤਾ ਗਿਆ। ਸਫ਼ਾਈ ਸੇਵਕਾਂ ਤੇ ਆਗੂਆਂ ਨੂੰ ਟੀ ਸ਼ਰਟਾਂ ਵੰਡੀਆਂ ਗਈਆਂ ਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਕੱਪੜੇ ਦੇ ਬਣੇ ਹੋਏ ਝੋਲੇ ਜਿਨ੍ਹਾਂ ਵਿੱਚ 'ਮੇਰਾ ਸ਼ਹਿਰ ਮੇਰਾ ਮਾਣ' ਨਾਂਅ ਲਿਖਿਆ ਹੋਇਆ ਸੀ, ਉਹ ਝੋਲੇ ਵੰਡੇ ਗਏ।

# ਜੀਜੇ ਨਾਲ 25 ਲੱਖ ਦੀ ਠੱਗੀ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਉੱਤਰੀ ਭਾਰਤ ਵਿੱਚ ਪੁਰਾਣੀਆਂ ਕਾਰਾਂ ਦੀ ਵੇਚ ਖਰੀਦ ਲਈ ਪ੍ਰਸਿੱਧ ਪਾਤੜਾਂ ਦੇ ਕਾਰ ਬਾਜ਼ਾਰ ਚਲਾ ਰਹੇ ਵਿਅਕਤੀ ਵੱਲੋਂ ਆਪਣੇ ਹੀ ਜੀਜੇ ਨਾਲ 25 ਲੱਖ ਰੁਪਏ ਤੋਂ ਵੱਧ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਠੱਗੀ ਦਾ ਸ਼ਿਕਾਰ ਹੋਏ ਵਿਅਕਤੀ ਵੱਲੋਂ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਦਰਖਾਸਤਾਂ ਭੇਜ ਕੇ ਇਨਸਾਫ ਦੀ ਕੀਤੀ ਗਈ ਮੰਗ ਮਗਰੋਂ ਪੁਲਸ ਵੱਲੋਂ ਕੀਤੀ ਗਈ ਪੜਤਾਲ ਦੌਰਾਨ ਕਥਿਤ ਦੋਸ਼ੀ ਖਿਲਾਫ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਠੱਗੀ ਦਾ ਸ਼ਿਕਾਰ ਹੋਏ ਵਿਅਕਤੀ ਵਿਜੈ ਕੁਮਾਰ ਵਾਸੀ ਸੁਨਿਆਰ ਵਾਸੀ ਪਾਤੜਾਂ ਨੇ ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਦੱਸਿਆ ਕਿ ਉਸ ਦੇ ਸਾਲੇ ਰਾਕੇਸ਼ ਕੁਮਾਰ ਨੇ ਆਪਣੇ ਕਾਰ ਬਾਜ਼ਾਰ ਦੇ ਕੰਮ ਨੂੰ ਵਧਾਉਣ ਲਈ ਉਸ ਕੋਲੋਂ ਪੈਸੇ ਲੈਣੇ ਸ਼ੁਰੂ ਕਰ ਦਿੱਤੇ ਸੀ। ਇਸ ਦੌਰਾਨ ਰਾਕੇਸ ਕੁਮਾਰ ਨੇ ਕਈ ਵਾਰ ਵਿੱਚ ਉਸ ਕੋਲੋਂ ਕਰੀਬ 25 ਲੱਖ ਰੁਪਏ ਲੈ ਲਏ। ਜਦੋਂ ਉਸ ਨੇ ਆਪਣੇ ਪੈਸਿਆਂ ਦੀ ਮੰਗ ਕੀਤੀ ਤਾਂ ਰਾਕੇਸ਼ ਕੁਮਾਰ ਨੇ ਟਾਲਮਟੋਲ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਸ ਦੇ ਲੜਕੇ ਨੂੰ ਕਾਰੋਬਾਰ ਸਿਖਾਉਣ ਤੇ ਉਸ ਵਿੱਚ ਹਿੱਸੇਦਾਰ ਬਣਾਉਣ ਤੋਂ ਜਵਾਬ ਦੇ ਦਿੱਤਾ। ਉਸ ਵੱਲੋਂ ਵਾਰ-ਵਾਰ ਪੈਸੇ ਮੰਗਣ ਉੱਤੇ ਵੀ ਰਾਕੇਸ਼ ਕੁਮਾਰ ਨੇ ਪੈਸੇ ਨਹੀਂ ਦਿੱਤੇ, ਜਿਸ ਮਗਰੋਂ ਉਸ ਨੇ ਦਿੱਤੇ ਗਏ ਚੈੱਕ ਖਾਤੇ ਵਿੱਚ ਲਗਾਏ ਤਾਂ ਉਹ ਚੈੱਕ ਵੀ ਬਾਊਂਸ ਹੋ ਗਏ। ਪੂੰਜੀ ਲੁੱਟੇ ਜਾਣ ਮਗਰੋਂ ਵਿਜੈ ਕੁਮਾਰ ਦਿਲ ਦੇ ਦੌਰੇ ਦਾ ਸ਼ਿਕਾਰ ਹੋ ਗਏ ਤੇ ਉਸ ਦੀ ਪਤਨੀ ਵੀ ਟੈਨਸ਼ਨ ਵਿੱਚ ਰਹਿਣ ਲੱਗੀ। ਉਨ੍ਹਾਂ ਮੰਗ ਕੀਤੀ ਦੋਸੀ ਵਿਅਕਤੀ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕਰਕੇ ਉਸ ਨੂੰ ਹੀ ਇਨਸਾਫ ਦਿਵਾਇਆ ਜਾਵੇ।

# ਸਟੱਡੀ ਸਰਕਲ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ੇਸ਼ ਗੁਰਮਤਿ ਸਮਾਗਮ

**ਸੰਗਰੂਰ (ਪ੍ਰਵੀਨ ਸਿੰਘ)**-ਅਫ਼ਸਰ ਕਲੋਨੀ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ੇਸ਼ ਗੁਰਮਤਿ ਸਮਾਗਮ ਆਯੋਜਤ ਕੀਤਾ ਗਿਆ। ਲਾਭ ਸਿੰਘ ਡਿਪਟੀ ਚੀਫ਼ ਆਰਗੇਨਾਈਜਰ, ਸੁਰਿੰਦਰ ਪਾਲ ਸਿੰਘ ਸਿਦਕੀ ਐਡੀਸਨਲ ਚੀਫ਼ ਸਕੱਤਰ, ਪ੍ਰੋ. ਨਰਿੰਦਰ ਸਿੰਘ ਐਡੀਸ਼ਨਲ ਜ਼ੋਨਲ ਸਕੱਤਰ ਅਕਾਦਮਿਕ, ਗੁਰਨਾਮ ਸਿੰਘ ਪ੍ਰਧਾਨ ਸੰਗਰੂਰ ਯੂਨਿਟ ਦੀ ਦੇਖ-ਰੇਖ ਹੇਠ ਅਤੇ ਕਲੋਨੀ ਨਿਵਾਸੀ ਡਾਕਟਰ ਬੂਟਾ ਸਿੰਘ ਰੋਮਾਣਾ, ਗੁਰਪ੍ਰੀਤ ਸਿੰਘ ਦੇ ਸੁਚੱਜੇ ਪ੍ਰਬੰਧ ਅਧੀਨ ਹੋਏ ਇਸ ਸਮਾਗਮ ਦੀ ਆਰੰਭਤਾ ਜਸਵੀਰ ਸਿੰਘ ਖਾਲਸਾ ਦੀ ਅਗਵਾਈ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਉਪਰੰਤ ਭਾਈ ਨਿਹਾਲ ਸਿੰਘ ਮੰਗਵਾਲ ਨੇ ਗੁਰਬਾਣੀ ਵਿਆਕਰਣ ਦੀ ਰੌਸ਼ਨੀ ਵਿੱਚ ਗੁਰਬਾਣੀ ਦੇ ਸ਼ੁੱਧ ਉਚਾਰਨ ਸਬੰਧੀ ਵਿਚਾਰਾਂ ਦੀ ਸਾਂਝ ਕਰਦਿਆਂ ਸੰਗਤਾਂ ਨੂੰ ਗਿਆਨ ਭਰਪੂਰ ਜਾਣਕਾਰੀ ਦਿੱਤੀ। ਭਾਈ ਸੁਰਿੰਦਰ ਪਾਲ ਸਿੰਘ ਸਿਦਕੀ ਤੇ ਅਰਵਿੰਦ ਸਿੰਘ ਦੇ ਜਥੇ ਨੇ ਰਸਭਿੰਨਾ ਕੀਰਤਨ ਅਤੇ ਵਿਆਖਿਆ ਕੀਤੀ। ਮਹਿੰਦਰ ਸਿੰਘ ਸੇਰੋਂ ਚੇਅਰਮੈਨ ਪਨਸੀਡ ਨੇ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਤੇ ਡਾਕਟਰ ਬੂਟਾ ਸਿੰਘ ਰੋਮਾਣਾ ਵੱਲੋਂ ਖੇਤੀਬਾੜੀ ਵਿਭਾਗ ਵਿੱਚੋਂ ਸੇਵਾ ਮੁਕਤੀ ਹੋਣ ਤੇ ਗੁਰੂ ਸਾਹਿਬ ਦੇ ਸ਼ੁਕਰਾਨੇ ਵਜੋਂ ਪ੍ਰਕਾਸ ਪੁਰਬ ਨੂੰ ਸਮਰਪਤ ਕਰਾਏ ਸਮਾਗਮ ਲਈ ਸਲਾਘਾ ਕੀਤੀ ਅਤੇ ਉਨ੍ਹਾਂ ਦੀ ਸਿਹਤ ਤੰਦਰੁਸਤੀ ਦੀ ਕਾਮਨਾ ਕੀਤੀ। ਸਮਾਗਮ ਲਈ ਗੁਲਜ਼ਾਰ ਸਿੰਘ, ਸੁਰਿੰਦਰ ਸਿੰਘ, ਹਰਵਿੰਦਰ ਕੌਰ, ਅਮਨਦੀਪ ਕੌਰ, ਰੇਖਾ ਕਾਲੜਾ, ਜਸਬੀਰ ਕੌਰ ਆਦਿ ਨੇ ਵੱਖ-ਵੱਖ ਸੇਵਾਵਾਂ ਨਿਭਾਈਆਂ। ਸਮਾਗਮ ਦੇ ਪ੍ਰਬੰਧਕਾਂ ਨੂੰ ਸਟੱਡੀ ਸਰਕਲ ਵੱਲੋਂ ਗੁਰਮੇਲ ਸਿੰਘ ਵਿੱਤ ਸਕੱਤਰ, ਗੁਰਨਾਮ ਸਿੰਘ, ਲਾਭ ਸਿੰਘ ਅਤੇ ਜ਼ੋਨਲ ਸੇਵਾਦਾਰਾਂ ਨੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਪ੍ਰੋ. ਨਰਿੰਦਰ ਸਿੰਘ ਨੇ ਸਟੱਡੀ ਸਰਕਲ ਦੇ ਜ਼ੋਨਲ ਦਫ਼ਤਰ ਵਿੱਚ ਚੱਲ ਰਹੇ ਸੇਵਾ ਕਾਰਜਾਂ ਬਾਰੇ ਦੱਸਿਆ ਤੇ ਸਮਾਗਮ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗ੍ਰਾਮ ਪੰਚਾਇਤ ਅਫਸਰ ਕਲੋਨੀ ਦੇ ਸੁਰਿੰਦਰ ਸਿੰਘ ਭਿੰਡਰ, ਗੋਪਾਲ ਸਿੰਘ ਖੋਖਰ, ਇਕਬਾਲ ਸਿੰਘ, ਰਾਮ ਸਿੰਘ, ਖੁਸ਼ਵੰਤ ਕੌਰ, ਅੰਮ੍ਰਿਤਪ੍ਰੀਤ ਕੌਰ, ਰੁਪਿੰਦਰ ਕੌਰ, ਸਿਮੀ ਆਦਿ ਸਮੇਤ ਕਲੋਨੀ ਨਿਵਾਸੀਆਂ ਨੇ ਸਟੱਡੀ ਸਰਕਲ ਵੱਲੋਂ ਕੀਤੇ ਇਸ ਸਮਾਗਮ ਦੀ ਸ਼ਲਾਘਾ ਕੀਤੀ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸ੍ਰੀ ਕ੍ਰਿਸ਼ਨਾ ਸੇਵਾ ਦਲ ਨੇ ਮਾਤਾ ਦਾ ਸਲਾਨਾ ਜਾਗਰਣ ਕਰਾਇਆ


ਜਾਗਰਣ ਦੌਰਾਨ ਦਿਖਾਈ ਦੇ ਰਹੇ ਭਾਜਪਾ ਜ਼ਿਲ੍ਹਾ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ ਤੇ ਕ੍ਰਿਸ਼ਨਾ ਸੇਵਾ ਦਲ ਦੇ ਪ੍ਰਬੰਧਕ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ੍ਰੀ ਕ੍ਰਿਸ਼ਨਾ ਸੇਵਾ ਦਲ ਵੱਲੋਂ ਰਾਮ ਬਾਗ ਵਿਖੇ ਮਾਤਾ ਦਾ ਸਲਾਨਾ 21ਵਾਂ ਭਗਵਤੀ ਜਾਗਰਣ ਕਰਾਇਆ, ਜਿਸ ਵਿੱਚ ਭਾਰੀ ਗਿਣਤੀ 'ਚ ਸ਼ਰਧਾਲੂਆਂ ਨੇ ਸ਼ਮੂਲੀਅਤ ਕੀਤੀ। ਜਾਗਰਣ ਦੀ ਸ਼ੁਰੂਆਤ ਛੋਟੀਆਂ-ਛੋਟੀਆਂ ਕੰਜਕਾਂ ਵੱਲੋਂ ਜੋਤੀ ਪ੍ਰਚੰਡ ਕਰਨ ਉਪਰੰਤ ਹੋਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ ਨੇ ਸ਼ਿਰਕਤ ਕੀਤੀ ਤੇ ਉਨ੍ਹਾਂ ਕ੍ਰਿਸ਼ਨਾ ਸੇਵਾ ਦਲ ਵਲੋਂ ਕਰਵਾਏ ਜਾਂਦੇ ਧਾਰਮਿਕ ਤੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕੀਤੀ।

ਜਾਗਰਣ ਵਿਚ ਪ੍ਰਸਿੱਧ ਭਜਨ ਗਾਇਕ ਮਨਜੀਤ ਭੱਟੀ ਤੇ ਸੋਨੂੰ ਸੁਰਜੀਤ ਨੇ ਮਾਤਾ ਦੀਆਂ ਭੇਟਾਂ 'ਮੇਲਾ ਮਈਆ ਦਾ', 'ਕ੍ਰਿਸ਼ਨਾ ਤੇਰੀ ਮੁਰਲੀ 'ਤੇ', 'ਭੋਲੇ ਦੀ ਬਰਾਤ ਚੱਲੀ ਸੱਜ ਧੱਜ ਕੇ' ਆਦਿ ਗਾ ਕੇ ਸ਼ਰਧਾਲੂਆਂ ਨੂੰ ਮੰਤਰ-ਮੁਗਧ ਕੀਤਾ। ਤੜਕੇ ਮਾਤਾ ਤਾਰਾ ਰਾਣੀ ਦੀ ਕਥਾ ਮਹਿੰਦਰਪਾਲ ਜੈਨ ਨੇ ਸੁਣਾਈ ਉਪਰੰਤ ਭੋਗ ਪਾਏ ਗਏ। ਜਾਗਰਣ ਵਿੱਚ ਸੁੰਦਰ ਲਾਈਟਾਂ ਅਤੇ ਮਾਤਾ ਦਾ ਵਿਸ਼ਾਲ ਭਵਨ ਆਕਰਸ਼ਣ ਦਾ ਕੇਂਦਰ ਰਿਹਾ। ਇਸ ਮੌਕੇ ਸੁਰਿੰਦਰ ਕੁੰਦਰਾ ਤੇ ਦਲਜੀਤ ਸਿੰਘ ਗਿੱਲ (ਦੋਵੇਂ ਸਾਬਕਾ ਪ੍ਰਧਾਨ), ਪ੍ਰਿੰ. ਡੀ.ਡੀ. ਵਰਮਾ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਬਲਾਕ 'ਆਪ' ਪ੍ਰਧਾਨ ਸੁਖਵਿੰਦਰ ਗਿੱਲ, ਸਾਬਕਾ ਕੌਂਸਲਰ ਕਪਿਲ ਆਨੰਦ, ਐੱਸ.ਡੀ.ਓ. ਅਮਨ ਗੁਪਤਾ, ਰੀਗਨ ਗੁਪਤਾ, ਜਗਮੀਤ ਸਿੰਘ ਮੱਕੜ ਨਰਿੰਦਰ ਸਿੰਘ ਮੱਕੜ, ਪ੍ਰਵੀਨ ਮੱਕੜ, ਨਰਿੰਦਰਪਾਲ ਨਿੰਦੀ, ਵਿਨੋਦ ਸਿੰਗਲਾ, ਸਤੀਸ਼ ਸਿੰਗਲਾ, ਡਾ. ਸੰਜੀਵ ਗਰਗ, ਅਸ਼ਵਨੀ ਸਿੰਗਲਾ, ਨਿਰਮਲ ਸਿੰਘ, ਰਮਨਦੀਪ ਬਹਿਲੋਲਪੁਰ, ਪੀ.ਏ. ਰਾਜੇਸ ਬਿੱਟੂ, ਵਿਨੀਤ ਝੜੌਦੀ, ਪ੍ਰਧਾਨ ਸੁਰਿੰਦਰ ਬਾਂਸਲ, ਸ਼ਿਵਚਰਨ ਸ਼ਰਮਾ, ਅਸ਼ੋਕ ਲੀਹਲ, ਜਗਤਾਰ ਸਿੰਘ ਜੱਸੋਵਾਲ, ਦੀਪਕ ਸ਼ਰਮਾ, ਜਗਜੀਤ ਮਹਿਰਾ ਤੋਂ ਇਲਾਵਾ ਪ੍ਰਬੰਧਕਾਂ 'ਚ ਚੇਅਰਮੈਨ ਜਤਿੰਦਰ ਲੀਹਲ, ਪ੍ਰਧਾਨ ਅਜੈ ਜੈਨ, ਵਿਨੀਤ ਅਗਰਵਾਲ, ਕਮਲ ਕਾਲੜਾ, ਅਨੁਜ ਸਾਸ਼ਤਰੀ, ਮਹਿੰਦਰ ਸ਼ਰਮਾ, ਰਜਿੰਦਰ ਕੁਮਾਰ, ਪੰਕਜ ਗੋਇਲ, ਰੋਹਿਤ ਜੈਨ, ਜਤਿੰਦਰ ਕੁਮਾਰ, ਗੌਰਵ ਸ਼ਰਮਾ, ਸੰਨੀ ਗੁਪਤਾ, ਮਨੀ ਸਰਮਾ, ਸ਼ਿਵਾ ਕੱਲਬ ਦੇ ਪ੍ਰਧਾਨ ਤੇ ਸਾਰੇ ਮੈਂਬਰ ਹਾਜ਼ਰ ਸਨ।

# ਨਸ਼ਿਆਂ ਖਿਲਾਫ ਜਾਗਰੂਕਤਾ ਮੁਹਿੰਮ ਤਹਿਤ ਲੈਕਚਰ


ਲੈਕਚਰ ਦਿੰਦੇ ਹੋਏ ਥਾਣਾ ਮੁਖੀ ਪਾਤੜਾਂ ਹਰਮਨਪ੍ਰੀਤ ਸਿੰਘ ਚੀਮਾ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਪ੍ਰੋ. ਅਮਰਜੀਤ ਸਿੰਘ ਦੀ ਅਗਵਾਈ ਹੇਠ ਐੱਨ ਐੱਸ ਐੱਸ ਵਿਭਾਗ ਤੇ ਪਾਤੜਾਂ ਪੁਲਸ ਵੱਲੋਂ ਨਸ਼ਾ ਮੁਕਤ ਅਭਿਆਨ ਤਹਿਤ ਲੈਕਚਰ ਕਰਵਾਇਆ ਗਿਆ। ਪ੍ਰੋਗਰਾਮ ਦੌਰਾਨ ਡਾਕਟਰ ਗੁਰਜੀਤ ਸਿੰਘ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਨਸ਼ਾ ਨੌਜਵਾਨ ਪੀੜ੍ਹੀ ਲਈ ਸਭ ਤੋਂ ਵੱਧ ਘਾਤਕ ਸਿੱਧ ਹੋ ਰਿਹਾ ਹੈ, ਇਸ ਤੋਂ ਬਚਣ ਲਈ ਉਨ੍ਹਾਂ ਨੇ ਇਸ ਦੇ ਮਾੜੇ ਪ੍ਰਭਾਵਾਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਇਸ ਪ੍ਰੋਗਰਾਮ ਦੌਰਾਨ ਮੁੱਖ ਬੁਲਾਰੇ ਦੇ ਤੌਰ 'ਤੇ ਪਹੁੰਚੇ ਐੱਸ ਐੱਚ ਓ ਥਾਣਾ ਪਾਤੜਾਂ ਹਰਪ੍ਰੀਤ ਸਿੰਘ ਚੀਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਪਾਤੜਾਂ ਥਾਣਾ ਵੱਲੋਂ ਨਸ਼ੇ ਨੂੰ ਰੋਕਣ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ, ਪਰ ਇਸ ਵਿੱਚ ਵੱਡਾ ਯੋਗਦਾਨ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਪਾਇਆ ਜਾ ਸਕਦਾ ਹੈ, ਕਿਉਂਕਿ ਸਭ ਦੇ ਸਾਂਝੇ ਉਪਰਾਲੇ ਨਾਲ ਹੀ ਨਸ਼ੇ ਵਰਗੀ ਬਿਮਾਰੀ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਥਾਣਾ ਇੰਚਾਰਜ ਜਸਵੰਤ ਸਿੰਘ ਨੇ ਕਿਹਾ ਕਿ ਜੇਕਰ ਉਨ੍ਹਾਂ ਦੇ ਘਰ ਵਿੱਚ ਜਾਂ ਆਸ-ਪਾਸ ਗਲੀ-ਮੁਹੱਲੇ ਵਿੱਚ ਕੋਈ ਨਸ਼ਾ ਕਰਦਾ ਹੈ ਤਾਂ ਉਸ ਦੀ ਨਸ਼ਾ ਛੁਡਾਉਣ ਵਿੱਚ ਮਦਦ ਕਰਕੇ ਉਹ ਆਪਣਾ ਸਹਿਯੋਗ ਦੇ ਸਕਦੇ ਹਨ। ਇਸ ਮੌਕੇ ਪ੍ਰੋਫੈਸਰ ਮਨਿੰਦਰ ਸਿੰਘ ਨੇ ਮੰਚ ਸੰਚਾਲਨ ਕਰਦਿਆਂ ਮੁੱਖ ਮਹਿਮਾਨ ਦਾ ਕਾਲਜ ਵਿੱਚ ਪਹੁੰਚਣ 'ਤੇ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਅਮ੍ਰਿਤਪਾਲ, ਡਾ. ਜਸਵਿੰਦਰ ਸ਼ਰਮਾ, ਪ੍ਰੋ. ਜਗਦੀਸ਼ ਸਿੰਘ, ਗੁਰਜੀਤ ਨਿਰਮਾਣ, ਡਾ. ਬਲਕਾਰ ਸਿੰਘ, ਪ੍ਰੋ. ਸੰਦੀਪ ਕੌਰ ਤੇ ਕਾਲਜ ਵਿਦਿਆਰਥੀ ਮੌਜੂਦ ਸਨ।

# ਬੱਚਿਆਂ ਨੂੰ ਵਿਰਸੇ ਨਾਲ ਜੋੜਨ ਲਈ ਸੰਗੀਤ ਮੁਕਾਬਲੇ ਜ਼ਰੂਰੀ : ਵਿਸ਼ਾਲ ਜੈਨ

**ਰਾਜਦੀਪ ਕੌਰ ਦੇ ਸਿਰ ਸਜਿਆ ਸੁਰ ਸਰਤਾਜ ਦਾ ਤਾਜ**




**ਜਗਰਾਉਂ (ਸੰਜੀਵ ਅਰੋੜਾ)**-ਜਗਰਾਉਂ ਦੀ ਸਿਰਕੱਢ ਸੰਸਥਾ ਮਹਾਂਪ੍ਰਗਯ ਸਕੂਲ ਵਿਖੇ ਸਕੂਲ ਨਿਰਦੇਸ਼ਕ ਵਿਸ਼ਾਲ ਜੈਨ ਦੀ ਯੋਗ ਅਗਵਾਈ ਵਿੱਚ ਵਿਦਿਆਰਥੀਆਂ ਨੂੰ ਸੰਗੀਤ ਕਲਾ ਵਿੱਚ ਮੁਹਾਰਤ ਪ੍ਰਦਾਨ ਕਰਨ, ਆਪਣੇ ਸੱਭਿਆਚਾਰ ਨਾਲ ਜੋੜੇ ਰੱਖਣ ਤੇ ਪੰਜਾਬੀ ਲੋਕ-ਕਾਵਿ ਦੇ ਸਮਰੱਥ ਭੰਡਾਰ ਦੇ ਰੂਬਰੂ ਕਰਨ ਲਈ 'ਸੁਰ ਸਰਤਾਜ' ਗੀਤ ਗਾਇਨ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ। ਮੁੱਖ ਮਹਿਮਾਨ ਇੰਸਪੈਕਟਰ ਹੀਰਾ ਸਿੰਘ ਇੰਚਾਰਜ ਸੀ ਆਈ ਏ ਸਟਾਫ਼ ਜਗਰਾਉਂ ਦਾ ਐੱਨ ਸੀ ਸੀ ਕੈਡਟਸ ਤੇ ਪ੍ਰਸ਼ਾਸਨ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਪਾਵਨ ਨਵਕਾਰ ਮੰਤਰ ਨਾਲ ਹੋਇਆ। ਡਾਇਰੈਕਟਰ ਵਿਸ਼ਾਲ ਜੈਨ, ਜੱਜ ਸਾਹਿਬਾਨ, ਮੈਨੇਜਰ ਮਨਜੀਤ ਇੰਦਰ ਕੁਮਾਰ ਵੱਲੋਂ ਜੋਤ ਜਗਾਈ ਗਈ। ਵਾਈਸ ਪ੍ਰਿੰਸੀਪਲ ਅਮਰਜੀਤ ਕੌਰ ਨੇ ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ, ਜੱਜ ਸਾਹਿਬਾਨ, ਮਾਪਿਆਂ ਤੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਸੈਮੀਫ਼ਾਈਨਲ ਦੀ ਕਰੜੀ ਪ੍ਰੀਖਿਆ 'ਚੋਂ ਨਿੱਤਰ ਕੇ ਫਾਈਨਲ 'ਚ ਪਹੁੰਚੇ ਪ੍ਰਤੀਭਾਗੀਆਂ ਨੇ ਪੰਜਾਬੀ ਦਿਲਾਂ ਦੀ ਧੜਕਨ ਬਣੇ ਲੋਕ ਗੀਤ ਗਾਏ। ਰਾਜਦੀਪ ਕੌਰ ਨੇ ਮਿਰਜ਼ਾ, ਸੁਮਨਪ੍ਰੀਤ ਕੌਰ ਨੇ ਜੁਗਨੀ, ਈਸ਼ਵਰ ਕੌਰ ਨੇ ਬੋਲ ਮਿੱਟੀ ਦਾ ਬਾਵਿਆ, ਮਨਪ੍ਰੀਤ ਕੌਰ ਨੇ ਡਾਚੀ ਵਾਲਿਆ ਮੋੜ ਮੁਹਾਰ ਵੇ, ਖੁਸ਼ਪ੍ਰੀਤ ਕੌਰ ਨੇ ਰੱਤੀ ਤੇਰੀ ਵੇ, ਰਾਜ ਕੰਵਰ ਸਿੰਘ ਨੇ ਰਸੀਦ, ਤਾਨੀਆ ਗੁਪਤਾ ਨੇ ਬਾਜਰੇ ਦਾ ਸਿੱਟਾ, ਏਕਮਦੀਪ ਕੌਰ ਨੇ ਇੱਕ ਤਾਰਾ ਵੱਜਦਾ ਵੇ, ਸੋਹਮ ਗਿੱਲ ਨੇ ਮਾਂ ਬਾਪ ਕੀ ਕਰੇ ਰਾਹੀਂ ਆਪਣੇ ਅਮੀਰ ਵਿਰਸੇ ਨੂੰ ਦਰਸਾਉਣ ਦੇ ਨਾਲ ਨਾਲ ਆਪਣੀ ਮਿੱਠੀ ਤੇ ਦਿਲਖਿੱਚਵੇਂ ਅੰਦਾਜ਼ ਨਾਲ ਸਭ ਨੂੰ ਮੰਦਰ ਮੁਗਧ ਕਰ ਦਿੱਤਾ। ਛੇਵੀਂ ਤੋਂ ਗਿਆਰਵੀਂ ਦੇ ਬੱਚਿਆਂ ਨੇ ਮਾਵਾਂ ਤੇ ਧੀਆਂ ਸਮੂਹ ਗੀਤ ਗਾ ਕੇ ਮਾਹੌਲ ਸਿਰਜ ਦਿੱਤਾ। ਸੰਗੀਤ ਜਗਤ ਨਾਲ ਜੁੜੇ ਸ਼ੰਕਰ ਬਾਵਾ, (ਲੁਧਿਆਣਾ) ਜਗਜੀਤ ਸਿੰਘ ਰਾਣਾ ਚੰਡੀਗੜ੍ਹ, ਕਮਲ ਸਿੱਧੂ ਜਲੰਧਰ ਨੇ ਪਾਰਖੀ ਨਿਗਾਹਾਂ 'ਤੇ ਸੁਰ ਤਾਲ ਨੂੰ ਬਾਰੀਕੀ ਨਾਲ ਘੋਖਦੇ ਹੋਏ ਜੱਜਮੈਂਟ ਕੀਤੀ ਤੇ ਰਾਜਦੀਪ ਕੌਰ (ਦਸਵੀਂ ਸ਼੍ਰੇਣੀ) ਵਿਜੇਤਾ ਤੇ ਰਾਜ ਕੰਵਰ ਸਿੰਘ (ਸੱਤਵੀਂ ਸ਼੍ਰੇਣੀ) ਨੂੰ ਰਨਰਅੱਪ ਐਲਾਨਿਆ। ਜੇਤੂਆਂ ਨੂੰ ਟਰਾਫ਼ੀਆਂ ਤੇ ਸਰਟੀਫਿਕੇਟ ਬਾਕੀ ਪ੍ਰਤੀਭਾਗੀਆਂ ਨੂੰ ਮੈਡਲ ਤੇ ਸਰਟੀਫਿਕੇਟ ਦੇ ਕੇ ਨਿਵਾਜਿਆ ਗਿਆ। ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦਿੱਤੇ ਗਏ। ਇਸ ਮੌਕੇ ਵਿਸ਼ਾਲ ਜੈਨ ਨੇ ਆਏ ਹੋਏ ਮਹਿਮਾਨਾਂ ਦਾ ਦਿਲੀ ਧੰਨਵਾਦ ਕੀਤਾ ਤੇ ਕਿਹਾ ਕਿ ਜੀਵਨ ਦੀ ਸੁਰ, ਧੜਕਨ ਤੇ ਰੱਬੀ ਰਹਿਮਤਾਂ ਲਈ ਸੰਗੀਤ ਇਕ ਖ਼ੂਬਸੂਰਤ ਮਾਧਿਅਮ ਹੈ ਤੇ ਸਾਡਾ ਉਪਰਾਲਾ ਵਿਦਿਆਰਥੀਆਂ ਨੂੰ ਇਸ ਰਾਹੀਂ ਤਣਾਅ ਮੁਕਤ, ਸੁਅਸਥ ਸੋਚ ਤੇ ਮਨੁੱਖੀ ਜੀਵਨ ਸੁਰ ਨਾਲ ਜੋੜ ਕੇ ਰੱਖਣਾ ਹੈ।

ਉਨ੍ਹਾਂ ਬੱਚਿਆਂ ਦੀ ਸੰਗੀਤ ਕਲਾ ਨੂੰ ਨਿਖਾਰਨ ਵਾਲੇ ਸੰਗੀਤ ਅਧਿਆਪਕਾਂ ਇੰਦਰਜੀਤ ਸਿੰਘ ਤੇ ਕੰਵਲਜੋਤ ਕੌਰ ਦੀ ਸ਼ਲਾਘਾ ਕੀਤੀ ਅਤੇ ਇਸ ਸਮਾਗਮ ਨੂੰ ਸੁਚੱਜੇ ਰੂਪ ਵਿੱਚ ਨੇਪਰੇ ਚੜ੍ਹਾਉਣ ਵਾਲੇ ਬਾਕੀ ਅਧਿਆਪਕਾਂ, ਸਕੂਲ ਕਰਮਚਾਰੀਆਂ ਨੂੰ ਸਲਾਹਿਆ। ਮੰਚ ਸੰਚਾਲਨ ਦੀ ਭੂਮਿਕਾ ਬਾਰਵੀਂ ਦੀ ਹਰਸ਼ਦੀਪ ਕੌਰ ਤੇ ਦਸਵੀਂ ਦੀ ਸਨਜੋਤ ਕੌਰ ਨੇ ਬਾਖੂਬੀ ਨਿਭਾਈ।

# ਨਾਰਦਨ ਰੇਲਵੇ ਮੈਨਜ਼ ਯੂਨੀਅਨ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਨਾਰਦਨ ਰੇਲਵੇ ਮੈਨਜ਼ ਯੂਨੀਅਨ ਸਰਹਿੰਦ ਬ੍ਰਾਂਚ ਵੱਲੋਂ ਸਰਹਿੰਦ ਯੂਨੀਅਨ ਦਫਤਰ ਵਿਖੇ 19 ਸਤੰਬਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਸਮਾਗਮ ਦੀ ਪ੍ਰਧਾਨਗੀ ਨਾਰਦਰ ਰੇਲਵੇ ਮੈਨਜ਼ ਯੂਨੀਅਨ ਸਰਹਿੰਦ ਬ੍ਰਾਂਚ ਦੇ ਸਕੱਤਰ ਜਗਦੀਪ ਸਿੰਘ ਕਾਹਲੋਂ ਤੇ ਪ੍ਰਧਾਨ ਸੰਜੀਵ ਵਰਮਾ ਨੇ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਸਰਹਿੰਦ ਬਰਾਂਚ ਦੇ ਸਕੱਤਰ ਜਗਦੀਪ ਸਿੰਘ ਨੇ ਕਿਹਾ ਕਿ 19 ਸਤੰਬਰ 1968 ਨੂੰ ਆਲ ਇੰਡੀਆ ਰੇਲਵੇ ਫੈਡਰੇਸ਼ਨ ਤੇ ਨਾਰਦਰ ਰੇਲਵੇ ਮੈਨਜ਼ ਯੂਨੀਅਨ ਦੇ ਜੁਝਾਰੂ ਸਿਪਾਹੀਆਂ ਨੇ ਆਪਣੀਆਂ ਜਾਇਜ਼ ਮੰਗਾਂ ਲਈ ਸ਼ਹਾਦਤ ਦਿੱਤੀ। ਉਨ੍ਹਾਂ ਦੀਆਂ ਮੁੱਖ ਮੰਗਾਂ, ਜਿਨ੍ਹਾਂ ਵਿੱਚ ਡੀ ਏ ਨੂੰ ਬੇਸਿਕ ਪੇਅ ਵਿੱਚ ਮਰਜ਼ ਕਰਨ, ਕੱਚੀ ਭਰਤੀ ਨੂੰ ਬੰਦ ਕਰਕੇ ਕਰਮਚਾਰੀਆਂ ਨੂੰ ਪੱਕੇ ਤੌਰ 'ਤੇ ਭਰਤੀ ਕਰਨਾ ਤੇ ਹੋਰ ਮੁੱਦਿਆਂ ਨੂੰ ਲੈ ਕੇ ਇੱਕ ਦਿਨ ਦੀ ਹੜਤਾਲ ਕੀਤੀ ਗਈ ਸੀ। ਇਸ ਹੜਤਾਲ ਵਿੱਚ 17 ਕਰਮਚਾਰੀਆਂ ਦੀ ਸ਼ਹਾਦਤ ਹੋ ਗਈ ਤੇ 40 ਹਜ਼ਾਰ ਕਰਮਚਾਰੀ ਨੌਕਰੀ 'ਚੋਂ ਕੱਢ ਦਿੱਤੇ ਗਏ ਸਨ, 12 ਹਜ਼ਾਰ ਅਹੁਦੇਦਾਰ ਤੇ ਵਰਕਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਸ਼ਹਾਦਤ ਨੂੰ ਹਮੇਸ਼ਾ ਯਾਦ ਰੱਖਣ ਤੇ ਵੱਧ ਤੋਂ ਵੱਧ ਸੰਖਿਆ ਵਿੱਚ ਆਲ ਇੰਡੀਆ ਰੇਲਵੇ ਮੈਨਜ਼ ਫੈਡਰੇਸ਼ਨ ਅਤੇ ਨਾਰਦਨ ਰੇਲਵੇ ਮੈਨਜ਼ ਯੂਨੀਅਨ ਸੰਗਠਨ ਨਾਲ ਜੁੜਨਾ, ਤਾਂ ਕਿ ਆਉਣ ਵਾਲੇ ਸਮੇਂ ਵਿੱਚ ਆਪਣੀਆਂ ਜਾਇਜ਼ ਮੰਗਾਂ ਲਈ ਸੰਘਰਸ਼ ਕਰ ਸਕਣ। ਇਸ ਮੌਕੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਗੁਰਦੀਪ ਸਿੰਘ ਕੈਸ਼ੀਅਰ, ਬਿਕਰਮਜੀਤ ਸ਼ਰਮਾ, ਗਗਨਦੀਪ ਸਿੰਘ, ਜਸਮੇਲ ਸਿੰਘ, ਪ੍ਰਦੀਪ ਸਿੰਘ, ਮੈਡਮ ਪਰਮਜੀਤ ਕੌਰ, ਰਾਮ ਸੁਲੇਸ਼ ਮਾਝੀ ਤੇ ਰੇਲਵੇ ਕਰਮਚਾਰੀ ਹਾਜ਼ਰ ਸਨ।

# ਵੱਖ-ਵੱਖ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**



ਕੌਮੀ ਸੇਵਾ ਯੋਜਨਾ ਇਕਾਈ, ਐਵਰਗਰੀਨ ਈਕੋ ਕਲੱਬ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਲਾਂ ਚੌਕ ਵੱਲੋਂ ਪ੍ਰਿੰਸੀਪਲ ਨਵਰਾਜ ਕੌਰ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਜਾਗਰੂਕਤਾ, ਪਰਾਲੀ ਨਾ ਸਾੜਨ ਵਿਰੁੱਧ ਜਾਗਰੂਕਤਾ, ਹਿੰਦੀ ਦਿਵਸ ਮਨਾਉਣ, ਵੀਰਾਂ ਦੀ ਵੀਰਗਾਥਾ ਸਬੰਧੀ ਸਮਾਗਮ ਮੈਡਮ ਅੰਜਨ ਅੰਜੂ, ਮੈਡਮ ਹਰਦੇਵ ਕੌਰ, ਕਰਨੈਲ ਸਿੰਘ ਈਕੋ ਕਲੱਬ ਇੰਚਾਰਜ ਦੀ ਦੇਖ-ਰੇਖ ਵਿੱਚ ਕਰਵਾਇਆ ਗਿਆ। ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਵੱਖ ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਪਰਾਲੀ ਦੇ ਸਾੜਨ ਨਾਲ ਹੋਣ ਵਾਲੇ ਦੁਰਪ੍ਰਭਾਵ ਬਾਰੇ ਜਾਣਕਾਰੀ ਦਿੱਤੀ। ਮਾਸਟਰ ਸ਼ਮਸ਼ੇਰ ਸਿੰਘ ਨੇ ਪਰਾਲੀ ਸਾੜਨ ਨਾਲ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨਾਂ ਬਾਰੇ ਦੱਸਿਆ।

ਕੌਮੀ ਸੇਵਾ ਯੋਜਨਾ ਇਕਾਈ ਦੇ ਪ੍ਰੋਗਰਾਮ ਅਫਸਰ ਪਰਮਿੰਦਰ ਕੁਮਾਰ ਲੌਂਗੋਵਾਲ ਨੇ ਨਸ਼ਿਆਂ ਦੀ ਵਰਤੋਂ ਕਰਕੇ ਹੋਣ ਵਾਲੇ ਜਾਨੀ-ਮਾਲੀ, ਸਮਾਜਿਕ ਨੁਕਸਾਨ ਤੇ ਵਿਸਥਾਰ ਵਿੱਚ ਚਾਨਣਾ ਪਾਇਆ ਤੇ ਨਸ਼ਾ ਨਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵੱਖ-ਵੱਖ ਵਿਦਿਆਰਥੀਆਂ ਨੇ ਹਿੰਦੀ ਭਾਸ਼ਾ ਸਬੰਧੀ ਵਿਚਾਰਾਂ ਸਾਂਝੀਆਂ ਕੀਤੀਆਂ। ਮੰਚ ਸੰਚਾਲਨ ਕਰਦੇ ਹੋਏ ਮੈਡਮ ਅੰਜਨ ਅੰਜੂ ਨੇ ਹਿੰਦੀ ਦਿਵਸ ਦੀ ਅਹਿਮੀਅਤ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਰਾਸ਼ਟਰ ਦੀ ਇਕ ਭਾਸ਼ਾ ਹੋਣੀ ਬਹੁਤ ਜ਼ਰੂਰੀ ਸੀ, ਭਾਵੇਂ ਸਾਡੇ ਦੇਸ਼ ਵਿੱਚ ਬਹੁਤ ਸਾਰੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਪ੍ਰੰਤੂ ਹਿੰਦੀ ਨੂੰ ਦੇਸ਼ ਵਿੱਚ ਵੱਧ ਇਲਾਕਿਆਂ ਵਿੱਚ ਬੋਲਿਆ ਜਾਂਦਾ ਹੈ। ਲੈਕਚਰਾਰ ਰਾਜੇਸ਼ ਕੁਮਾਰ, ਮੈਡਮ ਸੁਖਵਿੰਦਰ ਕੌਰ, ਗਗਨਜੋਤ ਕੌਰ ਨੇ ਵੀ ਹਿੰਦੀ ਭਾਸ਼ਾ ਦੇ ਮਿੱਠੇਪਣ ਦੀ ਗੱਲ ਕੀਤੀ। ਇਸ ਮੌਕੇ ਹਰਨੀਤ ਕੌਰ, ਪਰਮਜੀਤ ਕੌਰ, ਮੁਸਕਾਨ ਕੌਰ, ਜਾਜਮਿਨ, ਰੋਸ਼ਨੀ, ਹਰਮਨ, ਬਬਲੀ, ਮੰਮਤ, ਸੁਮਨਦੀਪ ਕੌਰ, ਅਮਨਦੀਪ ਕੌਰ ਨੇ ਹਿੰਦੀ ਵਿੱਚ ਕਵਿਤਾਵਾਂ, ਗੀਤ ਤੇ ਭਾਸ਼ਣ ਪੇਸ਼ ਕੀਤੇ। ਇਸ ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਨਵਰਾਜ ਕੌਰ ਨੇ ਕਿਹਾ ਕਿ ਸਾਨੂੰ ਹਮੇਸ਼ਾ ਹੀ ਆਪਣੇ ਦੇਸ਼ ਦੀ ਹਰ ਭਾਸ਼ਾ ਦਾ ਸਤਿਕਾਰ ਕਰਨਾ ਚਾਹੀਦਾ ਹੈ ਤੇ ਇਸ ਨੂੰ ਸਹੀ ਲਿਖਣ, ਪੜ੍ਹਨ ਦੀ ਮੁਹਾਰਤ ਹਾਸਲ ਕਰਨੀ ਚਾਹੀਦੀ ਹੈ। ਇਸ ਮੌਕੇ ਵਿਚਾਰ ਚਰਚਾ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਇਨਾਮਾਂ ਦੀ ਵੰਡ ਪ੍ਰਿੰਸੀਪਲ ਨਵਰਾਜ ਕੌਰ, ਪ੍ਰੋਗਰਾਮ ਅਫਸਰ ਪਰਮਿੰਦਰ ਕੁਮਾਰ ਲੌਂਗੋਵਾਲ, ਗੁਰਦੀਪ ਸਿੰਘ ਲੈਕਚਰਾਰ, ਰਕੇਸ਼ ਕੁਮਾਰ ਲੈਕਚਰਾਰ ਸਰੀਰਕ ਸਿੱਖਿਆ, ਸਵਿਤਾ ਰਾਣੀ, ਸ਼ਵੇਤਾ ਅਗਰਵਾਲ, ਲੈਕਚਰਾਰ ਨਰੇਸ਼ ਰਾਣੀ ਨੇ ਸਾਂਝੇ ਤੌਰ 'ਤੇ ਕੀਤੀ। ਇਸ ਮੌਕੇ ਕੰਚਨ ਸਿੰਗਲਾ, ਕੁਸਮ ਲਤਾ, ਕਰਨੈਲ ਸਿੰਘ ਈਕੋ ਕਲੱਬ ਇੰਚਾਰਜ, ਪ੍ਰੀਤੀ ਰਾਣੀ, ਲਖਵੀਰ ਸਿੰਘ, ਸੰਦੀਪ ਸਿੰਘ, ਰਜਨੀ ਬਾਲਾ, ਕਰਨੈਲ ਸਿੰਘ ਸੰਸਕ੍ਰਿਤ ਮਾਸਟਰ, ਰਵੀਦੀਪ ਸਿੰਘ, ਹਰਵਿੰਦਰ ਸਿੰਘ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

CMYK

### ਮਾਮਲਾ ਬਿਜਲੀ ਦਫ਼ਤਰਾਂ ਨੂੰ ਜਾਂਦੀ ਸੜਕ ਬਣਾਉਣ ਦਾ

# ਬਿਜਲੀ ਮੁਲਾਜ਼ਮਾਂ ਕੀਤਾ ਰੋਸ ਪ੍ਰਦਰਸ਼ਨ



ਸੜਕ ਬਣਾਉਣ ਦੀ ਮੰਗ ਨੂੰ ਲੈ ਕੇ ਰੋਸ ਪ੍ਰਦਰਸ਼ਨ ਕਰਦੇ ਹੋਏ ਬਿਜਲੀ ਮੁਲਾਜ਼ਮ।

**ਮੋਗਾ (ਅਮਰਜੀਤ ਬੱਬਰੀ)**

ਉਤਰੀ ਉਪ ਮੰਡਲ ਮੋਗਾ, ਸਬਰਬਨ ਉਪ ਮੰਡਲ ਮੋਗਾ, ਸਾਊਥ ਉਪ ਮੰਡਲ ਮੋਗਾ ਦੇ ਦਫ਼ਤਰਾਂ ਨੂੰ ਜਾਂਦੀ ਸੜਕ ਬਣਾਉਣ ਦਾ ਕੰਮ ਪਿਛਲੇ 2 ਮਹੀਨੇ ਤੋਂ ਅਧੂਰਾ ਪਿਆ ਹੈ। ਇਹ ਸੜਕ ਠੇਕੇਦਾਰਾਂ ਵਲੋਂ ਪੁੱਟ ਕੇ ਰੱਖੀ ਹੋਈ ਹੈ। ਇਸ ਸੜਕ ਉਪਰ ਇਨ੍ਹਾਂ ਦਫਤਰਾਂ ਵਿਚ ਕਰੀਬ 600/770 ਬਿਜਲੀ ਖਪਤਕਾਰ ਹਰ ਰੋਜ਼ ਬਿੱਲ ਭਰਨ ਅਤੇ ਹੋਰ ਕੰਮਾ ਲਈ ਆਉਂਦੇ ਹਨ। ਉਨ੍ਹਾਂ ਨੂੰ ਸੜਕ 'ਤੇ ਪਏ ਟੋਇਆਂ ਨੂੰ ਕਰਾਸ ਕਰਕੇ ਗੰਦੇ ਪਾਣੀ ਵਿਚ ਦੀ ਲੰਘਣਾ ਪੈਂਦਾ ਹੈ। ਬਹੁਤ ਸਾਰੇ ਖਪਤਕਾਰਾਂ ਨੂੰ ਡਿਗ ਕੇ ਸੱਟਾਂ ਵੀ ਲੱਗੀਆਂ। ਇਨ੍ਹਾਂ ਦਫ਼ਤਰਾਂ ਦੇ ਸਮੁੱਚੇ ਮੁਲਾਜ਼ਮਾਂ ਵੱਲੋਂ ਮਿਤੀ 29/08/23 ਨੂੰ ਦਫ਼ਤਰਾਂ ਦਾ ਕੰਮ ਬੰਦ ਕਰਕੇ ਅਧਿਕਾਰੀਆਂ ਨੂੰ ਸੜਕ ਅਤੇ ਪਾਣੀ ਦੀ ਸਪਲਾਈ ਬਹਾਲ ਕਰਨ ਲਈ ਸੰਕੇਤਕ ਪ੍ਰਦਰਸ਼ਨ ਵੀ ਕੀਤਾ ਗਿਆ, ਪ੍ਰੰਤੂ ਅਧਿਕਾਰੀਆਂ ਵੱਲੋਂ ਕੋਈ ਵੀ ਠੋਸ ਕਾਰਵਾਈ ਨਹੀਂ ਕੀਤੀ ਗਈ। ਇਸ ਸੜਕ 'ਤੇ ਪਾਣੀ ਨਾਲ ਸਬੰਧਤ ਠੇਕੇਦਾਰ ਵੱਲੋਂ ਕੰਮ ਬੰਦ ਕਰਨ ਵਿਰੁੱਧ ਮੁਲਾਜ਼ਮਾਂ ਨੇ ਪ੍ਰਦਰਸ਼ਨ ਕਰਦੇ ਹੋਏ ਠੇਕੇਦਾਰ ਤੇ ਅਧਿਕਾਰੀਆਂ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਮੰਗ ਕੀਤੀ ਕਿ ਰੁਕੇ ਹੋਏ ਕੰਮ ਨੂੰ ਛੇਤੀ ਤੋਂ ਛੇਤੀ ਨੇਪਰੇ ਚਾੜ੍ਹਿਆ ਜਾਵੇ।

ਇਸ ਮੌਕੇ ਸਟੇਟ ਆਗੂ ਦਰਸ਼ਨ ਲਾਲ ਮੋਗਾ, ਗੱਬਰ ਸਿੰਘ ਪ੍ਰਧਾਨ, ਮੁਮਤਾਜ, ਕੁਲਵੰਤ ਸਿੰਘ ਸਰਕਲ ਆਗੂ ਫਰੀਦਕੋਟ, ਮਨਜੋਤ ਬਰਾੜ ਸ਼ਹਿਰੀ ਮੋਗਾ ਪ੍ਰਧਾਨ, ਗੁਰਮੇਲ ਸਿੰਘ ਡਵੀਜ਼ਨ ਆਗੂ, ਸੁਖਮੰਦਰ ਸਿੰਘ ਬਹੋਨਾ ਸਬਰਬਨ ਮੰਡਲ ਮੋਗਾ, ਪ੍ਰਦੀਪ ਕੁਮਾਰ, ਮੈਡਮ ਅਮਨਦੀਪ ਕੌਰ, ਜਸਬੀਰ ਕੌਰ, ਗੁਰਨਾਮ ਸਿੰਘ ਅਤੇ ਸਮੁੱਚੇ ਦਫਤਰਾਂ ਦੇ ਕਰਮਚਾਰੀਆਂ ਵਲੋਂ ਠੇਕੇਦਾਰ ਅਤੇ ਪਾਵਰਕੌਮ ਅਧਿਕਾਰੀਆਂ ਦੀ ਮੁਰਦਾਬਾਦ ਕੀਤੀ ਗਈ।

# ਨਹਿਰੀ ਪਾਣੀ ਪੂਰਾ ਨਾ ਮਿਲਣ 'ਤੇ ਕਿਸਾਨ ਨਿਰਾਸ਼



ਪਾੜ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ।

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਬਾਰਿਸ਼ ਪੈਣ ਤੋਂ ਬਾਅਦ ਦੋਦਾ ਰਜਬਾਹਾ ਵਿੱਚ ਪਿੰਡ ਖੂਨਣ ਖਰਦ ਵਿਖੇ ਪਾੜ ਪੈਣ ਤੋਂ ਬਾਅਦ ਸਰਕਾਰ ਤੇ ਪ੍ਰਸ਼ਾਸਨ 'ਤੇ ਦੋਸ਼ ਲਾਉਦਿਆਂ ਕਿਸਾਨ ਸੁਖਪਾਲ ਸਿੰਘ, ਦਿਲਬਾਗ ਸਿੰਘ ਖੂਨਣ ਖੁਰਦ, ਅਮਰੀਕ ਸਿੰਘ, ਸੁਖਦੇਵ ਸਿੰਘ, ਗੁਰਜਿੰਦਰ ਸਿੰਘ ਤੇ ਕਾਰਜ ਸਿੰਘ ਸਮੇਤ ਇਕੱਤਰ ਹੋਏ ਕਿਸਾਨਾਂ ਨੇ ਦੱਸਿਆ ਕਿ ਝੋਨਾ ਲੱਗਣ ਤੋਂ ਪਹਿਲਾਂ ਵੀਹ ਬਾਈ ਦਿਨ ਦੀ ਬੁੰਦੀ ਲਈ ਸੀ ਰਜਬਾਹੇ ਦੀ ਸਫਾਈ ਕਰਨ ਖਾਤਰ, ਪਰ ਫਿਰ ਵੀ ਇਸ ਰਜਬਾਹੇ ਦੀ ਪੂਰੀ ਤਰ੍ਹਾਂ ਸਫ਼ਾਈ ਨਹੀਂ ਹੋਈ, ਜਿਸ ਕਰਕੇ ਰਜਬਾਹੇ ਵਿੱਚ ਪਾੜ ਪੈਂਦੇ ਹਨ।

ਉਨ੍ਹਾਂ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਬਾਰੇ ਕਿਹਾ ਕਿ ਮੁੱਖ ਮੰਤਰੀ ਕਹਿ ਰਹੇ ਹਨ ਕਿ ਅਸੀਂ ਪਾਣੀ ਪੁੱਜਦਾ ਕਰ ਰਹੇ ਹਾਂ, ਪਰ ਅਸੀ ਤਾਂ ਮੁੱਢ ਵਿੱਚ ਬੈਠੇ ਹਾਂ, ਸਾਨੂੰ ਪੂਰਾ ਪਾਣੀ ਨਹੀਂ ਮਿਲ ਰਿਹਾ ਤੇ ਟੇਲਾਂ ਵਾਲਿਆਂ ਦਾ ਕੀ ਹਾਲ ਹੋਵੇਗਾ। ਉਨ੍ਹਾਂ ਦੱਸਿਆ ਕਿ ਮੋਘੇ ਉੱਚੇ ਕਰਾਉਣ ਨਾਲ ਪੂਰਾ ਪਾਣੀ ਨਹੀਂ ਮਿਲ ਰਿਹਾ। ਸਾਡੇ ਥੱਲੇ ਵਾਲੇ ਪਾਣੀ ਵੀ ਪੂਰੇ ਮਾੜੇ ਹਨ ਤੇ ਨਹਿਰੀ ਪਾਣੀ ਵੀ ਸਾਨੂੰ ਪੂਰਾ ਨਹੀਂ ਮਿਲ ਰਿਹਾ ਸਬੰਧਤ ਵਿਭਾਗ ਦੇ ਅਫ਼ਸਰ ਸਾਡੀ ਕੋਈ ਸੁਣਵਾਈ ਨਹੀਂ ਕਰ ਰਹੇ। ਰਜਬਾਹੇ ਵਿੱਚ ਪਾੜ ਪੈਣ ਤੇ ਅਸੀਂ ਵਿਭਾਗ ਦੇ ਅਫ਼ਸਰਾਂ ਨੂੰ ਫੋਨ ਕੀਤੇ, ਪਰ ਕੋਈ ਨਹੀਂ ਆਇਆ। ਉਨ੍ਹਾਂ ਮੰਗ ਕੀਤੀ ਕਿ ਕੋਈ ਵੀ ਮੰਤਰੀ ਜਾਂ ਪ੍ਰਸ਼ਾਸਨ ਦਾ ਉੱਚ ਅਧਿਕਾਰੀ ਆ ਕੇ ਮੌਕਾ ਜ਼ਰੂਰ ਵੇਖੇ ਤੇ ਸਾਨੂੰ ਨਹਿਰ ਦਾ ਪੂਰਾ ਪਾਣੀ ਦਿੱਤਾ ਜਾਵੇ। ਇਸ ਮੌਕੇ ਗੁਰਪ੍ਰੀਤ ਸਿੰਘ, ਸਵਰਨ ਸਿੰਘ ਨੰਬਰਦਾਰ, ਲਾਭ ਸਿੰਘ ਜ਼ੈਲਦਾਰ, ਸੁਖਪਾਲ ਸਿੰਘ, ਭੋਲਾ ਸਿੰਘ ਦੂਹੇਵਾਲਾ, ਰਾਜਵਿੰਦਰ ਸਿੰਘ, ਗੁਰਲਾਲ ਸਿੰਘ ਗਿਲਜੇਵਾਲਾ, ਇਕੱਤਰ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਮਜ਼ਦੂਰ ਪਰਵਾਰ ਘਰ ਦਾ ਕਬਜ਼ਾ ਲੈਣ ਆਏ ਰੋਕੇ

**ਦਿੜਬਾ (ਜਸਵੀਰ ਲਾਡੀ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਭਵਾਨੀਗੜ੍ਹ ਦੇ ਪਿੰਡ ਮਹਿਲਾ ਚੌਕ ਦੇ ਪ੍ਰਧਾਨ ਜਗਜੀਤ ਸਿੰਘ ਦੀ ਅਗਵਾਈ ਹੇਠ ਪਿੰਡ ਦੇ ਮਜ਼ਦੂਰ ਪਰਵਾਰ ਦੇ ਘਰ ਦਾ ਬੂੰਟ ਕਬਜ਼ਾ ਰੋਕਿਆ ਗਿਆ। ਇਸ ਮੌਕੇ ਬਲਾਕ ਭਵਾਨੀਗੜ੍ਹ ਦੇ ਮੀਤ ਪ੍ਰਧਾਨ ਹਰਜੀਤ ਸਿੰਘ ਮਹਿਲਾ ਚੌਂਕ ਅਤੇ ਪ੍ਰੈਸ ਸਕੱਤਰ ਹਰਜਿੰਦਰ ਸਿੰਘ ਘਰਾਚੋਂ ਨੇ ਦੱਸਿਆ ਕਿ ਮਜ਼ਦੂਰ ਪਰਵਾਰ ਜੱਟੀ ਦੇਵੀ, ਛਿੰਦਰ ਕੌਰ, ਲੱਛਮੀ ਦੇਵੀ ਨੇ ਕਈ ਸਾਲ ਪਹਿਲਾਂ ਇੱਕ ਔਰਤ ਕਿਰਨ ਦੇਵੀ ਪਿੰਡ ਕੁਲਾਰਾਂ ਤੋਂ ਦੋ ਲੱਖ ਰੁਪਏ ਵਿਆਜ 'ਤੇ ਲਏ ਸੀ ਅਤੇ ਗਾਰੰਟੀ ਤੌਰ 'ਤੇ ਘਰ ਦਾ ਬਿਆਨਾ ਲਿਖਿਆ ਗਿਆ ਸੀ। ਦੋ ਸਾਲ ਪੀੜਤ ਪਰਿਵਾਰ ਨੇ ਸਹੀ ਸਮੇਂ 'ਤੇ ਵਿਆਜ ਮੋੜਿਆ, ਪਰ ਬਾਅਦ ਵਿੱਚ ਵਿਆਜ ਨਹੀਂ ਦਿੱਤਾ ਗਿਆ, ਜਿਸ ਦੀ ਰਕਮ ਵਧਾ ਕੇ ਕੋਰਟ ਰਾਹੀ ਕੇਸ ਕਰਕੇ ਘਰ ਦੀ ਕੁਰਕੀ ਕਰਾ ਕੇ ਘਰ ਆਪਣੇ ਨਾਂਅ ਕਰਾ ਲਿਆ ਸੀ, ਪਰ ਜੋ ਆਗੂਆਂ ਨੇ ਦੱਸਿਆ ਕਿ ਘਰ ਦਾ ਬੂੰਟ ਕਬਜ਼ਾ ਲੈਣ ਲਈ ਪੁਲਿਸ ਪ੍ਰਸ਼ਾਸਨ ਦੇ ਸਮੇਤ ਸਿਵਲ ਪ੍ਰਸ਼ਾਸਨ ਦੇ ਅਧਿਕਾਰੀ ਆਏ, ਜਿਨ੍ਹਾਂ ਨੂੰ ਜਥੇਬੰਦੀ ਦੇ ਆਗੂਆਂ ਅਤੇ ਵਰਕਰਾਂ ਵੱਲੋਂ ਨਾਅਰੇਬਾਜ਼ੀ ਕਰਕੇ ਵਾਪਸ ਮੋੜਿਆ ਗਿਆ। ਇਸ ਮੌਕੇ ਬਲਾਕ ਆਗੂ ਅਮਨਦੀਪ ਸਿੰਘ ਮਹਿਲਾ ਚੌਂਕ, ਬਲਵਿੰਦਰ ਸਿੰਘ ਘਨੌੜ, ਜਸਵੀਰ ਸਿੰਘ ਗੱਗੜਪੁਰ, ਕਸ਼ਮੀਰ ਸਿੰਘ ਆਲੋਅਰਖ, ਗੁਰਦੇਵ ਸਿੰਘ ਆਲੋਅਰਖ, ਗੁਰਚੇਤ ਸਿੰਘ ਭੱਟੀਵਾਲ ਸਮੇਤ ਪਿੰਡ ਮਹਿਲਾ ਚੌਂਕ ਦੇ ਆਗੂ ਸੁਖਵੀਰ ਸਿੰਘ, ਗੁਰਜੰਟ ਸਿੰਘ, ਦਰਸ਼ਨ ਸਿੰਘ ਮਾਨ, ਸੇਵਕ ਸਿੰਘ, ਜਸਵਿੰਦਰ ਕੌਰ, ਭਰਪੂਰ ਕੌਰ, ਮਲਕੀਤ ਕੌਰ ਸਮੇਤ ਵੱਖ-ਵੱਖ ਇਕਾਈਆਂ ਦੇ ਕਿਸਾਨ ਮਜ਼ਦੂਰ ਅਤੇ ਪਿੰਡ ਮਹਿਲਾ ਚੌਂਕ ਵਿੱਚੋਂ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ।



# ਆਸ਼ਾ ਵਰਕਰਾਂ ਲਈ ਟ੍ਰੇਨਿੰਗ ਕੈਂਪ ਲਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਤੇ ਸਿਵਲ ਸਰਜਨ ਬਠਿੰਡਾ ਡਾ. ਤੇਜਵੰਤ ਸਿੰਘ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ. ਗੁਰਮੇਲ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਬਾਲਿਆਂਵਾਲੀ ਦੀ ਅਗਵਾਈ ਹੇਠ ਸਿਹਤ ਸਕੀਮਾਂ ਦਾ ਲਾਭ ਵੱਧ ਤੋਂ ਵੱਧ ਲੋਕਾਂ ਤੱਕ ਪੁਚਾਉਣ ਦੇ ਮੰਤਵ ਨਾਲ ਸੀ ਐੱਚ ਸੀ ਬਾਲਿਆਂਵਾਲੀ ਵਿਖੇ ਆਯੂਸ਼ਮਾਨ ਭਵ ਪ੍ਰੋਗਰਾਮ ਸਬੰਧੀ ਸਮੂਹ ਆਸ਼ਾ ਵਰਕਰਾਂ ਲਈ ਟ੍ਰੇਨਿੰਗ ਕਰਾਈ ਗਈ। ਡਾ. ਕਮਲਜੀਤ ਸਿੰਘ ਨੇ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ 17 ਸਤੰਬਰ ਤੋਂ 2 ਅਕਤੂਬਰ ਤੱਕ ਵੱਖ-ਵੱਖ ਗਤੀਵਿਧੀਆਂ ਕਰਾਈਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਆਯੂਸ਼ਮਾਨ ਸਕੀਮ ਤਹਿਤ ਹਰ ਯੋਗ ਲਾਭਪਾਤਰੀ ਨੂੰ ਕਵਰ ਕਰਨ ਲਈ ਨਵੇਂ ਕਾਰਡ ਬਣਾਉਣ ਸਬੰਧੀ ਤਿੰਨ ਕੈਂਪਾਂ ਦਾ ਆਯੋਜਨ ਵੀ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਮੂਹ ਸਿਹਤ ਸੰਸਥਾਵਾਂ ਵਿਖੇ ਜਾਗਰੂਕਤਾ ਕੈਂਪ ਵੀ ਲਾਏ ਜਾਣਗੇ ਤੇ ਨਾਲ ਹੀ ਅੰਗਦਾਨ ਨੂੰ ਉਤਸ਼ਾਹਤ ਕਰਨ ਸਬੰਧੀ ਸੋਹੰ ਚੁੱਕ ਸਮਾਗਮ ਵੀ ਆਯੋਜਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸਾਫ਼ ਸਫ਼ਾਈ ਦੇ ਮਹੱਤਵ ਨੂੰ ਹੁਲਾਰਾ ਦੇਣ ਲਈ ਸਵੱਛਤਾ ਅਭਿਆਨ ਵੀ ਸਿਹਤ ਸੰਸਥਾਵਾਂ ਵਿਖੇ ਚਲਾਏ ਜਾਣਗੇ ਤੇ ਇਹ ਪ੍ਰੋਗਰਾਮ 2 ਅਕਤੂਬਰ ਨੂੰ ਮੁਕੰਮਲ ਹੋਵੇਗਾ।

# ਪੀ ਐੱਮ ਵਿਸ਼ਵਕਰਮਾ ਯੋਜਨਾ ਨੌਜਵਾਨਾਂ ਤੇ ਕਿਰਤੀਆਂ ਲਈ ਵਰਦਾਨ : ਸਹਿਗਲ

**ਮਮਦੋਟ (ਜਸਬੀਰ ਸਿੰਘ ਕੰਬੋਜ)**



ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵੱਲੋਂ ਪੂਰੇ ਭਾਰਤ ਵਿੱਚ ਕਿਰਤੀ ਕਾਮਿਆਂ ਤੇ ਹੁਨਰਮੰਦ ਨੌਜਵਾਨਾਂ ਦੇ ਉਜਵਲ ਭਵਿੱਖ ਵਾਸਤੇ ਨਵੀਂ ਸ਼ੁਰੂ ਕੀਤੀ ਜਾ ਰਹੀ ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ ਪੰਜਾਬ ਦੇ ਨੌਜਵਾਨਾਂ ਤੇ ਕਿਰਤੀ ਕਾਮਿਆਂ ਲਈ ਵਰਦਾਨ ਸਾਬਤ ਹੋਵੇਗੀ ਤੇ ਇਸ ਯੋਜਨਾ ਨਾਲ ਪੰਜਾਬ 'ਚ ਨਵੀ ਕ੍ਰਾਂਤੀ ਆਵੇਗੀ। ਇਸ ਗੱਲ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪ੍ਰਧਾਨ ਅਸ਼ੋਕ ਸਹਿਗਲ ਨੇ ਕੀਤਾ। ਪ੍ਰਧਾਨ ਮੰਤਰੀ ਵੱਲੋਂ ਨਵੀਂ ਸ਼ੁਰੂ ਕੀਤੀ ਗਈ ਇਸ ਯੋਜਨਾ ਬਾਰੇ ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਕੰਮ ਸਿੱਖਣ ਦੌਰਾਨ ਨੌਜਵਾਨਾਂ ਨੂੰ ਸਰਕਾਰ ਵੱਲੋਂ ਪੰਜ ਸੌ ਰੁਪਏ ਪ੍ਰਤੀ ਦਿਨ ਭੱਤਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕੰਮ ਸਿੱਖਣ ਉਪਰੰਤ ਔਜ਼ਾਰ ਵਗੈਰਾ ਖਰੀਦਣ ਵਾਸਤੇ ਪੰਦਰਾਂ ਹਜ਼ਾਰ ਰੁਪਏ ਤੇ ਆਪਣਾ ਕੰਮ ਸ਼ੁਰੂ ਕਰਨ ਵਾਸਤੇ ਤਿੰਨ ਲੱਖ ਰੁਪਏ ਬਗੈਰ ਕਿਸੇ ਗਰੰਟੀ ਦੇ ਬਹੁਤ ਹੀ ਘੱਟ ਵਿਆਜ 'ਤੇ ਕਰਜ਼ ਮੁਹੱਈਆ ਕਰਾਇਆ ਜਾਵੇਗਾ। ਕਰਜ ਵਿਧੀ ਸਬੰਧੀ ਸਪੱਸ਼ਟ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਕੰਮ ਸ਼ੁਰੂ ਕਰਨ ਵੇਲੇ ਮੁਹੱਈਆ ਕਰਾਏ ਜਾਣ ਵਾਲੇ ਤਿੰਨ ਲੱਖ ਰੁਪਏ 'ਚੋਂ ਇੱਕ ਲੱਖ ਰੁਪਏ ਪਹਿਲਾਂ ਕੰਮ ਸ਼ੁਰੂ ਕਰਨ ਵਾਸਤੇ ਦਿੱਤੇ ਜਾਣਗੇ ਤੇ ਜੋ ਵਿਅਕਤੀ ਮਿੱਥੇ ਸਮੇਂ 'ਤੇ ਇਹ ਇੱਕ ਲੱਖ ਰੁਪਏ ਵਾਪਸ ਕਰੇਗਾ, ਉਸ ਨੂੰ ਹੋਰ ਦੋ ਲੱਖ ਰੁਪਏ ਦਿੱਤੇ ਜਾਣਗੇ। ਸ਼੍ਰੀ ਸਹਿਗਲ ਨੇ ਪੰਜਾਬ ਦੇ ਨੌਜਵਾਨਾਂ ਤੇ ਕਿਰਤੀ ਕਾਮਿਆਂ ਨੂੰ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕਰਦਿਆਂ ਉਮੀਦ ਜ਼ਾਹਰ ਕੀਤੀ ਕਿ ਪ੍ਰਧਾਨ ਮੰਤਰੀ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਪੰਜਾਬ ਵਿੱਚੋਂ ਬੇਰੁਜ਼ਗਾਰੀ ਘੱਟ ਕਰਨ ਵਿੱਚ ਵੀ ਸਹਾਈ ਹੋਵੇਗੀ।

ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਭਾਜਪਾ ਆਗੂ ਭਗਵਾਨ ਦਾਸ ਸ਼ਰਮਾ ਬਲਾਕ ਪ੍ਰਧਾਨ ਮਮਦੋਟ ਵੀ ਸਨ। ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵੱਲੋਂ ਨਵੀਂ ਸ਼ੁਰੂ ਕੀਤੀ ਜਾ ਰਹੀ ਪੀ ਐਮ ਵਿਸ਼ਵਕਰਮਾ ਯੋਜਨਾ ਦਾ ਸੀਨੀਅਰ ਭਾਜਪਾ ਆਗੂ ਰਵੀ ਦੱਤ ਚਾਵਲਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ ਸ਼੍ਰੀ ਨਤਿੰਦਰ ਮੁਖੀਜਾ, ਬਲਦੇਵ ਰਾਜ ਸ਼ਰਮਾ, ਵਿਕਰਮਜੀਤ ਸਿੰਘ ਪੋਜੋ ਕੇ (ਸਟੇਟ ਅਵਾਰਡੀ) ਤੇ ਪ੍ਰਵੀਨ ਭੋਲੇਵਾਸੀਆ ਵੱਲੋਂ ਸਵਾਗਤ ਕੀਤਾ ਗਿਆ ਹੈ।

# ਲੋਕ ਆਵਾਜ਼ ਪ੍ਰੈੱਸ ਕਲੱਬ ਤਲਵੰਡੀ ਸਾਬੋ ਦੀ ਮੀਟਿੰਗ ਹੋਈ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਲੋਕ ਆਵਾਜ਼ ਪ੍ਰੈਸ ਕਲੱਬ ਦੀ ਮੀਟਿੰਗ ਕਲੱਬ ਦੇ ਪ੍ਰਧਾਨ ਜਸਵੀਰ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਕਲੱਬ ਦੇ ਸਰਪ੍ਰਸਤ ਜਗਦੀਪ ਸਿੰਘ ਗਿੱਲ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਦੋ ਮਿੰਟ ਦਾ ਮੋਨ ਧਾਰ ਕੇ ਕਲੱਬ ਦੇ ਵਿਛੜੇ ਪੱਤਰਕਾਰ ਸਾਥੀ ਜਗਦੀਪ ਕੋਮਲ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ। ਸ਼ਰਧਾਂਜਲੀ ਉਪਰੰਤ ਸਾਥੀ ਕੋਮਲ ਦੀ ਬੇਵਕਤੀ ਮੌਤ ਪਿੱਛੋਂ ਉਨ੍ਹਾਂ ਨਮਿਤ ਦਰਜ ਮੁਕੱਦਮੇ ਦੇ ਰਹਿੰਦੇ ਕਥਿਤ ਦੋਸ਼ੀਆਂ ਦੀ ਗ੍ਰਿਫਤਾਰੀ ਉਪਰ ਵਿਚਾਰ ਕੀਤੀ ਗਈ ਤਾਂ ਜੁ ਸਾਥੀ ਕੋਮਲ ਦੇ ਪੀੜਤ ਪਰਿਵਾਰ ਨੂੰ ਇਨਸਾਫ ਦਿਵਾਇਆ ਜਾ ਸਕੇ। ਮੀਟਿੰਗ ਵਿੱਚ ਕਈ ਅਹਿਮ ਮੁੱਦਿਆਂ ਤੇ ਵਿਚਾਰਾਂ ਕਰਦੇ ਹੋਏ ਲੋਕ ਹਿੱਤ ਮਸਲਿਆਂ ਨੂੰ ਹੋਰ ਵੀ ਤੇਜ਼ ਕਰਨ ਲਈ ਕਿਹਾ ਗਿਆ। ਕਲੱਬ ਪ੍ਰਧਾਨ ਜਸਵੀਰ ਸਿੰਘ ਸਿੱਧੂ ਨੇ ਕਿਹਾ ਕਿ ਸਥਾਨਕ ਸਰਕਾਰੀ ਦਫਤਰਾਂ 'ਚ ਅਜੇ ਵੀ ਆਮ ਲੋਕਾਂ ਦੀ ਖੱਜਲ ਖੁਆਰੀ ਬੰਦ ਨਹੀ ਹੋਈ ਤੇ ਕਈਆਂ ਨੂੰ ਆਪਣੇ ਕੰਮਾਂ ਸਬੰਧੀ ਦਫ਼ਤਰਾਂ ਦੇ ਗੇੜੇ ਮਾਰਨੇ ਪੈਂਦੇ ਹਨ। ਸਰਪ੍ਰਸਤ ਜਗਦੀਪ ਸਿੰਘ ਗਿੱਲ ਨੇ ਕਿਹਾ ਕਿ ਸਰਕਾਰੀ ਦਫ਼ਤਰਾਂ ਦੀਆਂ ਖਾਮੀਆਂ ਅਤੇ ਖਾਸ ਕਰ ਕਈ ਦਫ਼ਤਰਾਂ 'ਚ ਮੁਲਾਜ਼ਮਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਪੂਰਾ ਕਰਾਉਣ ਲਈ ਪ੍ਰੈਸ ਕਲੱਬ ਦੇ ਸਾਥੀਆਂ ਵੱਲੋਂ ਆਪਣੀ ਕਲਮ ਰਾਹੀਂ ਸਰਕਾਰ ਦੇ ਧਿਆਨ ਹਿੱਤ ਲਿਆਂਦਾ ਜਾਵੇਗਾ ਤਾਂ ਜੁ ਆਮ ਲੋਕ ਖੱਜਲ ਖੁਆਰੀ ਤੋਂ ਬਚ ਸਕਣ। ਸੀਨੀਅਰ ਮੀਤ ਪ੍ਰਧਾਨ ਈਸ਼ਵਰ ਗਰਗ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਉਕਤ ਤੋਂ ਇਲਾਵਾ ਪ੍ਰੈਸ ਕਲੱਬ ਦੇ ਮੀਤ ਪ੍ਰਧਾਨ ਜਸਵਿੰਦਰ ਸਿੰਘ ਸਿੱਧੂ, ਜਨਰਲ ਸਕੱਤਰ ਰੇਸ਼ਮ ਸਿੰਘ ਦਾਦੂ, ਖ਼ਜ਼ਾਨਚੀ ਪ੍ਰਿੰਸ ਗਰਗ, ਪ੍ਰੈਸ ਸਕੱਤਰ ਰਾਮ ਰੇਸ਼ਮ ਸ਼ਰਨ, ਸਲਾਹਕਾਰ ਰੇਸ਼ਮ ਸਿੰਘ ਵੱਡਾਗੁੜਾ, ਸੀਨੀਅਰ ਮੈਂਬਰ ਮਹਿੰਦਰ ਸਿੰਘ ਰੂਪ, ਅਤੇ ਕਾਰੁਜਕਾਰਨੀ ਮੈਂਬਰ ਬਾਬੂ ਮਾਨ ਤਰਖਾਣਵਾਲਾ ਆਦਿ ਹਾਜ਼ਰ ਸਨ।

# ਡੀ ਏ ਵੀ ਸਕੂਲ ਸ਼ਾਨਦਾਰ ਸੇਵਾਵਾਂ ਬਦਲੇ ਐੱਸ ਡੀ ਐੱਮ ਵੱਲੋਂ ਸਨਮਾਨਤ

**ਮਲੋਟ (ਗੁਰਮੀਤ ਸਿੰਘ ਮੱਕੜ)**



ਡੀ.ਏ.ਵੀ ਪਬਲਿਕ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਨੂੰ ਐਸ.ਡੀ.ਐਮ. ਸ਼੍ਰੀ ਕੰਵਰਜੀਤ ਸਿੰਘ ਵੱਲੋਂ ਸ਼ਾਨਦਾਰ ਸੇਵਾਵਾਂ ਬਦਲੇ ਸਨਮਾਨਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਦੀ ਅਗਵਾਈ ਵਿੱਚ ਸਕੂਲ ਦੇ ਵਿਦਿਆਰਥੀ ਤੇ ਅਧਿਆਪਕ ਹਰ ਪ੍ਰਸ਼ਾਸਕੀ ਕੰਮ ਵਿਚ ਵਡਮੁੱਲਾ ਯੋਗਦਾਨ ਪਾਉਂਦੇ ਹਨ। ਆਜ਼ਾਦੀ ਦਿਵਸ ਹੋਵੇ, ਗਣਤੰਤਰ ਦਿਵਸ ਹੋਵੇ ਜਾਂ ਸਮਾਜ ਸੇਵਾ, ਹਰ ਕੋਈ ਹਰ ਕੰਮ ਵਿਚ ਉਤਸ਼ਾਹ ਨਾਲ ਯੋਗਦਾਨ ਪਾਉਂਦਾ ਹੈ। ਸਕੂਲ ਦੇ ਐਨ.ਸੀ.ਸੀ ਟੀਮ ਹਰ ਵਾਰ ਆਪਣਾ ਬਿਹਤਰੀਨ ਪ੍ਰਦਰਸ਼ਨ ਦੇ ਕੇ ਵੱਖਰੀ ਛਾਪ ਛੱਡਦੀ ਹੈ। ਪ੍ਰਿੰਸੀਪਲ ਸੰਧਿਆ ਬਠਲਾ ਦੀ ਅਗਵਾਈ ਵਿੱਚ ਸਕੂਲ ਹਰ ਖੇਤਰ ਵਿਚ ਲਗਾਤਾਰ ਤਰੱਕੀ ਕਰ ਰਿਹਾ ਹੈ, ਚਾਹੇ ਉਹ ਅਕਾਦਮਿਕ ਨਤੀਜੇ ਹੋਣ ਜਾਂ ਖੇਡ ਗਤੀਵਿਧੀਆਂ। ਪ੍ਰਿੰਸੀਪਲ ਦੀ ਅਗਵਾਈ 'ਚ ਪੱਛੜੇ, ਦਲਿਤ ਤੇ ਗ਼ਰੀਬ ਬੱਚਿਆਂ ਦੀ ਲਗਾਤਾਰ ਮੱਦਦ ਕੀਤੀ ਜਾਂਦੀ ਹੈ। ਪ੍ਰਿੰਸੀਪਲ ਹਰ ਵਿਦਿਆਰਥੀ ਨੂੰ ਪੜ੍ਹਾਈ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਦੀ ਸਿੱਖਿਆ 'ਤੇ ਵਿਸ਼ੇਸ਼ ਜ਼ੋਰ ਦਿੰਦੇ ਹਨ ਤਾਂ ਜੁ ਵਿਦਿਆਰਥੀ ਦਾ ਸਰਵਪੱਖੀ ਵਿਕਾਸ ਹੋ ਸਕੇ। ਇਨ੍ਹਾਂ ਸਮਾਜ ਸੇਵੀ ਕੰਮਾਂ ਲਈ ਪ੍ਰਿੰਸੀਪਲ ਦਾ ਸਨਮਾਨ ਕੀਤਾ ਗਿਆ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਨੇ ਇਸ ਸਨਮਾਨ ਦਾ ਸਿਹਰਾ ਸਕੂਲ ਦੇ ਚੇਅਰਮੈਨ, ਰਿਜ਼ਨਲ ਡਾਇਰੈਕਟਰ ਤੇ ਮੈਨੇਜਰ ਦੀ ਅਗਵਾਈ ਨੂੰ ਦਿੱਤਾ। ਸਕੂਲ ਦੇ ਚੇਅਰਮੈਨ ਸ਼੍ਰੀ ਰਵੀ ਛਾਬੜਾ ਨੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਨੂੰ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਵਿੱਚ ਵਿਸ਼ੇਸ਼ ਖੁਸ਼ੀ ਦਾ ਮਾਹੌਲ ਸੀ।

# ਰਾਣਾ ਸਿਲਾਈ ਸੈਂਟਰ ਦਾ ਜੀਤ ਦਹੀਆ ਨੇ ਕੀਤਾ ਉਦਘਾਟਨ

**ਬੁਢਲਾਡਾ (ਅਸ਼ੋਕ ਲਾਕੜਾ)**



ਐਂਟੀ ਕੁਰੱਪਸ਼ਨ ਐਸੋਸੀਏਸ਼ਨ ਇੰਡੀਆ ਜ਼ਿਲ੍ਹਾ ਮਾਨਸਾ ਅਤੇ ਸਮਾਜ ਸੇਵੀ ਟਿੰਕੂ ਪੰਜਾਬ ਅਤੇ ਕੌਂਸਲਰ ਕੰਚਨ ਮਦਾਨ ਦੇ ਯਤਨਾਂ ਸਦਕਾ ਬੁਢਲਾਡਾ ਵਿਖੇ ਰਾਣਾ ਸਿਲਾਈ ਸੈਂਟਰ ਪ੍ਰਜਾਪਤ ਧਰਮਸ਼ਾਲਾ ਵਿਖੇ ਆਜ਼ਾਦੀ ਘੁਲਾਟੀਏ ਦੀ ਵਾਰਿਸ ਹੋਣਹਾਰ ਧੀ ਐਂਟੀ ਕੁਰੱਪਸ਼ਨ ਐਸੋਸੀਏਸ਼ਨ ਇੰਡੀਆ ਜ਼ਿਲ੍ਹਾ ਮਾਨਸਾ ਦੀ ਚੇਅਰਪਰਸਨ ਜੀਤ ਦਹੀਆ ਵੱਲੋਂ ਉਦਘਾਟਨ ਕੀਤਾ ਗਿਆ। ਸਮਾਜ ਸੇਵੀ ਟਿੰਕੂ ਪੰਜਾਬ ਤੇ ਕੌਂਸਲਰ ਕੰਚਨ ਮਦਾਨ ਨੇ ਦੱਸਿਆ ਕਿ ਹੁਣ ਤੱਕ 128 ਲੜਕੀਆਂ ਦੇ ਸਿਲਾਈ ਸਿੱਖਣ ਲਈ ਫਾਰਮ ਭਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚੋਂ ਇਨ੍ਹਾਂ ਲੋੜਵੰਦ ਲੜਕੀਆਂ ਤੇ ਔਰਤਾਂ ਨੂੰ ਮੁਫ਼ਤ ਸਿਲਾਈ-ਕਢਾਈ, ਫੁਲਕਾਰੀ,14 ਕਿਸਮਾਂ ਦੀ ਪੇਂਟਿੰਗ ਅਤੇ ਟੈਡੀ ਬੀਅਰ ਆਦਿ ਦੀ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੋ ਭੈਣਾਂ ਲਗਾਤਾਰ ਇੱਕ ਸਾਲ ਤੱਕ ਇਸ ਸਹੂਲਤ ਦਾ ਹਿੱਸਾ ਬਣਨਗੀਆਂ ਜਾਂ ਜਿਨ੍ਹਾਂ ਦੀਆਂ ਵੱਧ ਹਾਜ਼ਰੀਆਂ ਹੋਣਗੀਆਂ, ਉਨ੍ਹਾਂ ਨੂੰ ਇੱਕ ਵਿਸ਼ੇਸ਼ ਸਰਟੀਫਿਕੇਟ ਤੇ ਸਿਲਾਈ ਮਸ਼ੀਨ ਬਿਲਕੁਲ ਮੁਫ਼ਤ ਦਿੱਤੀ ਜਾਵੇਗੀ। ਐਂਟੀ ਕੁਰੱਪਸ਼ਨ ਐਸੋਸੀਏਸ਼ਨ ਇੰਡੀਆ ਜ਼ਿਲ੍ਹਾ ਮਾਨਸਾ ਦੀ ਚੇਅਰਪਰਸਨ ਜੀਤ ਦਹੀਆ ਨੇ ਕਿਹਾ ਕਿ ਜਿਨ੍ਹਾਂ ਲੋੜਵੰਦਾਂ ਕੋਲ ਲੜਕੀਆਂ ਦੇ ਵਿਆਹ ਲਈ ਦਾਜ, ਸਕੂਲ ਪੜ੍ਹਨ ਲਈ ਫ਼ੀਸ ਭਰਨ ਦਾ ਉਪਰਾਲਾ ਵੀ ਕੀਤਾ ਜਾਵੇਗਾ, ਉਨ੍ਹਾਂ ਕਿਹਾ ਕਿ ਹੁਣ ਤੱਕ ਮਾਨਸਾ ਵਿਖੇ ਸਿਲਾਈ ਸੈਂਟਰ, ਆਦਮਕੇ ਵਿਖੇ ਸਿਲਾਈ ਸੈਂਟਰ ਤੇ ਫਫੜੇ ਭਾਈਕੇ ਵਿਖੇ ਸਿਲਾਈ ਸੈਂਟਰ ਵਿਚ ਲੋੜਵੰਦ ਲੜਕੀਆਂ ਸਿਲਾਈ-ਕਢਾਈ ਸਿੱਖ ਰਹੀਆਂ ਹਨ।

ਇਸ ਮੌਕੇ ਐਂਟੀ ਕੁਰੱਪਸ਼ਨ ਐਸੋਸੀਏਸ਼ਨ ਇੰਡੀਆ ਜ਼ਿਲ੍ਹਾ ਮਾਨਸਾ ਦੇ ਮੀਡੀਆ ਇੰਚਾਰਜ ਦਵਿੰਦਰ ਸਿੰਘ ਕੋਹਲੀ, ਬਿੱਕਰ ਸਿੰਘ ਮੰਘਾਣੀਆ, ਮਾਸਟਰ ਵਰਿੰਦਰ ਸਿੰਘ ਸੋਨੀ (ਭੀਖੀ), ਸੋਮਾ ਰਾਣੀ, ਰਜਿੰਦਰ ਕੌਰ ਫਫੜੇ ਭਾਈਕੇ, ਸੁਖਵਰਸ਼ਾ ਰਾਣੀ, ਮਾਤਾ ਹਰਪਾਲ ਕੌਰ, ਰਾਜਵਿੰਦਰ ਕੌਰ ਰਾਜੂ, ਬਲਜਿੰਦਰ ਸੰਗੀਲਾ, ਮੰਜੂ ਰਾਣੀ, ਹਰਜਿੰਦਰ ਸਿੰਘ ਮਾਨਸ਼ਾਹੀਆ, ਕੌਂਸਲਰ ਆਰਤੀ ਰਾਣੀ, ਕਿਰਨ ਰਾਣੀ, ਮਾਤਾ ਰਾਜ ਰਾਣੀ ਤੇ ਰਣਪ੍ਰੀਤ ਸਿੰਘ ਰਾਣਾ ਆਦਿ ਹਾਜ਼ਰ ਸਨ।


**G20 ਉੱਤਰ ਰੇਲਵੇ** ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| | | |
|---|---|---|
| 1 | ਨੀਲਾਮੀ ਸੂਚੀ ਨੰ. | FZRPARCEL-48 |
| | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 03-10-2023 ਨੂੰ 10:30 ਵਜੇ |

ਕੰਮ ਦਾ ਨਾਮ: ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ) : 12032-F1, 12470-F1, 12474-F1, 12550-F1, 14036-F1, 14036-F2, 14036-R1, 14505-F1, 14505-F2, 14505-R1, 14612-F1, 14674-F1, 14674-R1, 19326-F1, 20986-F1, 22402-F1, 22430-F1 & 22480-F1.

| | | |
|---|---|---|
| 2 | ਨੀਲਾਮੀ ਸੂਚੀ ਨੰ. | FZRPARCEL-49 |
| | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 04-10-2023 ਨੂੰ 10:30 ਵਜੇ |

ਕੰਮ ਦਾ ਨਾਮ: ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ) : 12014-F1, 12030-F1, 12242-F1, 12412-F1, 12460-F1, 12492-F1, 12752-F1, 14616-F1, 14630-F1, 14682-F1, 19108-F1, 19614-F1, 22486-F1, 22706-F1, 12414-12413-VP & 12472-12471-VP.

| | | |
|---|---|---|
| 3 | ਨੀਲਾਮੀ ਸੂਚੀ ਨੰ. | EAFZR-MA23-11 |
| | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 04-10-2023 ਨੂੰ 11:00 ਵਜੇ |

ਕੰਮ ਦਾ ਨਾਮ : ਗੱਡੀ ਨੰਬਰ : 12422, 12492, 22462, 12414, 12408, 14612, 14610 (ਗਰੁਪ ਰੇਕ ਲਿੰਕ) ਅਤੇ ਕਸ਼ਮੀਰ ਘਾਟੀ ਵਿਚ ਡੀਐਮਯੂ ਟ੍ਰੇਨਾਂ ਦੇ ਸਵਾਰੀ ਡੱਬਿਆਂ ਨੂੰ ਬਾਹਰੀ ਭਾਗ ਤੇ ਵਿਨਾਇਲ ਰੈਪਿੰਗ ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ।

| | | |
|---|---|---|
| 4 | ਨੀਲਾਮੀ ਸੂਚੀ ਨੰ. | FZRPARCEL-50 |
| | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 05-10-2023 ਨੂੰ 10:30 ਵਜੇ |

ਕੰਮ ਦਾ ਨਾਮ: ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ) : 12266-F1, 12414-F1, 12498-F1, 12588-F1, 14504-F1, 14504-R1, 14508-F1, 14508-F2, 14508-R1, 14606-F1, 14632-F1, 14632-R1, 14633-F1, 14633-F2, 14633-R1, 14634-F1, 14634-F2, 14634-R1, 14650-R1, 14654-F1, 14654-F2, 14654-R1, 15212-R1 & 19804-F1.

| | | |
|---|---|---|
| 5 | ਨੀਲਾਮੀ ਸੂਚੀ ਨੰ. | FZRPARCEL-51 |
| | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 06-10-2023 ਨੂੰ 10:30 ਵਜੇ |

ਕੰਮ ਦਾ ਨਾਮ: ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ) : 11450-F1, 12238-F1, 12238-F2, 12238-R1, 12426-F1, 12446-F1, 12476-F1, 12478-F1, 14012-F1, 14012-R1, 14034-F1, 14601-F1, 14601-F2, 14601-R1, 14610-F1, 14624-F1, 14630-R1, 15098-F1, 15532-F1, 19224-F1, 19224-R1, 19226-R1, 22432-F1, 22462-F1, 22552-F1 & 22942-F1

ਵਿਸਤ੍ਰਿਤ ਜਾਣਕਾਰੀ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। 2916/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਇੰਡੀਅਨ ਸਵੱਛਤਾ ਲੀਗ-2.0 ਤਹਿਤ ਦੋ ਰੈਲੀਆਂ ਆਯੋਜਿਤ

**ਮੋਗਾ (ਅਮਰਜੀਤ ਬੱਬਰੀ)**



ਨਗਰ ਨਿਗਮ ਮੋਗਾ ਵੱਲੋਂ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਮੇਅਰ ਬਲਜੀਤ ਸਿੰਘ ਚਾਨੀ, ਕਮਿਸ਼ਨਰ ਪੂਨਮ ਸਿੰਘ ਵੱਲੋਂ ਇੰਡੀਅਨ ਸਵੱਛਤਾ ਲੀਗ-2.0 ਦਾ ਪ੍ਰੋਗਰਾਮ ਦੇ ਤਹਿਤ ਮੋਗਾ ਵਿਖੇ ਦੋ ਰੈਲੀਆਂ ਕਰਾਈਆਂ ਗਈਆਂ, ਜਿਨ੍ਹਾਂ ਰਾਹੀਂ ਸ਼ਹਿਰ ਨੂੰ ਸਵੱਛਤਾ ਬਾਰੇ ਸੰਦੇਸ਼ ਦਿੱਤਾ ਗਿਆ, ਜਿਸ ਵਿੱਚ ਪੈਦਲ ਰੈਲੀ ਤੇ ਸਾਇਕਲ ਰੈਲੀ ਨੂੰ ਸਵੱਛਤਾ ਭਾਰਤ ਦੇ ਬ੍ਰਾਂਡ ਅੰਬੈਸਡਰ ਵੱਲੋਂ ਹਰੀ ਝੰਡੀ ਦੇ ਕੇ ਰਵਾਨਗੀ ਕੀਤੀ ਗਈ। ਪੈਦਲ ਰੈਲੀ ਵਿੱਚ ਸਕੂਲਾਂ ਦੇ ਵਿਦਿਆਰਥੀਆਂ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੇ ਨਹਿਰੂ ਪਾਰਕ, ਪ੍ਰਤਾਪ ਰੋਡ ਤੋਂ ਸ਼ੁਰੂ ਹੋ ਕੇ ਜਵਾਹਰ ਨਗਰ ਹੁੰਦੇ ਹੋਏ ਸੁਆਮੀ ਵੇਦਾਂਤਾਨੰਦ ਪਾਰਕ ਵਿੱਚ ਪੁੱਜੇ। ਸਾਇਕਲ ਰੈਲੀ ਵਿੱਚ ਸਾਰੇ ਨਗਰ ਨਿਗਮ ਦੇ ਅਧਿਕਾਰੀਆਂ ਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਨਗਰ ਨਿਗਮ ਦਫ਼ਤਰ ਤੋਂ ਸ਼ੁਰੂ ਹੋ ਕੇ ਦੇਵ ਹੋਟਲ ਹੁੰਦੇ ਹੋ ਵੇਦਾਂਤਾ ਨੰਦ ਪਾਰਕ ਵਿੱਚ ਪਹੁੰਚੇ।

ਰੈਲੀ ਦੀ ਸਮਾਪਤੀ 'ਤੇ ਕਲਚਰ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਵਿੱਚ ਸੰਯੁਕਤ ਕਮਿਸ਼ਨਰ ਗੁਰਪ੍ਰੀਤ ਸਿੰਘ ਨੇ ਸਵੱਛਤਾ ਲੀਗ ਬਾਰੇ ਸਾਰਿਆਂ ਨੂੰ ਸਵੱਛਤਾ ਬਾਰੇ ਪ੍ਰੇਰਤ ਕੀਤਾ, ਜਿਸ ਵਿੱਚ ਸਕੂਲੀ-ਕਾਲਜਾਂ ਵਿਦਿਆਰਥੀਆਂ ਨੇ ਲੋਕ ਨਾਚ, ਗਿੱਧਾ, ਮਲਵਈ ਭੰਗੜਾ ਅਤੇ ਕਲਚਰ ਗਤੀਵਿਧੀਆ ਵਿੱਚ ਹਿੱਸਾ ਲਿਆ। ਪ੍ਰੋਗਰਾਮ ਦੌਰਾਨ ਪੌਦੇ ਵੰਡੇ ਗਏ ਤੇ ਨਾਲ ਹੀ ਅਧਿਕਾਰੀਆਂ ਵੱਲੋਂ ਹਿੱਸਾ ਲੈਣ ਵਾਲਿਆ ਨੂੰ ਪ੍ਰੰਸਸਾ ਸਰਟੀਫਿਕੇਟ ਦਿੱਤੇ ਗਏ। ਸਾਰਾ ਪ੍ਰੋਗ੍ਰਾਮ ਜ਼ੀਰੋ ਵੇਸਟ ਇਵੈਂਟ ਵਜੋਂ ਕੀਤਾ ਗਿਆ। ਫਲੈਸ਼ ਮੌਬ ਕਰਨ ਤੋਂ ਬਾਅਦ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।

# ਜੌੜਾਮਾਜਰਾ ਨੇ ਪੰਚਾਇਤ ਸੰਮਤੀ ਦਫ਼ਤਰ ਦੀ ਨਵੀਂ ਇਮਾਰਤ ਦਾ ਰੱਖਿਆ ਨੀਂਹ ਪੱਥਰ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਰੀਬ 40 ਲੱਖ ਨਾਲ ਬਣਨ ਵਾਲੇ ਪੰਚਾਇਤ ਸੰਮਤੀ ਦਫ਼ਤਰ ਦੀ ਨਵੀਂ ਇਮਾਰਤ ਅਤੇ ਮਨਰੇਗਾ ਭਵਨ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਉਨ੍ਹਾਂ ਨਾਲ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਵੀ ਮੌਜੂਦ ਸਨ।



ਉਨ੍ਹਾਂ ਕਿਹਾ ਕਿ ਕਰੀਬ ਚਾਰ ਹਜ਼ਾਰ ਵਰਗ ਫੁੱਟ ਵਿੱਚ ਬਣਨ ਵਾਲੀ ਇਸ ਨਵੀਂ ਇਮਾਰਤ ਵਿੱਚ ਸਾਰੀਆਂ ਸਹੂਲਤਾਂ ਉਪਲਬਧ ਕਰਾਈਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਾਉਣ ਲਈ ਵਚਨਬੱਧ ਹੈ ਤੇ ਇਸ ਲੜੀ ਤਹਿਤ ਰਾਜੀਵ ਗਾਂਧੀ ਸੇਵਾ ਕੇਂਦਰ ਤੇ ਪੰਚਾਇਤ ਸੰਮਤੀ ਦਫ਼ਤਰ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਸੂਚਨਾ ਤੇ ਲੋਕ ਸੰਪਰਕ, ਬਾਗਬਾਨੀ ਤੇ ਰੱਖਿਆ ਸੇਵਾਵਾਂ ਵਿਭਾਗਾਂ ਦੇ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਸਮਾਣਾ ਦੇ ਸਰਬਪੱਖੀ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਤੇ ਲੋਕਾਂ ਨੂੰ ਹਰੇਕ ਸਹੂਲਤ ਉਪਲਬਧ ਕਰਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਨਿਰੰਤਰ ਕੰਮ ਕੀਤਾ ਜਾ ਰਿਹਾ ਹੈ।

ਇਸ ਮੌਕੇ ਐਸ.ਡੀ.ਐਮ. ਚਰਨਜੀਤ ਸਿੰਘ, ਬੀ.ਡੀ.ਪੀ.ਓ. ਅਜੈਬ ਸਿੰਘ, ਗੁਰਦੇਵ ਸਿੰਘ ਟਿਵਾਣਾ, ਬਲਕਾਰ ਸਿੰਘ ਗੱਜੂਮਾਜਰਾ, ਸਰਕਲ ਇੰਚਾਰਜ ਸੁਰਜੀਤ ਸਿੰਘ ਫ਼ੌਜੀ ਤੇ ਅਮਰਦੀਪ ਸਿੰਘ ਸੋਨੂ ਢਿੰਡ ਵੀ ਮੌਜੂਦ ਸਨ।


## ਮਹੱਤਵਪੂਰਨ ਸੂਚਨਾ

ਸਰਵਸੰਬੰਧਿਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੇਲਯਾਤਰੀਆਂ ਦੀ ਸੁਵਿਧਾਜਨਕ ਆਵਾਜਾਈ ਲਈ ਰੇਲਵੇ ਦੁਆਰਾ ਪ੍ਰਯੋਗਆਤਮਕ ਆਧਾਰ ਤੇ ਹੇਠਾਂ ਲਿਖਤ ਰੇਲਗੱਡੀਆਂ ਨੂੰ ਹੇਠਾਂ ਲਿਖਤ ਰੇਲਵੇ ਸਟੇਸ਼ਨਾਂ ਤੇ ਠਹਿਰਾਉ ਪ੍ਰਦਾਨ ਕਰਨ ਦਾ ਫੈਸਲਾ ਲਿਆ ਗਿਆ ਹੈ:-

| ਰੇਲਗੱਡੀ ਨੰ. ਅਤੇ ਨਾਮ | ਠਹਿਰਾਉ | ਪ੍ਰਭਾਵੀ ਮਿਤੀ |
|---|---|---|
| 19037 ਬਾਂਦਰਾ (ਟਰਮੀ.)-ਬਰੌਨੀ ਅਵਧ ਐਕਸਪ੍ਰੈਸ | ਮਹਿਦਪੁਰ ਰੋਡ | 28.02.2024 ਤਕ |
| 19038 ਬਰੌਨੀ-ਬਾਂਦਰਾ(ਟਰਮੀ.) ਅਵਧ ਐਕਸਪ੍ਰੈਸ | ਮਹਿਦਪੁਰ ਰੋਡ | 28.02.2024 ਤਕ |
| 19165 ਅਹਿਮਦਾਬਾਦ-ਦਰਭੰਗਾ ਸਾਬਰਮਤੀ ਐਕਸਪ੍ਰੈਸ | ਬਬੀਨਾ | 20.09.2023 |
| 19166 ਦਰਭੰਗਾ- ਅਹਿਮਦਾਬਾਦ ਸਾਬਰਮਤੀ ਐਕਸਪ੍ਰੈਸ | ਬਬੀਨਾ | 20.09.2023 |
| 19167 ਅਹਿਮਦਾਬਾਦ-ਵਾਰਾਨਸੀ ਸਿਟੀ ਸਾਬਰਮਤੀ ਐਕਸਪ੍ਰੈਸ | ਚਿਰਗਾਂਵ | 21.09.2023 |
| 19168 ਵਾਰਾਨਸੀ ਸਿਟੀ -ਅਹਿਮਦਾਬਾਦ ਸਾਬਰਮਤੀ ਐਕਸਪ੍ਰੈਸ | ਚਿਰਗਾਂਵ | 21.09.2023 |
| 12581 ਬਨਾਰਸ-ਨਵੀਂ ਦਿੱਲੀ ਸੁਪਰਫਾਸਟ ਐਕਸਪ੍ਰੈਸ | ਟੂੰਡਲਾ | 24.09.2023 |
| 12582 ਨਵੀਂ ਦਿੱਲੀ- ਬਨਾਰਸ ਸੁਪਰਫਾਸਟ ਐਕਸਪ੍ਰੈਸ | ਟੂੰਡਲਾ | 24.09.2023 |
| 12875 ਪੁਰੀ-ਆਨੰਦ ਵਿਹਾਰ (ਟਰਮੀ.) ਨੀਲਾਂਚਲ ਐਕਸਪ੍ਰੈਸ | ਟੂੰਡਲਾ | 24.09.2023 |
| 12876 ਆਨੰਦ ਵਿਹਾਰ (ਟਰਮੀ.)-ਪੁਰੀ ਨੀਲਾਂਚਲ ਐਕਸਪ੍ਰੈਸ | ਟੂੰਡਲਾ | 24.09.2023 |
| 18477/18478 ਪੁਰੀ-ਯੋਗਨਗਰੀ ਰਿਸ਼ੀਕੇਸ਼=ਪੁਰੀ ਉਤਕਲ ਐਕਸਪ੍ਰੈਸ | ਬ੍ਰਜਰਾਜਨਗਰ | ਅਗਲੇ ਆਦੇਸ਼ ਤਕ |
| 18477/18478 ਪੁਰੀ-ਯੋਗਨਗਰੀ ਰਿਸ਼ੀਕੇਸ਼=ਪੁਰੀ ਉਤਕਲ ਐਕਸਪ੍ਰੈਸ | ਬੇਲਪਾਹਾੜ | ਅਗਲੇ ਆਦੇਸ਼ ਤਕ |
| 18477/18478 ਪੁਰੀ-ਯੋਗਨਗਰੀ ਰਿਸ਼ੀਕੇਸ਼=ਪੁਰੀ ਉਤਕਲ ਐਕਸਪ੍ਰੈਸ | ਚੰਦਿਯਾ ਰੋਡ | ਅਗਲੇ ਆਦੇਸ਼ ਤਕ |
| 15159/15160 ਛਪਰਾ-ਦੁਰਗ-ਛਪਰਾ ਸਾਰਨਾਥ ਐਕਸਪ੍ਰੈਸ | ਉਮਰਿਯਾ | ਅਗਲੇ ਆਦੇਸ਼ ਤਕ |
| 20807/20808 ਵਿਸ਼ਾਖਾਪਟਨਮ-ਅੰਮ੍ਰਿਤਸਰ-ਵਿਸ਼ਾਖਾਪਟਨਮ ਹੀਰਾਕੁੰਡ ਐਕਸਪ੍ਰੈਸ | ਬ੍ਰਜ਼ਾਰ | ਅਗਲੇ ਆਦੇਸ਼ ਤਕ |
| 15159/15160 ਛਪਰਾ-ਦੁਰਗ-ਛਪਰਾ ਸਾਰਨਾਥ ਐਕਸਪ੍ਰੈਸ | ਜੈਤਹਰੀ | ਅਗਲੇ ਆਦੇਸ਼ ਤਕ |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 'ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES ਐਪ ਵੇਖਣ।

ਰੇਲਮਦਦ ਵੈਬਸਾਈਟ ਵੇਖੋ : www.railmadad.indianrailways.gov.in ਰੇਲਮਦਦ ਐਪ ਡਾਊਨਲੋਡ ਕਰੋ

ਰੇਲਮਦਦ ਹੈਲਪਲਾਈਨ ਨੰ. 139 'ਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ ਤੁਹਾਡੀ ਸੁਵਿਧਾ - ਸਾਡਾ ਲਕਸ਼ 2918/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ ਸਾਨੂੰ www.nr.indianrailways.gov.in 'ਤੇ ਮਿਲੋ


# ਬੱਚੇਦਾਨੀ ਦੇ ਕੈਂਸਰ ਤੋਂ ਬਚਾਉਣ ਲਈ ਊਰਜਾ ਵੈੱਲਫੇਅਰ ਸੁਸਾਇਟੀ ਵੱਲੋਂ ਟੀਕਾਕਰਨ ਕੈਂਪ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਔਰਤਾਂ ਵਿੱਚ ਵੱਧ ਰਹੇ ਬੱਚੇਦਾਨੀ ਦੇ ਕੈਂਸਰ ਨੂੰ ਰੋਕਣ ਦੇ ਉਦੇਸ਼ ਨਾਲ ਉਰਜਾ ਵੈੱਲਫੇਅਰ ਸੁਸਾਇਟੀ ਵੱਲੋਂ ਸਰਵਾਈਕਲ ਕੈਂਸਰ ਟੀਕਾਕਰਨ ਕੈਂਪ ਲਗਾਇਆ ਗਿਆ, ਜਿਸ ਵਿੱਚ 15 ਤੋਂ 40 ਸਾਲ ਤੱਕ ਦੀਆਂ 15 ਔਰਤਾਂ ਨੂੰ ਪਹਿਲੀ ਖੁਰਾਕ ਦਿੱਤੀ ਗਈ। ਪ੍ਰਿੰਸੀਪਲ ਗੀਤਿਕਾ ਸੋਨੀ ਦੀ ਅਗਵਾਈ ਹੇਠ ਪੁਰਾਣੀ ਸਬਜ਼ੀ ਮੰਡੀ ਸਥਿਤ ਸਤਿਗੁਰੂ ਗਿਆਨੀ ਹਸਪਤਾਲ ਵਿਖੇ ਲਗਾਏ ਗਏ ਇਸ ਕੈਂਪ ਵਿੱਚ ਸਭ ਤੋਂ ਪਹਿਲਾਂ ਸਾਰਿਆਂ ਨੇ ਪ੍ਰਮਾਤਮਾ ਨੂੰ ਯਾਦ ਕਰਦਿਆਂ ਅਰਦਾਸ ਕੀਤੀ ਤੇ ਸਮੂਹ ਬੀਬੀਆਂ ਦੀ ਤੰਦਰੁਸਤੀ ਦੀ ਕਾਮਨਾ ਕੀਤੀ। ਡਾ. ਸਰਬਜੀਤ ਦਿਉੜਾ ਨੇ ਦੱਸਿਆ ਕਿ ਇਸ ਸਮੇਂ ਔਰਤਾਂ ਦੀ ਬੱਚੇਦਾਨੀ ਵਿੱਚ ਕੈਂਸਰ ਦੇ ਜ਼ਿਆਦਾ ਮਾਮਲੇ ਸਾਹਮਣੇ ਆ ਰਹੇ ਹਨ।ਪਹਿਲੀ ਵਾਰ ਫ਼ਿਰੋਜ਼ਪੁਰ ਵਿੱਚ ਕਿਸੇ ਸੰਸਥਾ ਵੱਲੋਂ ਔਰਤਾਂ ਨੂੰ ਇਸ ਅਣਚਾਹੇ ਰੋਗ ਤੋਂ ਬਚਾਉਣ ਲਈ ਉਰਜਾ ਵੈੱਲਫੇਅਰ ਸੁਸਾਇਟੀ ਵੱਲੋਂ ਔਰਤਾਂ ਦੀ ਭਲਾਈ ਲਈ ਅਜਿਹਾ ਉਪਰਾਲਾ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਇੱਕ ਔਰਤ ਨੂੰ ਤਿੰਨ ਖੁਰਾਕਾਂ ਦਿੱਤੀਆਂ ਜਾਣਗੀਆਂ। ਪਹਿਲੀ ਖੁਰਾਕ ਤੋਂ ਬਾਅਦ, ਦੂਜੀ ਖੁਰਾਕ ਇੱਕ ਮਹੀਨੇ ਬਾਅਦ ਤੇ ਤੀਜੀ ਖੁਰਾਕ ਛੇ ਮਹੀਨਿਆਂ ਬਾਅਦ ਦਿੱਤੀ ਜਾਵੇਗੀ। ਪ੍ਰਧਾਨ ਰਿਤਿਕਾ ਸੋਨੀ ਤੇ ਮੀਤ ਪ੍ਰਧਾਨ ਮੀਨਾਕਸ਼ੀ ਮਿੱਤਲ ਨੇ ਦੱਸਿਆ ਕਿ ਉਨ੍ਹਾਂ ਨੇ ਸ਼ੁਰੂਆਤੀ ਦੌਰ ਵਿੱਚ ਨੌਜਵਾਨ ਲੜਕੀਆਂ ਨੂੰ ਇਹ ਖੁਰਾਕ ਦਿੱਤੀ ਹੈ ਤਾਂ ਜੋ ਭਵਿੱਖ ਵਿੱਚ ਉਨ੍ਹਾਂ ਨੂੰ ਅਜਿਹੀ ਭਿਆਨਕ ਬਿਮਾਰੀ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਦੱਸਿਆ ਕਿ ਸੰਸਥਾ ਦੀ ਸਥਾਪਨਾ ਔਰਤਾਂ ਦੀ ਭਲਾਈ ਲਈ ਕੀਤੀ ਗਈ ਸੀ।ਇਸ ਤੋਂ ਪਹਿਲਾਂ ਵੀ ਸੰਸਥਾ ਵੱਲੋਂ ਅੱਖਾਂ ਦੇ ਚੈੱਕਅੱਪ ਤੇ ਅਪ੍ਰੇਸ਼ਨ ਕੈਂਪਾਂ ਤੋਂ ਇਲਾਵਾ ਰੁੱਖ ਲਗਾਉਣ ਦੀ ਮੁਹਿੰਮ ਸਮੇਤ ਹੋਰ ਪ੍ਰੋਜੈਕਟ ਚਲਾਏ ਜਾ ਚੁੱਕੇ ਹਨ।ਇਸ ਮੌਕੇ ਪੂਜਾ ਮਿੱਤਲ, ਡਾ. ਸ਼ਵੇਤਾ, ਸੰਜਨਾ ਮਿੱਤਲ, ਰਿਚਾ ਮਿੱਤਲ, ਪ੍ਰਾਚੀ ਮਿੱਤਲ, ਮੀਨਾ ਗੁਪਤਾ, ਤਰੁਣਾ, ਸਰਿਤਾ, ਰਜਨੀ, ਰਾਧਿਕਾ, ਦੀਪਸ਼ਿਖਾ ਆਦਿ ਹਾਜ਼ਰ ਸਨ।




# ਮਹਾਰਾਜਾ ਰਣਜੀਤ ਸਿੰਘ ਕਾਲਜ ਬਣਿਆ ਅਥਲੈਟਿਕ ਚੈਂਪੀਅਨ

■ ਬਲਾਕ ਪੱਧਰੀ ਮੁਕਾਬਲਿਆਂ 'ਚ ਓਵਰਆਲ ਟਰਾਫ਼ੀ ਦਾ ਖਿਤਾਬ ਹਾਸਲ

**ਮਲੋਟ (ਗੁਰਮੀਤ ਸਿੰਘ ਮੱਕੜ)**



ਮਹਾਰਾਜਾ ਰਣਜੀਤ ਸਿੰਘ ਕਾਲਜ ਦੇ ਵਿਦਿਆਰਥੀਆਂ ਨੇ ਖੇਡਾਂ ਵਤਨ ਪੰਜਾਬ ਦੀਆਂ ਦੇ ਈਨਾਖੇੜਾ ਵਿਖੇ ਹੋਏ ਬਲਾਕ ਪੱਧਰੀ ਮੁਕਾਬਲਿਆਂ ਵਿੱਚ ਹਿੱਸਾ ਲਿਆ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਅੰਡਰ-21 ਲੜਕੇ ਤੇ ਲੜਕੀਆਂ ਦੇ ਐਥਲੈਟਿਕਸ ਮੁਕਾਬਲਿਆਂ ਵਿੱਚ ਕਾਲਜ ਨੇ ਓਵਰਆਲ ਚੈਂਪੀਅਨ ਦਾ ਖਿਤਾਬ ਹਾਸਲ ਕੀਤਾ ਹੈ। ਸਰਕਲ ਸਟਾਈਲ ਕਬੱਡੀ 21-30 ਸਾਲ ਉਮਰ ਵਰਗ ਵਿਚ ਲੜਕੀਆਂ ਨੇ ਪਹਿਲਾ ਸਥਾਨ, ਵਾਲੀਵਾਲ ਸਮੈਸ਼ਿੰਗ 21-30 ਸਾਲ ਉਮਰ ਵਰਗ ਵਿਚ ਤੀਜਾ ਸਥਾਨ ਅਤੇ ਸਰਕਲ ਸਟਾਈਲ ਕਬੱਡੀ ਅੰਡਰ-21 ਸਾਲ ਵਿਚ ਤੀਜਾ ਸਥਾਨ ਹਾਸਿਲ ਕੀਤਾ। ਇਸ ਦੇ ਨਾਲ ਹੀ ਜਸ਼ਨਦੀਪ ਕੌਰ ਨੇ 100 ਮੀਟਰ ਵਿੱਚ ਪਹਿਲਾ, 400 ਮੀਟਰ ਵਿਚ ਪਹਿਲਾ, ਗੋਰਾ ਬਾਈ ਨੇ 100 ਮੀਟਰ ਵਿਚ ਤੀਜਾ, ਭਾਵਨਾ ਕੁਮਾਰੀ ਨੇ 200 ਮੀਟਰ ਵਿਚ ਦੂਜਾ, ਗਗਨਦੀਪ ਕੌਰ ਨੇ 1500 ਮੀਟਰ ਵਿਚ ਪਹਿਲਾ ਤੇ 800 ਮੀਟਰ ਵਿਚ ਤੀਜਾ, ਕੋਮਲ ਨੇ 200 ਮੀਟਰ ਵਿਚ ਪਹਿਲਾ ਤੇ 800 ਮੀਟਰ ਵਿਚ ਵੀ ਪਹਿਲਾ ਸਥਾਨ ਹਾਸਿਲ ਕੀਤਾ। ਗੋਲਾ ਸੁੱਟਣ ਵਿਚ ਲਖਵਿੰਦਰ ਕੌਰ ਨੇ ਪਹਿਲਾ ਅਤੇ ਬਲਜੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ ਮੁਕਾਬਲਿਆਂ ਵਿਚ 21-30 ਸਾਲ ਉਮਰ ਵਰਗ ਵਿਚ ਅਮਰਜੀਤ ਸਿੰਘ ਨੇ 100 ਮੀਟਰ ਵਿਚ ਪਹਿਲਾ ਤੇ ਲੰਬੀ ਛਾਲ ਵਿਚ ਦੂਜਾ ਸਥਾਨ, ਜੋਬਨ ਸਿੰਘ ਨੇ ਗੋਲਾ ਸੁੱਟਣ ਵਿਚ, ਅੰਕੁਸ਼ ਨੇ ਦੂਜਾ ਅਤੇ ਅਰਸ਼ਪ੍ਰੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਰਾਹੁਲ ਨੇ 200 ਮੀਟਰ ਵਿਚ ਪਹਿਲਾ ਸਥਾਨ ਹਾਸਿਲ ਕੀਤਾ। ਕਾਲਜ ਦੇ ਖੇਡ ਵਿੰਗ ਦੇ ਇੰਚਾਰਜ ਸਟੇਟ ਐਵਾਰਡੀ ਜੋਗਿੰਦਰ ਸਿੰਘ ਨੇ 56-64 ਸਾਲ ਉਮਰ ਵਰਗ ਮੁਕਾਬਲਿਆਂ ਵਿਚ 800 ਮੀਟਰ ਵਿਚ ਦੂਜਾ ਅਤੇ 3000 ਮੀਟਰ ਵਾਕ ਵਿਚ ਪਹਿਲਾ ਸਥਾਨ ਹਾਸਿਲ ਕੀਤਾ।

ਕਾਲਜ ਮੈਨੇਜਮੈਂਟ ਦੇ ਚੇਅਰਮੈਨ ਮਨਦੀਪ ਸਿੰਘ ਬਰਾੜ, ਜਰਨਲ ਸਕੱਤਰ ਲਖਵਿੰਦਰ ਸਿੰਘ ਰੋਹੀਵਾਲਾ, ਸਕੱਤਰ ਪਿਰਤਪਾਲ ਸਿੰਘ ਗਿੱਲ, ਖ਼ਜ਼ਾਨਚੀ ਦਲਜਿੰਦਰ ਸਿੰਘ ਸੰਧੂ, ਪ੍ਰਿੰਸੀਪਲ ਡਾ. ਰਜਿੰਦਰ ਸਿੰਘ ਸੇਖੋਂ ਵਲੋਂ ਇੰਚਾਰਜ ਜੋਗਿੰਦਰ ਸਿੰਘ ਅਤੇ ਖਿਡਾਰੀਆਂ ਨੂੰ ਕਾਲਜ ਪਹੁੰਚਣ 'ਤੇ ਸਨਮਾਨਿਤ ਕੀਤਾ ਗਿਆ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

20-Sep-PAGE- 8 qxd.qxd 9/19/2023 10:37 PM Page 1



# ਸੂਬੇ ਦੀ ਸਿੱਖਿਆ ਪ੍ਰਣਾਲੀ ’ਚ ਕੀਤੇ ਜਾ ਰਹੇ ਨੇ ਕ੍ਰਾਂਤੀਕਾਰੀ ਸੁਧਾਰ : ਜਿੰਪਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸਿੱਖਿਆ ਪ੍ਰਣਾਲੀ ਵਿਚ ਕ੍ਰਾਂਤੀਕਾਰੀ ਸੁਧਾਰ ਕਰਨ ਲਈ ਸਖਤ ਮਿਹਨਤ ਦੇ ਨਾਲ ਜੁੱਟੀ ਹੋਈ ਹੈ। ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦ ਸਿੱਖਿਆ ਦੇ ਖੇਤਰ ਵਿਚ ਪੰਜਾਬ, ਦੇਸ਼ ਦਾ ਮੋਹਰੀ ਸੂਬਾ ਹੋਵੇਗਾ। ਉਹ ਸਥਾਨਕ ਸਰਕਾਰੀ ਐਲੀਮੈਂਟਰੀ ਸਕੂਲ ਅਤੇ ਜ਼ਿਲ੍ਹਾ ਸਪੈਸ਼ਲ ਰਿਸੋਰਸ ਸੈਂਟਰ (ਡੀ.ਐਸ.ਆਰ.ਸੀ) ਰੇਲਵੇ ਮੰਡੀ ਵਿਚ ਵਰਧਮਾਨ ਯਾਰਨਜ਼ ਐਂਡ ਥਰੈਡਜ਼ ਲਿਮਟਿਡ ਵਲੋਂ ਸੀ.ਐਸ.ਆਰ ਦੀ ਪਹਿਲਕਦਮੀ ਤਹਿਤ ਕਰਵਾਏ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਵਰਧਮਾਨ ਗਰੁੱਪ ਦੇ ਪ੍ਰਧਾਨ ਅਤੇ ਡਾਇਰੈਕਟਰ ਇੰਚਾਰਜ ਆਈ.ਜੇ.ਐਮ.ਐਸ. ਸਿੱਧੂ ਅਤੇ ਡਾਇਰੈਕਟਰ ਵਿੱਤ ਤੇ ਪ੍ਰਸ਼ਾਸਨ ਤਰੁਣ ਚਾਵਲਾ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਵਰਧਮਾਨ ਗਰੁੱਪ ਨੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਤਹਿਤ ਕਰੀਬ 42 ਲੱਖ ਰੁਪਏ ਦੀ ਲਾਗਤ ਨਾਲ ਕਲਾਸ ਰੂਮ, ਬਰਾਂਡਾ, ਟਾਇਲਟ ਬਲਾਕ, ਵਾਟਰ ਕੂਲਰ ਅਤੇ ਸਕੂਲ ਦੇ ਵਿਹੜੇ ਵਿਚ ਪੇਵਰ ਬਲਾਕ ਦਾ ਕੰਮ ਕਰਵਾਇਆ, ਜੋ ਕਿ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਉਨ੍ਹਾਂ ਕਿਹਾ ਕਿ ਵਰਧਮਾਨ ਗਰੁੱਪ ਹਮੇਸ਼ਾ ਹੀ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਣ ਵਿਚ ਅੱਗੇ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਕੂਲ ਦੇ ਪ੍ਰਾਇਮਰੀ ਬਲਾਕ ਅਤੇ ਸਪੈਸ਼ਲ ਬੱਚਿਆਂ ਦੇ ਰਿਸੋਰਸ ਸੈਂਟਰ ਵਿਚ ਅਧਿਆਪਕ ਬਹੁਤ ਵਧੀਆ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਖੇਤਰ ਨੂੰ ਬੜ੍ਹਾਵਾ ਦੇਣਾ ਪੰਜਾਬ ਸਰਕਾਰ ਦੀ ਮੁੱਖ ਤਰਜੀਹਾਂ ਵਿਚੋਂ ਇਕ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਸਕੂਲ ਆਫ਼ ਐਮੀਨੈਂਸ ਦੀ ਸ਼ੁਰੂਆਤ ਹੋ ਚੁੱਕੀ ਹੈ। ਸੂਬਾ ਸਰਕਾਰ ਦੇ ਇਸ ਉਪਰਾਲੇ ਨਾਲ ਵਿਦਿਆਰਥੀਆਂ ਖਾਸ ਕਰਕੇ ਗਰੀਬ ਅਤੇ ਪੱਛੜੇ ਵਰਗ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜਲਦ ਹੀ ਇਨ੍ਹਾਂ ਸਕੂਲਾਂ ਤੋਂ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀ ਹਰ ਖੇਤਰ ਵਿਚ ਵੱਡੀਆਂ ਉਪਲਬੱਧੀਆਂ ਹਾਸਲ ਕਰਨਗੇ ਅਤੇ ਸੂਬੇ ਦਾ ਨਾਮ ਰੌਸ਼ਨ ਕਰਨਗੇ।

ਇਸ ਮੌਕੇ ਕੌਂਸਲਰ ਮੋਨਿਕਾ ਕਤਨਾ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਖਵਿੰਦਰ ਸਿੰਘ, ਸਰਕਾਰੀ ਕੰਨਿਆ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਰੇਲਵੇ ਮੰਡੀ ਦੇ ਪ੍ਰਿੰਸੀਪਲ ਲਲਿਤਾ ਰਾਣੀ, ਸੀ.ਐਚ.ਟੀ ਆਰਤੀ ਰਾਣਾ, ਵੰਦਨਾ, ਪੂਨਮ, ਨਿਧੀ, ਤਜਿੰਦਰ, ਰੁਪਿੰਦਰ, ਮੋਨਿਕਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਗ੍ਰਾਮੀਣ ਲੋਕਾਂ ਦੇ ਜੀਵਨ ਨੂੰ ਬਦਲਣ ਲਈ ਬਲਾਕ ਉਥਾਨ ਪ੍ਰੋਗਰਾਮ ਸ਼ੁਰੂ : ਸੰਜੀਵ ਕੌਸ਼ਲ

**ਚੰਡੀਗੜ੍ਹ (ਕ੍ਰਿਸ਼ਨ ਗਰਗ)** - ਹਰਿਆਣਾ ਸਰਕਾਰ ਪੂਰੇ ਸੂਬੇ ਦੇ ਅਵਿਕਸਿਤ ਬਲਾਕਾਂ ਵਿਚ ਰਹਿਣ ਵਾਲੇ ਲੋਕਾਂ ਦੇ ਜੀਵਨ ਪੱਧਰ ਵਿਚ ਸੁਧਾਰ ਲਿਆਉਣ ਦੇ ਉਦੇਸ਼ ਨਾਲ ਬਲਾਕ ਉਥਾਨ ਪ੍ਰੋਗ੍ਰਾਮ (ਬੀਯੂਪੀ) ਦੀ ਸ਼ੁਰੂਆਤ ਕਰਨ ਜਾ ਰਹੀ ਹੈ। ਪਹਿਲੇ ਪੜਾਅ ਵਿਚ ਅਕਤੂਬਰ ਵਿਚ ਸ਼ੁਰੂ ਹੋਣ ਵਾਲੇ 22 ਅਵਿਕਸਿਤ ਬਲਾਕਾਂ ਨੂੰ ਕਵਰ ਕੀਤਾ ਜਾਵੇਗਾ, ਜਿਸ ਵਿਚ ਹਰੇਕ ਜਿਲ੍ਹੇ ਤੋਂ ਇਕ ਬਲਾਕ ਦਾ ਚੋਣ ਕੀਤਾ ਜਾਵੇਗਾ। ਬਲਾਕ ਉਥਾਨ ਪ੍ਰੋਗ੍ਰਾਮ ਦੇ ਲਾਗੂ ਕਰਨ ਦੀ ਸਮੀਖਿਆ ਕਰਦੇ ਹੋਏ ਮੁੱਖ ਸਕੱਤਰ ਸ੍ਰੀ ਸੰਜੀਵ ਕੌਸ਼ਲ ਨੇ ਕਿਹਾ ਕਿ ਖੇਤੀਬਾੜੀ ਅਤੇ ਸਿੰਚਾਈ, ਸਮਾਨਤਾ ਅਤੇ ਗਬੀਬੀ ਉਨਮੂਲਨ, ਮਜਬੂਤੀਕਰਣ, ਸਿਖਿਆ ਅਤੇ ਕੌਸ਼ਲ, ਸਮਾਜਿਕ ਵਿਕਾਸ, ਸਿਹਤ ਅਤੇ ਪੋਸ਼ਣ, ਬੁਨਿਆਦੀ ਢਾਂਚਾ ਅਤੇ ਸ਼ਾਸਨ, ਊਰਜਾ ਪ੍ਰਬੰਧਨ ਅਤੇ ਜਲ ਅਤੇ ਸਵੱਛਤਾ ਸਮੇਤ ਵੱਖ-ਵੱਖ ਖੇਤਰਾਂ ਵਿਚ 9 ਪ੍ਰਮੁੱਖ ਪ੍ਰਦਰਸ਼ਨ ਸਕੇਂਤਕ (ਕੇਪੀਆਈ) ਦੀ ਪਹਿਚਾਣ ਕੀਤੀ ਗਈ ਹੈ। ਕੌਸ਼ਲ ਨੇ ਸਾਰੇ ਦਫਤਰਾਂ ਨੂੰ ਬੇਸਲਾਇਨ ਮੁਲਾਂਕਨ ਲਈ 30 ਸਤੰਬਰ ਤਕ ਸਾਰੇ 143 ਬਲਾਕਾਂ ਦੇ ਲਈ ਉਨ੍ਹਾਂ ਦੇ ਢੁਕਵੇਂ ਸੰਕੇਤਕ ਅਨੁਸਾਰ ਡੇਟਾ ਜਮ੍ਹਾ ਕਰਨ ਦੇ ਨਿਰਦੇਸ਼ ਦਿੱਤਾ। ਉਨ੍ਹਾਂ ਨੇ ਕਿਹਾ ਕਿ ਬੀਯੂਪੀ ਇਕ ਮਜਬੂਤ ਅਤੇ ਮਹਤੱਵਪੂਰਨ ਪਹਿਲ ਹੈ ਅਤੇ ਸਰਕਾਰ ਪ੍ਰੋਗ੍ਰਾਮ ਦੀ ਸਫਲਤਾ ਯਕੀਨੀ ਕਰਨ ਅਤੇ ਇਸ ਦੇ ਲਾਗੂ ਕਰਨ ਤੋਂ ਸਾਰੇ ਗ੍ਰਾਮੀਣ ਲੋਕਾਂ ਨੂੰ ਲਾਭ ਯਕੀਨੀ ਕਰਨ ਲਈ ਸਥਾਨਕ ਸਮੂਦਾਇਆਂ ਅਤੇ ਹਿੱਤਧਾਰਕਾਂ ਦੇ ਨਾਲ ਕੰਮ ਕਰਨ ਲਈ ਪ੍ਰਤੀਬੱਧ ਹੈ। ਉਨ੍ਹਾਂ ਨੇ ਸਮੇਂ ’ਤੇ ਨਿਗਰਾਨੀ ਕਰਨ ਅਤੇ ਸਾਰੇ ਪਹਿਲੂਆਂ ਨੂੰ ਧਿਆਨ ਵਿਚ ਰੱਖਦੇ ਹੋਏ ਲਾਭ ਪ੍ਰਦਾਨ ਕਰਨਾ ਯਕੀਨੀ ਕਰਨ ਦੀ ਜਰੂਰਤ ’ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਪੂਰੇ ਸੂਬੇ ਵਿਚ ਗ੍ਰਾਮੀਣ ਖੇਤਰਾਂ ਵਿਚ ਵਿਆਪਕ ਪੱਧਰ ‘ਤੇ ਵਿਕਾਸ ਕਰਨ ਅਤੇ ਲੋਕਾਂ ਦੇ ਜੀਵਨ ਵਿਚ ਬਦਲਾਅ ਕਰਨ ਲਈ ਇਸ ਪ੍ਰੋਗ੍ਰਾਮ ਦੇ ਪਹਿਲੇ ਪੜਾਅ ਵਿਚ 22 ਬਲਾਕਾਂ ਦੇ ਖੇਤੀਬਾੜੀ ਅਤੇ ਸਿੰਚਾਈ,ਸਿਖਿਆਅਤੇ ਨਿਪੁੰਣਤਾ, ਸਮਾਨਤਾ ਅਤੇ ਮਜਬੂਤੀਕਰਣ, ਏਨਰਜੀ ਪ੍ਰਬੰਧਨ, ਸਿਹਤ ਅਤੇ ਪੋਸ਼ਨ, ਬੁਨਿਆਦੀ ਢਾਂਚਾ ਅਤੇ ਸੁਸਾਸ਼ਨ, ਗਰੀਬੀ ਉਨਮੂਲਨ, ਸਮਾਜਿਕ ਵਿਕਾਸ ਅਤੇ ਜਲ ਅਤੇ ਸਵੱਛਤਾ ਸਮੇਤ 9 ਬਿੰਦੂਆਂ ’ਤੇ ਮੁੱਖ ਫੋਕਸ ਕੀਤਾ ਜਾਵੇਗਾ।

# ਸੰਸਥਾ ‘ਇਨਸਾਨੀਅਤ ਪਹਿਲਾਂ’ ਵੱਲੋਂ ਖਿਡਾਰੀਆਂ ਨੂੰ ਫੁੱਟਬਾਲ ਕਿੱਟਾਂ ਭੇਂਟ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਸੰਸਥਾ ‘ਇਨਸਾਨੀਅਤ ਪਹਿਲਾਂ’ ਵੱਲੋਂ ਨੂਰਪੁਰਬੇਦੀ ਦੇ ਨੌਜਵਾਨਾਂ ਦੀ ਖੇਡਾਂ ਪ੍ਰਤੀ ਰੁਚੀ ਵਧਾਉਣ ਲਈ ਫੁੱਟਬਾਲ ਕਿੱਟਾਂ ਪ੍ਰਦਾਨ ਕੀਤੀਆਂ ਗਈਆਂ । ਇਸ ਮੌਕੇ ਸੰਸਥਾ ਦੀ ਤਰਫੋਂ ਪਹੁੰਚੇ ਭਾਜਪਾ ਮੰਡਲ ਨੂਰਪੁਰਬੇਦੀ ਦੇ ਪ੍ਰਧਾਨ ਡਾ. ਕੁਲਭੂਸ਼ਣ ਚੰਦਰ ਸ਼ਾਰਦਾ ਨੇ ਨੌਜਵਾਨਾਂ ਨੂੰ ਉਕਤ ਖੇਡ ਕਿੱਟਾਂ ਵੰਡੀਆਂ। ਡਾ. ਸ਼ਾਰਦਾ ਨੇ ਆਖਿਆ ਕਿ ਸੰਸਥਾ ਦੇ ਮੁੱਖੀ ਜ਼ਿਲ੍ਹਾ ਭਾਜਪਾ ਪ੍ਰਧਾਨ ਅਜੇਵੀਰ ਸਿੰਘ ਲਾਲਪੁਰਾ ਅਤੇ ਸਰਪ੍ਰਸਤ ਕੌਮੀ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਇਕਬਾਲ ਸਿੰਘ ਲਾਲਪੁਰਾ ਦੀ ਅਗਵਾਈ ਹੇਠ ਇਨਸਾਨੀਅਤ ਪਹਿਲਾਂ ਸੰਸਥਾ ਵੱਲੋਂ ਸਮਾਜਿਕ ਖੇਤਰ ‘ਚ ਯੋਗਦਾਨ ਪਾਉਣ ਦੇ ਨਾਲ-ਨਾਲ ਖੇਡਾਂ ਨੂੰ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਜਿਸ ਤਹਿਤ ਵੱਖ-ਵੱਖ ਪਿੰਡਾਂ ’ਚ ਪਹੁੰਚ ਕੇ ਨੌਜਵਾਨਾਂ ਨੂੰ ਖੇਡ ਸਮੱਗਰੀ ਵੰਡੀ ਜਾ ਰਹੀ ਹੈ। ਸੰਸਥਾ ਵੱਲੋਂ ਹੋਰਨਾਂ ਖੇਡ ਕਲੱਬਾਂ ਨੂੰ ਵੀ ਖੇਡ ਸਮੱਗਰੀ ਮੁਹੱਈਆ ਕਰਵਾਈ ਜਾਵੇਗੀ। ਖਿਡਾਰੀਆਂ ਤੇ ਪਿੰਡ ਵਾਸੀਆਂ ਨੇ ਡਾ. ਸ਼ਾਰਦਾ ਅਤੇ ਸੰਸਥਾ ਦਾ ਧੰਨਵਾਦ ਕਰਦਿਆਂ ਉਨ੍ਹਾਂ ਦਾ ਸਨਮਾਨ ਕੀਤਾ। ਇਸ ਮੌਕੇ ਗੌਰੂ ਸੈਣੀ, ਅੰਸ਼ੂ, ਨਿਖਿਲ, ਸਾਗਰ, ਕਾਰਤਿਕ, ਸ਼ਿਵ ਸੈਣੀ, ਨਰੇਸ ਸੈਣੀ, ਗੌਤਮ ਅਤੇ ਮਿੱਠੂ ਸਹਿਤ ਹੋਰ ਖਿਡਾਰੀ ਹਾਜਰ ਸਨ।

## ਦਿਨ ਦਿਹਾੜੇ ਦੁਸਾਂਝ ਕਲਾਂ ’ਚ ਹੋਈ ਲੁੱਟ-ਖੋਹ



**ਅੱਪਰਾ (ਨਿਰਮਲ ਗੁੜਾ)**-ਪੁਲਿਸ ਚੌਕੀ ਦੁਸਾਂਝ ਕਲਾਂ ਇਲਾਕੇ ਵਿੱਚ ਲੁੱਟਾਂ ਖੋਹਾਂ ਦੀਆਂ ਘਟਨਾਵਾਂ ਰੁਕਣ ਦੀ ਥਾਂ ਵਧਦੀਆਂ ਹੀ ਜਾ ਰਹੀਆਂ ਹਨ। ਇਨ੍ਹਾਂ ਵਾਰਦਾਤਾਂ ਵਿੱਚ ਉਦੋਂ ਹੋਰ ਵੀ ਵਾਧਾ ਹੋ ਗਿਆ ਜਦੋਂ ਦਿਨ ਦਿਹਾੜੇ ਦੁਸਾਂਝ ਕਲਾਂ ਅੱਡੇ ਦੇ ਨੇੜੇ ਇਕ ਲੁਟੇਰਾ ਬਜ਼ੁਰਗ ਔਰਤ ਦੀਆਂ ਕੰਨਾਂ ਦੀਆਂ ਵਾਲ਼ੀਆਂ ਧੂਹ ਕੇ ਫਰਾਰ ਹੋ ਗਿਆ। ਘਟਨਾ ਦੀ ਜਾਣਕਾਰੀ ਦਿੰਦਿਆਂ ਪੀੜਤ ਗਿਆਨ ਕੌਰ ਪਤਨੀ ਅਮਰੀਕ ਸਿੰਘ ਵਾਸੀ ਦੁਸਾਂਝ ਕਲਾਂ ਨੇ ਦੱਸਿਆ ਕਿ ਉਹ ਬੱਸ ਅੱਡਾ ਦੁਸਾਂਝ ਕਲਾਂ ਬੱਸ ਤੋਂ ਉਤਰ ਕੇ ਬਾਹਰਲੀ ਅਬਾਦੀ ਘਰ ਨੂੰ ਆ ਰਹੀ ਸੀ ਕਿ ਪਿੱਛਿਓਂ ਆ ਕੇ ਇਕ ਬਿਨਾਂ ਨੰਬਰ ਪਲੇਟ ਮੋਟਰਸਾਈਕਲ ਸਵਾਰ ਲੁਟੇਰਾ ਕੰਨਾਂ ਦੀਆਂ ਵਾਲ਼ੀਆਂ ਧੂਹ ਕੇ ਫਰਾਰ ਹੋ ਗਿਆ। ਪੀੜਤ ਨੇ ਦੱਸਿਆ ਕਿ ਲੁਟੇਰੇ ਨੇ ਹੈਲਮਟ ਪਹਿਨਿਆ ਹੋਇਆ ਸੀ । ਘਟਨਾ ਦੀ ਜਾਣਕਾਰੀ ਪੁਲਿਸ ਚੌਕੀ ਦੁਸਾਂਝ ਕਲਾਂ ਨੂੰ ਦੇ ਦਿੱਤੀ ਹੈ।

## ਸੁਭਾਸ਼ ਬਰਾਲਾ ਨੇ ਸਾਈਕਲ ਚਲਾ ਕੇ ਦਿੱਤਾ ਨਸ਼ਾ ਮੁਕਤ ਹਰਿਆਣਾ ਜਾਗਰੂਕਤਾ ਦਾ ਸੰਦੇਸ਼

**ਚੰਡੀਗੜ੍ਹ, ( ਕ੍ਰਿਸ਼ਨ ਗਰਗ )** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਬਨਾਉਣ ਦੇ ਟੀਚੇ ਨਾਲ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਹਰਿਆਣਾ ਉਦੈ ਪ੍ਰੋਗ੍ਰਾਮ ਦੀ ਲੜੀ ਦੇ ਤਹਿਤ ਸਾਈਕਲੋਥੋਨ ਯਾਤਰਾ ਟੋਹਾਨਾ ਖੇਤਰ ਦੇ ਪਿੰਡ ਚੰਦੜ ਕਲਾਂ ਪਹੁਚੀ। ਇੱਥੇ ਹਰਿਆਣਾ ਪਬਲਿਕ ਇੰਟਰਪ੍ਰਾਈਸਿਸ ਬਿਉਰੋ ਦੇ ਚੇਅਰਮੈਨ ਸੁਭਾਸ਼ ਬਰਾਲਾ ਨੇ ਵਧੀਕ ਡਿਪਟੀ ਕਮਿਸ਼ਨਰ ਡਾ. ਬ੍ਰਹਮਜੋਤ ਸਿੰਘ ਰਾਗੀ, ਏਸਡੀਏਮ ਪ੍ਰਤੀਕ ਹੁਡਾ ਤੇ ਪ੍ਰਸਾਸ਼ਨਿਕ ਅਧਿਕਾਰੀਆਂ ਦੇ ਨਾਲ ਯਾਤਰਾ ਦਾ ਸ਼ਾਨਦਾਰ ਸਵਾਗਤ ਕੀਤਾ। ਦਸ਼ਮੇਸ਼ ਨਗਰ ਸਥਿਤ ਧੰਨ-ਧੰਨ ਬਾਬਾ ਬੁੱਢਾ ਸਾਹਿਬ ਗੁਰੂਦੁਆਰਾ ਵਿਚ ਸਾਈਕਲ ਯਾਤਰਾ ਦੇ ਪ੍ਰਤੀਭਾਗੀਆਂ ਨੂੰ ਫੁੱਲ ਮਾਲਾਵਾਂ ਪਹਿਨਾ ਕੇ ਉਨ੍ਹਾਂ ਦਾ ਉਤਸ਼ਾਹ ਵਧਾਇਆ।

ਬਰਾਲਾ ਨੇ ਭਾਰਤ ਮਾਤਾ ਦੇ ਜੈਕਾਰਿਆਂ ਨਾਲ ਚੰਦੜ ਕਲਾਂ ਤੋਂ ਪ੍ਰਤੀਭਾਗੀਆਂ ਦੇ ਨਾਲ ਲਗਭਗ 10 ਕਿਲੋਮੀਟਰ ਸਾਈਕਲ ਚਲਾ ਕੇ ਜਨ-ਜਨ ਨੂੰ ਨਸ਼ਾ ਮੁਕਤ ਹਰਿਆਣਾ ਬਨਾਉਣ ਦਾ ਜਾਗਰੂਕਤਾ ਸੰਦੇਸ਼ ਦਿੱਤਾ। ਸ਼ਾਹੀ ਬਾਘ ਪੈਲੇਸ ਵਿਚ ਆਪਣੇ ਸੰਬੋਧਨ ਵਿਚ ਨੌਜੁਆਨਾਂ ਤੋਂ ਨਸ਼ਾ ਮੁਕਤੀ ਦੇ ਖਿਲਾਫ ਇਕਜੁੱਟ ਯਤਨਾਂ ਦੀ ਅਪੀਲ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਮਨੋਹਰ ਲਾਲ ਨੇ ਯੁਵਾ ਪੀੜੀ ਨੂੰ ਨਸ਼ੇ ਤੋਂ ਸੁਰੱਖਿਅਤ ਰੱਖਣ ਲਈ ਵਿਸ਼ੇਸ਼ ਮੁਹਿੰਮ ਚਲਾਈ ਹੈ।

ਸਾਨੂੰ ਸਾਰਿਆਂ ਨੂੰ ਮੁਹਿੰਮ ਦਾ ਹਿੱਸਾ ਬਣ ਕੇ ਨਸ਼ੇ ਨੂੰ ਜੜ ਤੋਂ ਖਤਮ ਕਰਨ ਦਾ ਸੰਕਲਪ ਲੈ ਕੇ ਦੇਸ਼ ਸੂਬੇ ਦੇ ਵਿਕਾਸ ਵਿਚ ਸਰਗਰਮ ਯੋਗਦਾਨ ਦੇਣਾ ਚਾਹੀਦਾ ਹੈ।ਇਸ ਦੌਰਾਨ ਵੱਖ-ਵੱਖ ਸਥਾਨਾਂ ’ਤੇ ਨੌਜੁਆਨਾਂ ਅਤੇ ਵਿਦਿਆਰਥੀਆਂ ਨੇ ਸਾਈਕਲ ’ਤੇ ਸਵਾਰ ਹੋ ਕੇ ਰੈਲੀ ਵਿਚ ਹਿੱਸਾ ਲਿਆ।

# ਕਪੂਰਥਲਾ ਪੁਲਸ ਦੀ ਨਸ਼ਿਆਂ ਖਿਲਾਫ਼ ਵੱਡੀ ਕਾਰਵਾਈ



**ਕਪੂਰਥਲਾ/ਸੁਭਾਨਪੁਰ ( ਰਾਵਿੰਦਰ ਸਿੰਘ, ਹਰਮੇਸ਼ ਦੱਤ)** ਡੀ.ਜੀ.ਪੀ ਗੌਰਵ ਯਾਦਵ ਦੇ ਨਿਰਦੇਸ਼ਾਂ ’ਤੇ ਪੰਜਾਬ ਪੁਲਸ ਵਲੋਂ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ ਤਹਿਤ ਕਪੂਰਥਲਾ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ ਅੱਜ ਸੁਭਾਨਪੁਰ ਖੇਤਰ ’ਚ 6 ਕਿੱਲੋ ਹੈਰੋਇਨ ਅਤੇ 7 ਲੱਖ ਰੁਪਏ ਡਰੱਗ ਮਨੀ ਸਮੇਤ 5 ਨਸ਼ਾ ਸਮਗਲਰਾਂ ਨੂੰ ਕਾਬੂ ਕੀਤਾ ਹੈ। ਐਸ.ਐਸ.ਪੀ. ਰਾਜਪਾਲ ਸਿੰਘ ਸੰਧੂ ਨੇ ਦੱਸਿਆ ਕਿ ਨਸ਼ਾ ਸਮਗਲਰਾਂ ਵਲੋਂ ਦਿੱਲੀ ਤੋਂ ਹੈਰੋਇਨ ਮੰਗਵਾ ਕੇ ਰਮੀਦੀ ਪੁਲ ਹੇਠ ਸਪਲਾਈ ਅਤੇ ਪੈਸਿਆਂ ਦਾ ਲੈਣ-ਦੇਣ ਤੈਅ ਕੀਤਾ ਗਿਆ ਸੀ ਜਿਸ ਬਾਰੇ ਸੂਚਨਾ ਦੇ ਆਧਾਰ ’ਤੇ ਤੁਰੰਤ ਕਾਰਵਾਈ ਕਰਦਿਆਂ ਸਮਗਲਰਾਂ ਨੂੰ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਦੀ ਪਛਾਣ ਕਸ਼ਮੀਰ ਸਿੰਘ ਵਾਸੀ ਡੋਗਰਾਂਵਾਲਾ, ਸਵਰਨ ਸਿੰਘ ਉਰਫ਼ ਚਾਪੜ ਵਾਸੀ ਵਿਲਾ ਕੋਠੀ, ਅਮਨਦੀਪ ਸਿੰਘ ਵਾਸੀ ਦਿਆਲਪੁਰ, ਰਾਹੁਲ ਅਤੇ ਅਤੁਲ ਵਾਸੀ ਪਟੇਲ ਗਾਰਡਨ, ਦਵਾਰਕਾ ਮੋੜ ਨਵੀਂ ਦਿੱਲੀ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਕਸ਼ਮੀਰ ਸਿੰਘ ਪਾਸੋਂ 2 ਕਿੱਲੋ ਹੈਰੋਇਨ ਅਤੇ 1 ਲੱਖ ਰੁਪਏ ਡਰੱਗ ਮਨੀ ਤੇ ਸਵਿੱਫਟ ਕਾਰ ਪੀ.ਬੀ.09 ਏ.ਕੇ 1703, ਸਵਰਨ ਸਿੰਘ ਉਰਫ਼ ਚਾਪੜ ਤੋਂ 2 ਕਿੱਲੋ ਹੈਰੋਇਨ, ਅਮਨਦੀਪ ਤੋਂ 1 ਕਿੱਲੋ ਹੈਰੋਇਨ ਅਤੇ ਅਤੁਲ ਪਾਸੋਂ 1 ਕਿੱਲੋ ਹੈਰੋਇਨ ਤੇ 6 ਲੱਖ ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਰਾਹੁਲ ਅਤੇ ਅਤੁਲ, ਜੋ ਦੋਵੇਂ ਭਰਾ ਹਨ, ਦੀ ਟਾਟਾ ਹੈਕਸਾ ਕਾਰ ਨੰਬਰ ਐਚ.ਆਰ.26 ਡੀਡੀ 2984 ਵੀ ਕਬਜ਼ੇ ਵਿਚ ਲਈ ਗਈ। ਐਸ.ਐਸ.ਪੀ ਰਾਜਪਾਲ ਸਿੰਘ ਸੰਧੂ ਨੇ ਦੱਸਿਆ ਕਿ ਪੁਲਿਸ ਨੂੰ ਮਿਲੀ ਇਤਲਾਹ ’ਤੇ ਐਸ.ਪੀ (ਇਨਵੈਸਟੀਗੇਸ਼ਨ) ਰਮਨਿੰਦਰ ਸਿੰਘ, ਡੀ.ਐਸ.ਪੀ. (ਡੀ) ਗੁਰਮੀਤ ਸਿੰਘ ਅਤੇ ਸੀ.ਆਈ.ਏ ਦੇ ਇੰਸਪੈਕਟਰ ਜਰਨੈਲ ਸਿੰਘ ਦੀ ਨਿਗਰਾਨੀ ਹੇਠ ਪਲਾਨ ਬਣਾ ਕੇ ਐਸ.ਆਈ ਲਾਭ ਸਿੰਘ ਸਮੇਤ ਪੁਲਿਸ ਪਾਰਟੀ ਨੇ ਇਸ ਕਾਰਵਾਈ ਨੂੰ ਸਫਲਤਾਪੂਰਵਕ ਅੰਜਾਮ ਦਿੱਤਾ। ਉਨ੍ਹਾਂ ਦੱਸਿਆ ਕਿ ਜਾਣਕਾਰੀ ਮੁਤਾਬਕ ਸੁਖਦੇਵ ਸਿੰਘ ਉਰਫ਼ ਸੇਬੀ ਵਾਸੀ ਡੋਗਰਾਂਵਾਲ, ਜੋ ਕਿ ਵੱਡਾ ਸਮਗਲਰ ਹੈ ਅਤੇ ਦਿੱਲੀ ਤੋਂ ਹੈਰੋਇਨ ਮੰਗਵਾ ਕੇ ਪੰਜਾਬ ਵਿਚ ਸਪਲਾਈ ਕਰਦਾ ਹੈ, ਨੂੰ ਰਾਹੁਲ ਅਤੇ ਅਤੁਲ ਦਿੱਲੀ ਤੋਂ ਇਹ ਸਪਲਾਈ ਦੇਣ ਸੁਭਾਨਪੁਰ ਏਰੀਏ ਵਿਚ ਆਏ ਹੋਏ ਸਨ। ਉਨ੍ਹਾਂ ਦੱਸਿਆ ਕਿ ਸੁਖਦੇਵ ਸਿੰਘ ਸਪਲਾਈ ਲੈਣ ਅਤੇ ਪੈਸਿਆਂ ਦੇ ਲੈਣ-ਦੇਣ ਲਈ ਕਸ਼ਮੀਰ ਸਿੰਘ, ਸਵਰਨ ਸਿੰਘ ਅਤੇ ਅਮਨਦੀਪ ਨੂੰ ਸਵਿੱਫਟ ਕਾਰ ਦੇ ਕੇ ਭੇਜਿਆ ਸੀ ਜਿਨ੍ਹਾਂ ਨੂੰ ਮੌਕੇ ’ਤੇ ਹੀ ਗ੍ਰਿਫਤਾਰ ਕਰਦਿਆਂ ਹੈਰੋਇਨ ਅਤੇ ਡਰੱਗੀ ਮਨੀ ਦੀ ਬਰਾਮਦਗੀ ਕੀਤੀ ਗਈ। ਐਸ.ਐਸ.ਪੀ ਨੇ ਦੱਸਿਆ ਕਿ ਇਸ ਕੰਮ ਵਿਚ ਮੁੱਖ ਸਰਗਨਾ ਸੁਖਦੇਵ ਸਿੰਘ ਉਰਫ਼ ਸੇਬੀ ਦੀ ਭਾਲ ਵਿਚ ਛਾਪੇਮਾਰੀ ਕੀਤੀ ਜਾ ਰਹੀ ਹੈ । ਉਨ੍ਹਾਂ ਦੱਸਿਆ ਕਿ ਇਨ੍ਹਾਂ ਖਿਲਾਫ਼ ਥਾਣਾ ਸੁਭਾਨਪੁਰ ਵਿਖੇ ਮੁਕੱਦਮਾ ਦਰਜ਼ ਕੀਤਾ ਗਿਆ।

# ਗਣੇਸ਼ ਚਤੁਰਥੀ ’ਤੇ ਬੁੱਧੀ ਤੇ ਖੁਸ਼ਹਾਲੀ ਦੇ ਦੇਵਤਾ ਦੀ ਪੂਜਾ

**ਜਲੰਧਰ ( ਇਕਬਾਲ ਸਿੰਘ ਉੱਭੀ )** ਵਾਸਲ ਐਜੂਕੇਸ਼ਨ ਸੋਸਾਇਟੀ ਦੀ ਅਗਵਾਈ ਹੇਠ ਆਈਵੀ ਵਰਲਡ ਸਕੂਲ ਨੇ ਗਣੇਸ਼ ਚਤੁਰਥੀ ਮਨਾਈ। ਗਣੇਸ਼ ਜੀ ਨੂੰ ਬੁੱਧੀ ਅਤੇ ਖੁਸ਼ਹਾਲੀ ਦੇ ਦੇਵਤੇ ਵਜੋਂ ਜਾਣਿਆ ਜਾਂਦਾ ਹੈ ਅਤੇ ਉਸ ਦੀ ਪੂਜਾ ਕਰਨ ਲਈ ਇੱਕ ਵਿਸ਼ੇਸ਼ ਇਕੱਠ ਦੀ ਸ਼ੁਰੂਆਤ ਅਧਿਆਤਮਿਕ ਸੁਰ ਵਿੱਚ ਗਣੇਸ਼ ਪ੍ਰਾਰਥਨਾ ਦੇ ਜਾਪ ਨਾਲ ਹੋਈ ਅਤੇ ਇਸ ਤੋਂ ਬਾਅਦ ਡਾਂਸ ਪ੍ਰਦਰਸ਼ਨ ਕੀਤਾ ਗਿਆ। ਵਿਦਿਆਰਥੀਆਂ ਨੇ ਖੂਬਸੂਰਤ ਪੁਸ਼ਾਕਾਂ ਪਹਿਨੀਆਂ ਅਤੇ ਰੰਗ-ਬਿਰੰਗੇ ਮਿੱਟੀ ਨਾਲ ਚਿੱਤਰ ਬਣਾ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਭਗਵਾਨ ਗਣੇਸ਼ ਦੀਆਂ ਕਹਾਣੀਆਂ ਸੁਣ ਕੇ ਆਨੰਦ ਮਾਣਿਆ। ਪ੍ਰਧਾਨ ਕੇ.ਕੇ ਵਾਸਲ , ਚੇਅਰਮੈਨ ਸੰਜੀਵ ਕੁਮਾਰ ਵਾਸਲ,ਉਪ ਪ੍ਰਧਾਨ ਸ੍ਰੀਮਤੀ ਈਨਾ ਵਾਸਲ, ਸੀ.ਈ.ਓ ਰਾਘਵ ਵਾਸਲ ਅਤੇ ਡਾਇਰੈਕਟਰ ਸ੍ਰੀਮਤੀ ਅਦਿਤੀ ਵਾਸਲ ਨੇ ਨੌਜਵਾਨ ਆਈਵੀਅਨਜ ਦੇ ਸ਼ਾਨਦਾਰ ਪ੍ਰਦਰਸ਼ਨ ’ਤੇ ਮਾਣ ਪ੍ਰਗਟ ਕੀਤਾ। ਇਸ ਮੌਕੇ ਸੀਨੀਅਰ ਪ੍ਰਿੰਸੀਪਲ ਸ੍ਰੀਮਤੀ ਐਸ.ਚੌਹਾਨ ਨੇ ਸਾਰਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਤਿਉਹਾਰ ਸਾਨੂੰ ਮਿਲ ਕੇ ਰਹਿਣ ਦੀ ਪ੍ਰੇਰਨਾ ਦਿੰਦੇ ਹਨ ਅਤੇ ਸਾਡੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਦਰਸਾਉਂਦੇ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਆਪਣੀ ਏਕਤਾ ਅਤੇ ਅਖੰਡਤਾ ਬਣਾਈ ਰੱਖਣੀ ਚਾਹੀਦੀ ਹੈ।




## ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣ ਲਈ ਆਮ ਆਦਮੀ ਪਾਰਟੀ ਦਾ ਸੰਘਰਸ਼ ਜਾਰੀ ਰਹੇਗਾ: ਸੁਸ਼ੀਲ ਰਿੰਕੂ

**ਜਲੰਧਰ** -ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਅੱਜ ਸੰਸਦ ਵਿੱਚ ਆਪਣਾ ਬਿਆਨ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਨੂੰ ਬਚਾਉਣ ਲਈ ਲਈ ਸ਼ੁਰੂ ਕੀਤਾ ਗਿਆ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਇਸੇ ਸਦਨ ਵਿੱਚ ਸੰਵਿਧਾਨ ਨਿਰਮਾਤਾ ਡਾ: ਭੀਮ ਰਾਓ ਅੰਬੇਡਕਰ ਨੇ ਦੇਸ਼ ਦਾ ਸੰਵਿਧਾਨ ਤਿਆਰ ਕਰਕੇ ਸਦਨ ’ਚ ਪੇਸ਼ ਕੀਤਾ ਸੀ, ਜਿਸ ਨੂੰ ਬਚਾਉਣ ਲਈ ਅੱਜ ਆਮ ਆਦਮੀ ਪਾਰਟੀ ਵੱਲੋਂ ਸੰਘਰਸ਼ ਸ਼ੁਰੂ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬੀਆਂ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ, ਕਿਉਂਕਿ ਪੰਜਾਬੀਆਂ ਨੇ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ। ਉਹ ਸੰਵਿਧਾਨ ਦੇ ਗਠਨ ਤੋਂ ਲੈ ਕੇ ਹੁਣ ਤੱਕ ਸੰਸਦ ਦੇ 75 ਸਾਲਾਂ ਦੇ ਸਫਰ ’ਤੇ ਆਯੋਜਿਤ ਇਕ ਵਿਚਾਰ-ਚਰਚਾ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਹ ਸਿਰਫ ਸੰਸਦ ਕੰਪਲੈਕਸ ਹੀ ਨਹੀਂ ਸਗੋਂ ਦੇਸ਼ ਦਾ ਲੋਕਤੰਤਰ ਦਾ ਮੰਦਰ ਹੈ। ਉਹ ਇਸ ਸਦਨ ਵਿੱਚ ਉਨ੍ਹਾਂ ਸਾਰੇ ਮਹਾਨ ਲੋਕਾਂ ਦੀ ਮੌਜੂਦਗੀ ਨੂੰ ਮਹਿਸੂਸ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਇਸ ਸੰਵਿਧਾਨ ਅਤੇ ਲੋਕਤੰਤਰ ਨੂੰ ਕਾਇਮ ਰੱਖਣ ਲਈ ਆਪਣਾ ਸੰਘਰਸ਼ ਜਾਰੀ ਰੱਖੇਗੀ। ਸੰਸਦ ਮੈਂਬਰ ਸੁਸੀਲ ਰਿੰਕੂ ਨੇ ਆਪਣਾ ਪੂਰਾ ਬਿਆਨ ਪੰਜਾਬੀ ਭਾਸ਼ਾ ਵਿੱਚ ਹੀ ਰੱਖਿਆ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਵੰਡਣ ਦੀਆਂ ਕੋਸ਼ਿਸ਼ਾਂ ਨੂੰ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਲੋਕਤੰਤਰ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ।

# ਡੀ ਸੀ ਵੱਲੋਂ ਪਰਾਲੀ ਦੇ ਪ੍ਰਬੰਧਨ ਲਈ ਜਾਗਰੂਕਤਾ ਕੈਂਪ ਸ਼ੁਰੂ



**ਮੋਰਿੰਡਾ, (ਜੈਜੀ ਸਰਦਾਰ)** ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਆਈ.ਏ.ਐਸ ਵਲੋਂ ਝੋਨੇ ਦੀ ਪਰਾਲੀ ਦੇ ਪ੍ਰਬੰਧਨ ਲਈ ਕਰਾਪ ਰੈਜੀਡਿਊਲ ਮੈਨੇਜਮੈਂਟ ਸਕੀਮ ਤਹਿਤ ਆਈ.ਈ.ਸੀ ਕੰਪੋਨੈਂਟ ਅਧੀਨ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋ ਜਾਗਰੁਕਤਾ ਪੈਦਾ ਕਰਨ ਲਈ ਕੈਂਪਾਂ ਦੀ ਸ਼ੁਰੂਆਤ ਕੀਤੀ ਗਈ। ਪਿੰਡ ਚੱਕਲਾ ਬਲਾਕ ਮੋਰਿੰਡਾ ਵਿਖੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਰੂਪਨਗਰ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਝੋਨੇ ਦੀ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਕਰਨ ਅਤੇ ਲੋੜਵੰਦ ਕਿਸਾਨਾਂ ਨੂੰ ਮਸ਼ੀਨਰੀ ਮੁਹੱਈਆ ਕਰਵਾਉਣ ਲਈ ਜਾਗਰੁਕਤਾ ਮੁਹਿੰਮ ਚਲਾਈ ਗਈ ਹੈ। ਉਨ੍ਹਾਂ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਵਾਤਾਵਰਣ ਨੂੰ ਸੱਵਛ ਰੱਖਣ ਅਤੇ ਸਿਹਤਮੰਦ ਭਵਿੱਖ ਲਈ ਇਸ ਵਾਰ ਪਰਾਲੀ ਨੂੰ ਅੱਗ ਬਿਲਕੁਲ ਨਾ ਲਗਾਈ ਜਾਵੇ। ਉਨ੍ਹਾਂ ਕਿਹਾ ਕਿ ਹਾਟ ਸਪਾਟ ਪਿੰਡਾਂ ਵਿੱਚ ਜਿਹੜੇ ਕਿਸਾਨ ਇਸ ਵਾਰ ਪਰਾਲੀ ਨੂੰ ਅੱਗ ਨਹੀ ਲਗਾਉਣਗੇ ਉਨ੍ਹਾਂ ਨੂੰ ਜਿਲਾ ਪ੍ਰਸ਼ਾਸਨ ਵੱਲੋ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਜਾਵੇਗਾ।

ਇਸ ਮੌਕੇ ਡਾ. ਗੁਰਬਚਨ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਮਿੱਟੀ ਦੀ ਸਿਹਤ ਸੁਧਾਰਨ ਅਤੇ ਵਾਤਾਵਰਣ ਦੀ ਸ਼ੁੱਧਤਾ ਲਈ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਕੇ ਸਾੜਨ ਦੀ ਬਿਜਾਏ ਖੇਤਾਂ ਵਿੱਚ ਮਿਲਾ ਦੇਣਾ ਚਾਹੀਦਾ ਹੈ ਜਾਂ ਬੇਲਰ ਨਾਲ ਗੁੰਢਾ ਬਣਾ ਕੇ ਇੰਡਸਟ੍ਰੀ ਨੂੰ ਭੇਜਿਆ ਜਾ ਸਕਦੀਆਂ ਹਨ। ਇਸ ਕੈਂਪ ਦਾ ਸੰਚਾਲਨ ਡਾ. ਰਣਜੋਧ ਸਿੰਘ ਖੇਤੀਬਾੜੀ ਅਫ਼ਸਰ ਰੂਪਨਗਰ ਵੱਲੋਂ ਕੀਤਾ ਗਿਆ।

ਇਸ ਮੌਕੇ ਐਸ ਡੀ ਐਮ ਮੋਰਿੰਡਾ, ਜ਼ਿਲ੍ਹਾ ਸਿਖਲਾਈ ਅਫਸਰ ਅਮਰੀਕ ਸਿੰਘ, ਡਿਪਟੀ ਡਾਇਰੈਕਟਰ ਡੇਅਰੀ, ਸਹਾਇਕ ਬਾਗਬਾਨੀ ਅਫ਼ਸਰ, ਸੰਜੀਵ ਅਹੂੰਜਾ ਕੇ ਵੀ ਕੇ ਰੂਪਨਗਰ, ਪਸ਼ੂ ਪਾਲਣ ਵਿਭਾਗ ,ਸਿਹਤ ਵਿਭਾਗ ਦੇ ਅਧਿਕਾਰੀ ਅਤੇ ਕਿਸਾਨਾਂ ਵਿਚ ਬਲਦੇਵ ਸਿੰਘ,ਮਲਕੀਤ ਸਿੰਘ ਚੱਕਲਾਂ, ਪਰਮਿੰਦਰ ਸਿੰਘ ਚਲਾਕੀ,ਦਲਜੀਤ ਸਿੰਘ ਚਲਾਕੀ, ਰਣਧੀਰ ਸਿੰਘ ਡਾਇਰੈਕਟਰ ਖੰਡ ਮਿੱਲ, ਮੇਜਰ ਸਿੰਘ ਤੋਂ ਇਲਾਵਾ ਵਿਭਾਗ ਦੇ ਕ੍ਰਿਸ਼ਨਾ ਨੰਦ ਖੇਤੀਬਾੜੀ ਅਫ਼ਸਰ, ਸੁਖਸਾਗਰ ਸਿੰਘ ਏ.ਡੀ.ਉ, ਪਵਿੱਤਰ ਸਿੰਘ ਏ ਐਸ ਆਈ ਆਦਿ ਹਾਜ਼ਰ ਸਨ।

# ਰਾਜਾ ਅਟਵਾਲ ਨੇ ਕੀਤੀ ਬਾਲੀ ਦੀ ਹਮਾਇਤ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)**-ਲੋਕਾਂ ਦੇ ਸਹਿਯੋਗ ਨਾਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੀ ਅੱਧੀ ਅਧੂਰੀ ਇਮਾਰਤ ਨੂੰ ਪੂਰੀ ਇਮਾਰਤ ਬਣਾਉਣ ਦੇ ਸਬੰਧ ਵਿੱਚ ਕਾਮਰੇਡ ਬਾਲ ਕ੍ਰਿਸ਼ਨ ਬਾਲੀ ਪੱਤਰਕਾਰ ਨੂਰਮਹਿਲ ਨੂੰ ਅੱਜ 9 ਵਜੇ ਦਿਨ ਵਿੱਚ ਲਗਾਤਾਰ ਬੈਠੇ ਧਰਨੇ ਦੀ ਹਮਾਇਤ ’ਤੇ ਸਵ; ਗੁਰਬਿੰਦਰ ਸਿੰਘ ਅਟਵਾਲ ਸਾਬਕਾ ਕੈਬਨਿਟ ਮੰਤਰੀ ਦੇ ਬੇਟੇ ਰਾਜਾ ਅਟਵਾਲ ਅਤੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ ਚਰਨ ਸਿੰਘ ਰਾਜੋਵਾਲ, ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਬਿਲਗਾ ਗੁਰਦੀਪ ਸਿੰਘ ਦੀਪਾ ਥੰਮਣਵਾਲ, ਨਵਤੇਜ ਸਿੰਘ ਚੌਧਰੀ ਬਿਲਗਾ, ਰਾਜ ਕੁਮਾਰ ਸਹੋਤਾ ਸਾਬਕਾ ਕੌਂਸਲਰ ਨੂਰਮਹਿਲ ਅਤੇ ਹੋਰ ਕਾਂਗਰਸੀ ਵਰਕਰਾਂ ਨੇ ਬਾਲੀ ਦੀ ਹਮਾਇਤ ਕੀਤੀ।

# ਸੇਂਟ ਸੋਲਜਰ ਨੇ ਚਲਾਇਆ 15 ਦਿਨ ਸਫਾਈ ਅਭਿਆਨ

**ਜਲੰਧਰ, (ਇਕਬਾਲ ਸਿੰਘ ਉੱਭੀ)**-ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨ ਦੇ ਵਿਦਿਆਰਥੀਆਂ ਵੱਲੋਂ ਸਫਾਈ ਅਭਿਆਨ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ 15 ਦਿਨਾਂ ਵਿੱਚ ਵਿਦਿਆਰਥੀਆਂ ਵਿੱਚ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਸਕੂਲ ਦੇ ਡਾਇਰੈਕਟਰ ਸੁਖਦੇਵ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਵੱਛਤਾ ਸੰਕਲਪ ਦਿਵਸ ਮਨਾਇਆ ਗਿਆ ਜਿਸ ਵਿੱਚ ਸਕੂਲੀ ਵਿਦਿਆਰਥੀਆਂ ਨੂੰ ਸਵੱਛਤਾ, ਸਵੱਛਤਾ ਜਾਗਰੂਕਤਾ ਦਿਵਸ, ਸਮਾਜ ਜਾਗਰੂਕਤਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਵਿਦਿਆਰਥੀਆਂ ਅਤੇ ਆਸ-ਪਾਸ ਦੇ ਲੋਕਾਂ ਨੂੰ ਸਫ਼ਾਈ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਗਰੀਨ ਸਕੂਲ ਡਰਾਈਵ ਦਿਵਸ ਮਨਾਇਆ ਗਿਆ ਜਿਸ ਵਿੱਚ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਗਈ। ਇਸ ਦੇ ਨਾਲ ਹੀ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਨਿੱਜੀ ਸਫਾਈ, ਹੱਥ ਧੋਣ, ਸਫਾਈ ਕਾਰਜ ਯੋਜਨਾ ਬਾਰੇ ਸਿਖਾਇਆ। ਸਕੂਲ ਪ੍ਰਬੰਧਕਾਂ ਵੱਲੋਂ ਇਨ੍ਹਾਂ ਵੱਖ-ਵੱਖ ਦਿਹਾੜਿਆਂ ਨੂੰ ਵਧੀਆ ਢੰਗ ਨਾਲ ਮਨਾਉਣ ’ਤੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਨੌਜਵਾਨ ਵਿਦਿਆਰਥੀ ਦੇਸ਼ ਦਾ ਭਵਿੱਖ ਹਨ ਜੇਕਰ ਉਹ ਸਵੱਛਤਾ ਪ੍ਰਤੀ ਜਾਗਰੂਕ ਹੋਣ ਤਾਂ ਦੂਜਿਆਂ ਨੂੰ ਵੀ ਜਾਗਰੂਕ ਕਰ ਸਕਦੇ ਹਨ।



## ਸੀ ਪੀ ਆਈ ਐਮ ਵੱਲੋਂ ਸੰਗੋਵਾਲ ’ਚ ਕਾਨਫਰੰਸ 22 ਨੂੰ

**ਨੂਰਮਹਿਲ, ( ਬਾਲ ਕ੍ਰਿਸ਼ਨ ਬਾਲੀ)** -ਸੀ ਪੀ ਆਈ ਐਮ ਦੀ ਇਕ ਮੀਟਿੰਗ ਸਥਾਨਕ ਦਫਤਰ ਵਿਖੇ ਮੋਹਨ ਸਿੰਘ ਬਿਲਗਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮਾਸਟਰ ਪਰਸ਼ੋਤਮ ਬਿਲਗਾ, ਕ੍ਰਿਸ਼ਨਾ ਕੁਮਾਰੀ ਪੁਆਦੜਾ, ਮੇਜਰ ਸਿੰਘ ਸੰਗੋਵਾਲ, ਸੋਢੀ ਲਾਲ ਉੱਪਲ ਅਤੇ ਹੋਰ ਮੈਂਬਰਾਂ ਨੇ ਭਾਗ ਲਿਆ ਅਤੇ 22 ਸਤੰਬਰ ਨੂੰ ਫਿਲੌਰ ਦੇ ਪਿੰਡ ਸੰਗੋਵਾਲ ਵਿਖੇ ਪਾਰਟੀ ਵਲੋਂ ਕੀਤੀ ਜਾ ਰਹੀ ਕਾਨਫਰੰਸ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ । ਮੋਹਨ ਸਿੰਘ ਬਿਲਗਾ ਨੇ ਦੱਸਿਆ ਕਿ ਇਸ ਕਾਨਫਰੰਸ ਨੂੰ ਸੂਬਾ ਸਕਤੱਰ ਸੁਖਵਿੰਦਰ ਸਿੰਘ ਸੇਖੋਂ, ਬਲਜੀਤ ਸਿੰਘ ਗਰੇਵਾਲ, ਕ੍ਰਿਸ਼ਨਾ ਕੁਮਾਰੀ ਪੁਆਦੜਾ, ਕਾਮਰੇਡ ਸੁਖਪ੍ਰੀਤ ਸਿੰਘ ਜੌਹਲ ਸੰਬੋਧਨ ਕਰਨਗੇ।



# ਸ਼੍ਰੋਮਣੀ ਅਕਾਲੀ ਦਲ ਬੀ ਐੱਸ ਪੀ ਗਠਜੋੜ ਪੱਕਾ : ਪ੍ਰੋ. ਚੰਦੂਮਾਜਰਾ



**ਖਰੜ (ਹਰਨਾਮ ਸਿੰਘ ਡੱਲਾ)**-ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਸਥਾਨਕ ਪ੍ਰੈੱਸ ਕਲੱਬ ਵਿਖੇ ਉਨ੍ਹਾਂ ਦੀ ਪਾਰਟੀ ਵਲੋਂ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਤੋਂ ਇਨਕਾਰ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਬੀ ਐੱਸ ਪੀ ਨਾਲ ਗੱਠਜੋੜ ਬਰਕਰਾਰ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਅਤੇ ਆਮ ਆਦਮੀ ਪਾਰਟੀ ਦਾ ਪੰਜਾਬ ਵਿੱਚ ਕੀਤਾ ਜਾ ਰਿਹਾ ਗੱਠਜੋੜ ਮੌਕਾਪ੍ਰਸਤੀ ਉੱਤੇ ਅਧਾਰਤ ਹੈ। ਇਸ ਸਮੇਂ ਉਨ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਖਰੜ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਗਿੱਲ, ਨਗਰ ਕੌਂਸਲ ਖਰੜ ਦੀ ਪ੍ਰਧਾਨ ਬੀਬੀ ਜਸਪ੍ਰੀਤ ਕੌਰ ਲੌਂਗੀਆ ਅਤੇ ਐੱਸ ਜੀ ਪੀ ਸੀ ਮੈਂਬਰ ਚਰਨਜੀਤ ਸਿੰਘ ਕਾਲੇਵਾਲ ਵੀ ਮੌਜੂਦ ਸਨ। ਸਥਾਨਕ ਸਮੱਸਿਆਵਾਂ ਬਾਰੇ ਗੱਲਬਾਤ ਕਰਦਿਆਂ ਹਲਕਾ ਇੰਚਾਰਜ ਰਣਜੀਤ ਸਿੰਘ ਗਿੱਲ ਨੇ ਕਿਹਾ ਕਿ ਖਰੜ ਸ਼ਹਿਰ ਦੇ ਵਿਕਾਸ ਲਈ ਕੌਂਸਲਰਾਂ ਨੂੰ ਬਿਨਾਂ ਕਿਸੇ ਰਾਜਨੀਤਕ ਵਿਤਕਰੇ ਤੋਂ ਨਗਰ ਕੌਂਸਲ ਦੀ ਪ੍ਰਧਾਨ ਜਸਪ੍ਰੀਤ ਕੌਰ ਵਾਲੀਆ ਦਾ ਸਾਥ ਦੇਣਾ ਬਣਦਾ ਹੈ। ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੋਣ ਕਰਕੇ ਨਗਰ ਕੌਂਸਲ ਪ੍ਰਧਾਨ ਨੂੰ ਮਤੇ ਪਾਸ ਕਰਵਾਉਣ ਦੇ ਬਾਵਜੂਦ ਕੰਮਾਂ ਵਿੱਚ ਰੁਕਾਵਟ ਪਾਈ ਜਾ ਰਹੀ ਹੈ ਜਾਂ ਰਾਜਨੀਤਕ ਦਖਲ ਦੇ ਕੇ ਡਾਇਰੈਕਟੋਰੇਟ ਵਿੱਚ ਹੀ ਰੁਕਾਵਟਾਂ ਖੜ੍ਹੀਆਂ ਕਰ ਦਿੱਤੀਆਂ ਜਾਂਦੀਆਂ ਹਨ। ਜਿਸ ਕਰਕੇ ਵਿਕਾਸ ਕਾਰਜ ਪ੍ਰਭਾਵਤ ਹੋ ਰਹੇ ਹਨ। ਲੌਂਗੀਆ ਨੇ ਕਿਹਾ ਕਿ ਉਹ ਸਾਰੇ ਕੌਂਸਲਰਾਂ ਅਤੇ ਸਥਾਨਕ ਐੱਮ ਐੱਲ ਏ ਤੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਤੋਂ ਵੀ ਸ਼ਹਿਰ ਦੇ ਵਿਕਾਸ ਲਈ ਸਹਿਯੋਗ ਦੀ ਮੰਗ ਕਰਦੀ ਹੈ ਅਤੇ ਹਰ ਵਿਕਾਸ ਕਾਰਜ ਲਈ ਉਨ੍ਹਾਂ ਨੂੰ ਉਦਘਾਟਨੀ ਰਸਮਾਂ ਲਈ ਵੀ ਸੱਦਾ ਦਿੰਦੀ ਹੈ।

# ਜਿੰਪਾ ਵੱਲੋਂ ਪੱਤਰਕਾਰਾਂ ਨੂੰ ਧਮਕਾਉਣਾ ਮੰਦਭਾਗਾ ਤੇ ਸ਼ਰਮਨਾਕ : ਤੀਕਸ਼ਣ ਸੂਦ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**–ਇਥੇ 100 ਫੁੱਟ ਉੱਚਾ ਤਿਰੰਗਾ ਝੰਡਾ ਲਹਿਰਾਉਣ ਦੇ ਉਦਘਾਟਨੀ ਸਮਾਗਮ ਸਮੇਂ ਸਥਾਨਕ ਮੰਤਰੀ ਬ੍ਰਹਮ ਸੰਕਰ ਜਿੰਪਾ ਵੱਲੋਂ ਮੀਡੀਆ ਨੂੰ ਧਮਕਾਏ ਜਾਣ ਦਾ ਜੋ ਵੀਡੀਓ ਵਾਇਰਲ ਹੋਇਆ ਹੈ ਉਹ ਬਹੁਤ ਮੰਦਭਾਗਾ ਅਤੇ ਸ਼ਰਮਨਾਕ ਹੈ। ਸਾਬਕਾ ਕੈਬਨਿਟ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਨੇਤਾ ਦੇ ਨਿਵਾਸ ਸਥਾਨ ’ਤੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜਾਰੀ “ਹਾਥੀ ਦੇ ਦੰਦ ਖਾਣ ਨੂੰ ਹੋਰ ਤੇ ਦਿਖਾਉਣ ਨੂੰ ਹੋਰ” ਵਾਲੀ ਕਹਾਵਤ ਦੀ ਤਰ੍ਹਾਂ ਹੈ। ਸੱਤਾ ਵਿੱਚ ਆਉਣ ਤੋਂ ਪਹਿਲਾਂ ਆਦਮੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਪ੍ਰੈਸ ਦੀ ਆਜਾਦੀ ਦੀਆਂ ਵੱਡੀਆਂ ਵੱਡੀਆਂ ਗੱਲਾਂ ਕਰਦੇ ਸਨ ਪਰ ਸਤਾ ਵਿੱਚ ਆਉਣ ਤੋਂ ਬਾਅਦ ਇੰਨ੍ਹਾਂ ਵਿੱਚ ਹੰਕਾਰ ਆ ਗਿਆ ਹੈ। ਹੁਣ ਇਹ ਪ੍ਰੈਸ ਨੂੰ ਸਵਾਲ ਪੁੱਛਣ ’ਤੇ ਧਮਕੀਆਂ ਦੇਣ ’ਤੇ ਉਤਾਰੂ ਹਨ। ਉਨ੍ਹਾਂ ਨੇ ਕਿਹਾ ਕਿ ਪ੍ਰੈਸ ਲੋਕਤੰਤਰ ਦਾ ਚੌਥਾ ਸਤੰਭ ਹੈ ਅਤੇ ਸਰਕਾਰ ਦੀਆਂ ਇਸ ਇਸ ਤਰ੍ਹਾਂ ਦੀਆਂ ਗਲਤੀਆਂ ਨੂੰ ਉਜਾਗਰ ਕਰਨਾ ਵੀ ਪ੍ਰੈਸ ਦਾ ਮੁੱਖ ਕੰਮ ਹੈ। ਉੱਪਰੋਕਤ ਸਮਾਗਮ ਵਿੱਚ ਬਿਜਲੀ ਚੋਰੀ ਕਰਕੇ ਸਾਊਂਡ ਸਿਸਟਮ ਚਲਾਉਣ ਵਾਲੇ ਦੇ ਖਿਲਾਫ ਨਾ ਬੋਲ ਕੇ ਪੱਤਰਕਾਰਾਂ ਨੂੰ ਧਮਕਾਉਣਾ ਸਿੱਧ ਕਰਦਾ ਹੈ ਕਿ ਮੌਕੇ ’ਤੇ ਬਿਜਲੀ ਚੋਰੀ ਮੰਤਰੀ ਬ੍ਰਹਮ ਸੰਕਰ ਜਿੰਪਾ ਦੀ ਮਰਜੀ ਨਾਲ ਹੋ ਰਹੀ ਸੀ। ਸੂਦ ਨੇ ਕਿਹਾ ਕਿ ਜਿੰਪਾ ਦਾ ਇਹ ਵਿਵਹਾਰ ਸ਼ਰਮਨਾਕ ਵੀ ਹੈ ਅਤੇ ਮੰਦਭਾਗਾ ਵੀ ਅਤੇ ਸਮਾਂ ਆਉਣ ’ਤੇ ਇਸ ਦੇ ਨਤੀਜੇ ਵੀ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਮੁੱਖ ਮੰਤਰੀ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਮਾੜਾ ਵਿਵਹਾਰ ਕਰ ਚੁੱਕੇ ਹਨ। ਉਹ ਸ਼ਾਇਦ ਭੁੱਲ ਗਏ ਹਨ ਕਿ ਇੰਦਰਾ ਗਾਂਧੀ ਨੇ ਵੀ ਐਮਰਜੈਂਸੀ ਲਾ ਕੇ ਪ੍ਰੈਸ ਦੀ ਆਜਾਦੀ ’ਤੇ ਰੋਕ ਲਾਈ ਸੀ ਜਿਸ ਕਰਕੇ ਉਨ੍ਹਾਂ ਦਾ ਸਿੰਘਾਸਨ ਵੀ ਹਿਲ ਗਿਆ ਸੀ। ਇਸ ਮੌਕੇ ਸਾਬਕਾ ਮੇਅਰ ਸ਼ਿਵ ਸੂਦ, ਵਿਜੇ ਪਠਾਣੀਆਂ, ਅਸ਼ਵਨੀ ਗੈਂਦ, ਯਸ਼ਪਾਲ ਸ਼ਰਮਾ ਆਦਿ ਹਾਜਰ ਸਨ।

# ਖੇਤ ਮਜ਼ਦੂਰਾਂ ਨੂੰ ਪੂੰਜੀਪਤੀਆਂ ਤੋਂ ਹੱਕ ਮੰਗਣ ਦੀ ਬਜਾਏ ਖੋਹਣੇ ਪੈਣਗੇ : ਬਿਕਰਮ

**ਨਵਾਂਸ਼ਹਿਰ (ਮਨੋਜ ਲਾਡੀ)**-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਕਾਮਰੇਡ ਰਾਮ ਸਿੰਘ ਨੂਰਪੁਰੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬੋਲਦਿਆਂ ਯੂਨੀਅਨ ਦੇ ਕੌਮੀ ਮੀਤ ਪ੍ਰਧਾਨ ਬਿਕਰਮ ਸਿੰਘ ਨੇ ਕਿਹਾ ਕਿ ਖੇਤ ਮਜ਼ਦੂਰਾਂ ਨੂੰ ਆਪਣੇ ਹੱਕਾਂ ਖਾਤਰ ਪੂੰਜੀਪਤੀਆਂ ਅੱਗੇ ਹੱਥ ਅੱਡਣ ਦੀ ਬਜਾਏ ਆਪਣੇ ਹੱਕ ਖੋਹਣ ਦੀ ਲੋੜ ਹੈ। ਮੋਦੀ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਖੇਤ ਮਜ਼ਦੂਰਾਂ ਦੇ ਘਰਾਂ ਦੇ ਚੁੱਲ੍ਹੇ ਠੰਢੇ ਪੈ ਗਏ ਹਨ। ਮਜ਼ਦੂਰਾਂ ਨੂੰ ਕਰਜਾ ਚੁੱਕਣ ਲਈ ਜ਼ਿਮੀਂਦਾਰਾਂ ਦੀ ਗਵਾਹੀ ਲਈ ਜ਼ਰੂਰਤ ਪੈਂਦੀ ਹੈ। ਅਜਿਹਾ ਕਰਨ ਲਈ ਉਨ੍ਹਾਂ ਨੂੰ ਜ਼ਿਮੀਂਦਾਰਾਂ ਅੱਗੇ ਝੁਕਣਾ ਪੈਂਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਕਰਜ਼ਾ ਲੈਣ ਲਈ ਅਜਿਹੀ ਕੋਈ ਵੀ ਸ਼ਰਤ ਨਹੀਂ ਹੋਣੀ ਚਾਹੀਦੀ। ਸਰਕਾਰ ਲੋੜ ਪੈਣ ’ਤੇ ਮਜ਼ਦੂਰ ਨੂੰ ਹੀ ਮਜ਼ਦੂਰ ਦੀ ਗਵਾਹੀ ਦਾ ਹੱਕ ਦੇਵੇ। ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਸੂਬਾ ਜਨਰਲ ਸਕੱਤਰ ਕਾਮਰੇਡ ਗੁਰਮੇਸ਼ ਸਿੰਘ ਨੇ ਕਿਹਾ ਕਿ ਯੂਨੀਅਨ ਦੀ ਮੈਂਬਰਸ਼ਿਪ ਪਹਿਲਾਂ ਨਾਲੋਂ ਵੱਧ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਨੇ ਸਾਥੀਆਂ ਨੂੰ ਅਪੀਲ ਕੀਤੀ ਕਿ 1-7 ਅਕਤੂਬਰ ਤੱਕ ਮੈਂਬਰਸ਼ਿਪ 50% ਕੀਤੀ ਜਾਵੇ ਅਤੇ ਖੇਤ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਇਕ ਕਰੋੜ ਦਸਤਖਤ ਕਰਵਾ ਕੇ ਰਾਸ਼ਟਰਪਤੀ ਨੂੰ ਭੇਜੇ ਜਾਣਗੇ,11 ਅਕਤੂਬਰ ਨੂੰ ਨਰੇਗਾ ਸਮੇਤ ਬਾਕੀ ਮੰਗਾਂ ਨੂੰ ਲੈ ਕੇ ਰਾਜ ਭਰ ਵਿੱਚ ਬੀ ਡੀ ਓਜ਼ ਦੇ ਦਫਤਰਾਂ ਅੱਗੇ ਧਰਨੇ ਦਿੱਤੇ ਜਾਣਗੇ। ਇਸ ਮੌਕੇ ਮਾ. ਮੂਲਚੰਦ ਸਰਹਾਲੀ, ਮਾ. ਪਰਸ਼ੋਤਮ ਲਾਲ ਬਿਲਗਾ, ਹਰਬੰਸ ਸਿੰਘ ਧੂਤ, ਕੁਲਦੀਪ ਝਿੰਗੜ, ਰਣਜੀਤ ਸਿੰਘ ਚੌਹਾਨ, ਮਾ. ਮਹਿੰਦਰ ਰਾਮ ਫੁਗਲਾਣਾ, ਰਾਣਾ ਮਸੀਹ, ਚਾਨਣ ਪਹਿਲਵਾਨ, ਕੇ ਬੀਬੀ ਰਾਜ ਰਾਣੀ ਹਾਜ਼ਰ ਸਨ।



# ਸੁਲਤਾਨਪੁਰ ਲੋਧੀ ਦੇ ਰੇਲਵੇ ਦੇ ਦੋਵੇਂ ਅੰਡਰਬ੍ਰਿਜਾਂ ’ਚ ਲੱਕ ਲੱਕ ਭਰਿਆ ਪਾਣੀ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਪਵਿੱਤਰ ਸ਼ਹਿਰ ਸੁਲਤਾਨਪੁਰ ਲੋਧੀ ਵਿੱਚ ਅੱਜ ਸਵੇਰੇ ਤੋਂ ਪੈਂਦੇ ਮੀਂਹ ਨੇ ਸ਼ਹਿਰ ਵਿੱਚ ਪ੍ਰਸ਼ਾਸਨ ਦੇ ਨਿਕਾਸੀ ਪ੍ਰਬੰਧਾਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਸੁਲਤਾਨਪੁਰ ਲੋਧੀ ਦੇ ਰੇਲਵੇ ਰੋਡ ਤੇ ਬਣੇ ਦੋਵੇਂ ਅੰਡਰਬ੍ਰਿਜਾਂ ਤੋਂ ਪਾਣੀ ਦੀ ਨਿਕਾਸੀ ਬੰਦ ਹੋਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੰਡਰਬ੍ਰਿਜ ਵਿੱਚ ਪਾਣੀ ਜ਼ਿਆਦਾ ਭਰ ਜਾਣ ਕਾਰਨ ਸ਼ਹਿਰ ਦੇ ਵੱਖ ਵੱਖ ਪਿੰਡਾਂ ਤੋਂ ਰੋਜ਼ਾਨਾ ਆ ਰਹੇ ਵਿਦਿਆਰਥੀ ਸਕੂਲ ਅਤੇ ਅਕੈਡਮੀ ਅਤੇ ਕੰਮਾਂ ਨੂੰ ਜਾਣ ਸਮੇਂ ਜਾਮ ਵਿੱਚ ਫਸੇ ਰਹੇ ਪਰੰਤੂ ਸਥਾਨਕ ਪ੍ਰਸ਼ਾਸਨ ਵੱਲੋਂ ਕੋਈ ਪੁਖਤਾ ਪ੍ਰਬੰਧ ਨਹੀਂ ਕੀਤੇ ਗਏ। ਸ਼ਹਿਰ ਸੁਲਤਾਨਪੁਰ ਲੋਧੀ ਤੋਂ ਕਰਮਜੀਤਪੁਰ ਵੱਲ ਅੰਡਰਬ੍ਰਿਜ ਵਿਚ ਪਾਣੀ ਭਰ ਜਾਣ ਕਾਰਨ ਇੱਕ ਟਿੱਪਰ ਟਰੱਕ ਵਿੱਚ ਹੀ ਫਸ ਗਿਆ। ਇਸੇ ਤਰ੍ਹਾਂ ਲੋਹੀਆਂ ਚੂੰਗੀ ਤੋਂ ਡੱਲਾ ਸਾਹਿਬ ਰੋਡ ’ਤੇ ਅੰਡਰਬ੍ਰਿਜ ਵਿਚ ਪਾਣੀ ਭਰ ਜਾਣ ਕਾਰਨ ਬਲੈਰੋ ਗੱਡੀ ਪਾਣੀ ਵਿੱਚ ਬੰਦ ਹੋਣ ਕਾਰਨ ਇਹ ਰੋਡ ਵੀ ਬੰਦ ਹੋ ਗਿਆ ਹੈ। ਸੁਲਤਾਨਪੁਰ ਲੋਧੀ ਨੂੰ ਆਉਣ ਜਾਣ ਵਾਲਿਆਂ ਨੂੰ ਕਰੀਬ 10 ਤੋਂ 12 ਕਿਲੋਮੀਟਰ ਦੀ ਦੂਰੀ ਤੈਅ ਕਰਕੇ ਜਾ ਡਡਵਿੰਡੀ ਫਾਟਕ ਵੱਲ ਦੀ ਜਾ ਫਿਰ ਲੋਹੀਆਂ ਖਾਸ ਵੱਲੋਂ ਹੋ ਕੇ ਸੁਲਤਾਨਪੁਰ ਲੋਧੀ ਪਹੁੰਚਣਾ ਪੈ ਰਿਹਾ ਹੈ। ਇਸ ਮੌਕੇ ਇਲਾਕਾ ਨਿਵਾਸੀਆਂ ਨੇ ਦੱਸਿਆ ਕਿ ਇਹ ਅੰਡਰਬ੍ਰਿੱਜ 550 ਸਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੰਗਤਾਂ ਦੀ ਸਹੂਲਤ ਲਈ ਬਣਾਏ ਗਏ ਸਨ। ਪਰ ਸਹੀ ਢੰਗ ਨਾਲ ਨਾ ਬਣਾਉਣ ਕਰਕੇ ਅੱਜ ਇਹ ਅੰਡਰਬ੍ਰਿਜ ਲੋਕਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਆਪ ਹੀ ਸਮੱਸਿਆ ਬਣੇ ਹੋਏ ਹਨ। ਨੰਬਰਦਾਰ ਸਰਵਨ ਸਿੰਘ ਕਰਮਜੀਤਪੁਰ, ਜਸਵੰਤ ਸਿੰਘ, ਹਰਨੇਕ ਸਿੰਘ ਅਤੇ ਇਲਾਕਾ ਵਾਸੀਆਂ ਨੇ ਮੰਗ ਕੀਤੀ ਹੈ ਕਿ ਇਨ੍ਹਾਂ ਅੰਡਰਬ੍ਰਿਜਾਂ ਨੂੰ ਉੱਪਰ ਤੋਂ ਪੂਰੀ ਤਰ੍ਹਾਂ ਛੱਤਣਾ ਚਾਹੀਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਮੰਗ ਕੀਤੀ ਹੈ ਕਿ ਲੋੜ ਪੈਣ ’ਤੇ ਇਨ੍ਹਾਂ ਦੇ ਨਾਲ ਹੀ ਇੱਕ ਫਾਟਕ ਦੀ ਲੋਕਾਂ ਦੇ ਆਉਣ ਜਾਣ ਵਾਸਤੇ ਸਹੂਲਤ ਰੱਖਣੀ ਚਾਹੀਦੀ ਹੈ ਤਾਂ ਜੋ ਅੰਡਰਬ੍ਰਿਜ ਬੰਦ ਹੋਣ ਤੇ ਲੋਕ ਫਾਟਕ ਰਾਹੀਂ ਆ ਜਾ ਸਕਣ।

## ਨਗਰ ਨਿਗਮ ’ਚ ਭਰਤੀ ਕਰਨ ਲਈ ਫੈਲੇ ਭ੍ਰਿਸ਼ਟਾਚਾਰ ਦੀ ਵਿਜੀਲੈਂਸ ਤੋਂ ਜਾਂਚ ਕਰਾਈ ਜਾਵੇ : ਬਾਲੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**–ਜ਼ਿਲ੍ਹਾ ਸੰਘਰਸ਼ ਕਮੇਟੀ ਦੀ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਕਰਮਵੀਰ ਬਾਲੀ ਨੇ ਪ੍ਰੈੱਸ ਦੇ ਨਾਲ ਬਿਆਨ ਜਾਰੀ ਕਰਦਿਆਂ ਕਿਹਾ ਕਿ ਮੁਹੱਲਾ ਖਵਾਜੂ ਬੱਸੀ ਦੇ ਦੀਪਕ ਕੁਮਾਰ ਵਲੋਂ ਪੈਸੇ ਲੈ ਕੇ ਨਗਰ-ਨਿਗਮ ਵਿੱਚ ਭਰਤੀ ਕਰਨ ਦੇ ਜੋ ਦੋਸ਼ ਲਗਾਏ ਹਨ ਉਹ ਅਤਿ ਗੰਭੀਰ ਹਨ। ਇਕ ਪਾਸੇ ਤਾਂ ਸਰਕਾਰ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਲਈ ਕਾਰਵਾਈ ਤੇਜ਼ ਕਰ ਰਹੀ ਹੈ ਤੇ ਦੂਜੇ ਪਾਸੇ ਪੈਸੇ ਲੈ ਕੇ ਬਿਚੌਲੀਏ ਆਪਣੀ ਪਹੁੰਚ ਅਧਿਕਾਰੀਆਂ ਅਤੇ ਮੇਅਰ ਨੂੰ ਕਹਿ ਕੇ ਪੈਸੇ ਲੈ ਰਹੇ ਹਨ ਅਤੇ ਭਰਤੀ ਦੇ ਨਾਂਅ ’ਤੇ ਲੁੱਟ ਹੋ ਰਹੀ ਹੈ। ਇਸ ਮੌਕੇ ’ਤੇ ਕਰਮਵੀਰ ਬਾਲੀ ਨੇ ਕਿਹਾ ਕਿ ਇਸ ਗੰਭੀਰ ਵਿਸ਼ੇ ਦੀ ਜਾਂਚ ਵਿਜੀਲੈਂਸ ਤੋਂ ਕਰਵਾਈ ਜਾਵੇ, ਜਿਸ ਨਾਲ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਸਕੇ।

ਦੀਪਕ ਕੁਮਾਰ ਦੀ ਗੱਲਾਂ ਵਿੱਚ ਸਚਾਈ ਨਜ਼ਰ ਆ ਰਹੀ ਹੈ ਉਹ ਝੂਠ ਨਹੀਂ ਬੋਲ ਰਿਹਾ ਨਾ ਹੀ ਝੂਠੀ ਦਰਖਾਸਤ ਪੁਲਸ ਨੂੰ ਦੇਣ ਦੀ ਕਿਸੇ ਦੀ ਹਿੰਮਤ ਹੈ। ਰਾਜਨੀਤਿਕ ਪਹੁੰਚ ਦੀ ਵਜ੍ਹਾ ਨਾਲ ਇਹ ਮਾਮਲਾ ਦੱਬ ਵੀ ਸਕਦਾ ਹੈ। ਇਸ ਲਈ ਇਸ ਦੀ ਜਾਂਚ ਵਿਜੀਲੈਂਸ ਤੋਂ ਕਰਵਾਈ ਜਾਵੇ। ਇਸ ਮੌਕੇ ’ਤੇ ਨਰਿੰਦਰ ਸਿੰਘ, ਗੁੱਡੂ ਸਿੰਘ, ਨਿਰਮਲ ਸਿੰਘ, ਹਰੀਮਿੱਤਰ ਆਦਿ ਹਾਜ਼ਰ ਸਨ।

# ਗੁਰਦੁਆਰਾ ਸ਼ਹੀਦ ਬਾਬਾ ਮੱਤੀ ਜੀ ਵਿਖੇ ਸੰਗਰਾਂਦ ਦਾ ਦਿਹਾੜਾ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)**:- ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਜੀ ਪਿੰਡ ਡਰੋਲੀ ਕਲਾਂ ਵਿਖੇ ਅੱਸੂ ਦੇ ਮਹੀਨੇ ਦੀ ਸੰਗਰਾਂਦ ਦਾ ਪਾਵਨ ਦਿਹਾੜਾ, ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਇਲਾਕੇ ਦੀ ਸਮੂਹ ਸੰਗਤ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਡਰੋਲੀ ਕਲਾਂ ਦੀ ਅਗਵਾਈ ਹੇਠ ਮਨਾਇਆ ਗਿਆ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿਚ ਹਜ਼ੂਰੀ ਰਾਗੀ ਭਾਈ ਲਖਵੀਰ ਸਿੰਘ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਜੀ, ਹਜ਼ੂਰੀ ਰਾਗੀ ਭਾਈ ਸਰਵਣ ਸਿੰਘ ਸਫਰੀ ਦਰਬਾਰ ਸਾਹਿਬ ਅਮ੍ਰਿਤਸਰ, ਭਾਈ ਹਰਅੰਮ੍ਰਿਤਪਾਲ ਸਿੰਘ ਭੋਗਪੁਰ, ਬੀਬੀ ਗੁਰਵਿੰਦਰ ਕੌਰ ਇੰਟਰਨੈਸ਼ਨਲ ਢਾਡੀ ਜਥਾ ਜੰਡਿਆਲੇ ਵਾਲੇ ਵਲੋਂ ਸੰਗਤਾਂ ਨੂੰ ਕਥਾ ਕੀਰਤਨ ਅਤੇ ਢਾਡੀ ਵਾਰਾਂ ਦੁਆਰਾ ਨਿਹਾਲ ਕੀਤਾ ਗਿਅ। ਸਟੇਜ ਸਕੱਤਰ ਦੀ ਸੇਵਾ ਮਾਸਟਰ ਸੁਰਜੀਤ ਸਿੰਘ ਵਲੋਂ ਨਿਭਾਈ ਗਈ। ਗੁਰੂ ਕੇ ਅਤੁੱਟ ਲੰਗਰ ਵੀ ਵਰਤਾਏ ਗਏ।

# ਸਿੱਖ ਵਿੱਦਿਅਕ ਕੌਂਸਲ ਵੱਲੋਂ ਕੌਂਸਲ ਦੇ ਕੰਮਕਾਜ ਨਿਰੰਤਰ ਜਾਰੀ

**ਮਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)**-ਸਿੱਖ ਵਿੱਦਿਅਕ ਕੌਂਸਲ ਵੱਲੋ ਸੰਤ ਬਾਬਾ ਸਾਧੂ ਸਿੰਘ ਦੀ ਪ੍ਰਧਾਨਗੀ ਹੇਠ ਕੌਂਸਲ ਦੇ ਕੰਮਕਾਜ ਨਿਰੰਤਰ ਜਾਰੀ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰੋ. ਆਪਿੰਦਰ ਸਿੰਘ ਨੇ ਦੱਸਿਆ ਕਿ ਤਿੰਨਾਂ ਹੀ ਸੰਸਥਾਵਾਂ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸੰਤ ਬਾਬਾ ਹਰੀ ਸਿੰਘ ਕਾਲਜ ਆਫ ਐਜੂਕੇਸ਼ਨ ਅਤੇ ਸੰਤ ਹਰੀ ਸਿੰਘ ਮਾਡਲ ਸਕੂਲ ਸੰਤ ਸਾਧੂ ਸਿੰਘ ਦੀ ਰਹਿਨੁਮਾਈ ਹੇਠ ਵਿੱਦਿਅਕ ਖੇਤਰ ਵਿੱਚ ਇਲਾਕਾ, ਦੇਸ਼ ਅਤੇ ਪੂਰੀ ਦੁਨੀਆ ਵਿੱਚ ਲੰਮੀਆਂ ਪੁਲਾਂਘਾਂ ਪੁੱਟ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਵਿੱਦਿਅਕ ਕੌਂਸਲ ਦੇ ਸ਼ਾਂਤਮਈ ਮਾਹੌਲ ਨੂੰ ਅਸ਼ਾਂਤ ਕਰਨ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਖਲਲ ਪਾਉਣ ਦੀ ਕੁਝ ਅਨਸਰ ਆਪਣੇ ਨਿੱਜੀ ਹਿੱਤਾਂ ਲਈ ਵਿੱਦਿਅਕ ਅਦਾਰੇ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜੋ ਕਿਸੇ ਵੀ ਕੀਮਤ ਵਿੱਚ ਸਫਲ ਨਹੀਂ ਹੋਣ ਦਿੱਤੀ ਜਾਵੇਗੀ। ਇਸ ਅਦਾਰੇ ਦੀ ਸ਼ਾਂਤੀ ਭੰਗ ਕਰਨ ਵਾਲੇ ਅਨਸਰਾਂ ਨਾਲ ਨਿਪਟਣ ਲਈ ਪੁਲਸ ਪ੍ਰਸ਼ਾਸਨ ਵੱਲੋਂ ਉਚਿਤ ਪ੍ਰਬੰਧ ਕਰ ਦਿੱਤੇ ਗਏ ਹਨ, ਤਾਂ ਜੋ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਕੋਈ ਖਲਲ ਨਾ ਪਾ ਸਕੇ ਅਤੇ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਰਹੇ।

# ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨੇ ਦਿੱਤਾ ਮੰਗ ਪੱਤਰ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਹਲਕਾ ਗੜ੍ਹਸ਼ੰਕਰ ਦੇ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੂੰ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਇਕਾਈ ਗੜ੍ਹਸ਼ੰਕਰ ਤੇ ਮਾਹਿਲਪੁਰ ਦੇ ਮੁਲਾਜ਼ਮਾਂ ਵਲੋਂ ਬਲਾਕ ਕਨਵੀਨਰ ਸਤਪਾਲ ਮਿਨਹਾਸ ਦੀ ਅਗਵਾਈ ਹੇਠ ਰੋਸ ਪੱਤਰ ਸੌਂਪਿਆ ਗਿਆ ਅਤੇ ਇਹ ਮੰਗ ਕੀਤੀ ਗਈ ਕਿ ਸਰਕਾਰ ਨੂੰ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਲਾਗੂ ਕਰਨ ਦਾ ਐੱਸ ਓ ਪੀ ਜਲਦ ਜਾਰੀ ਕਰ ਕੇ ਪੰਜਾਬ ਦੇ ਐਨ ਪੀ ਐਸ ਅਧੀਨ ਆਉਂਦੇ ਦੋ ਲੱਖ ਮੁਲਾਜ਼ਮਾਂ ਅਤੇ ਉਹਨਾਂ ਦੇ ਪਰਵਾਰਾਂ ਦੀ ਸਮਾਜਿਕ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਮਿਨਹਾਸ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨਾਲ 6 ਅਪ੍ਰੈਲ ਨੂੰ ਪੰਜਾਬ ਭਵਨ ਵਿੱਚ ਹੋਈ ਮੀਟਿੰਗ ਵਿੱਚ ਦੋ ਮਹੀਨਿਆਂ ਦੇ ਅੰਦਰ-ਅੰਦਰ ਪੁਰਾਣੀ ਪੈਨਸ਼ਨ ਬਹਾਲੀ ਦਾ ਐੱਸ ਓ ਪੀ ਜਾਰੀ ਕਰਨ ਦਾ ਵਾਅਦਾ ਕੀਤਾ ਸੀ ਪਰ ਹੁਣ ਤੱਕ ਪੰਜ ਮਹੀਨੇ ਬੀਤ ਜਾਣ ਦੇ ਬਾਅਦ ਵੀ ਉਹਨਾਂ ਵਲੋਂ ਆਪਣੇ ਵਾਅਦੇ ਨੂੰ ਪੂਰਾ ਨਹੀਂ ਕੀਤਾ ਗਿਆ। ਇਸਦੇ ਨਾਲ ਹੀ ਮਾਹਿਲਪੁਰ ਤੋਂ ਸਾਥੀ ਪਰਮਜੀਤ ਕਾਤਿਬ ਨੇ ਦੱਸਿਆ ਕਿ ਪੰਜਾਬ ਦੇ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਵਿੱਚ ਬਣੀ ਨਵੀਂ ਸਰਕਾਰ ਨੇ ਸੱਤਾ ਵਿੱਚ ਆਉਣ ਸਾਰ ਹੀ ਪੁਰਾਣੀ ਪੈਨਸ਼ਨ ਲਾਗੂ ਕਰ ਦਿੱਤੀ ਹੈ। ਇਸਦੇ ਨਾਲ ਰਾਜਸਥਾਨ ਸਰਕਾਰ ਵਲੋਂ ਵੀ ਪੁਰਾਣੀ ਪੈਨਸ਼ਨ ਲਾਗੂ ਕਰ 2004 ਤੋਂ ਬਾਅਦ ਭਰਤੀ ਸਾਰੇ ਮੁਲਾਜ਼ਮ ਵਰਗ ਦੇ ਜੀ ਪੀ ਐੱਫ ਖਾਤੇ ਵੀ ਖੋਲ੍ਹ ਦਿੱਤੇ ਹਨ। ਕਮੇਟੀ ਨੇ ਪੁਰਜ਼ੋਰ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਗੁਆਂਢੀ ਰਾਜਾਂ ਤੋਂ ਸੇਧ ਲੈਂਦੇ ਹੋਏ ਜਲਦ ਪੰਜਾਬ ਵਿੱਚ ਵੀ ਪੁਰਾਣੀ ਪੈਨਸ਼ਨ ਲਾਗੂ ਕਰਨ ਦੀ ਆਪਣੀ ਘੋਸ਼ਣਾ ਨੂੰ ਜਲਦ ਅਮਲੀ ਜਾਮਾ ਪਹਿਨਾ ਕੇ ਮੁਲਾਜ਼ਮਾਂ ਨਾਲ ਕੀਤਾ ਆਪਣਾ ਵਾਅਦਾ ਪੂਰਾ ਕਰੇ ਤੇ ਮੁਲਾਜ਼ਮਾਂ ਦੀ ਬੁਢਾਪੇ ਦੀ ਡੰਗੋਰੀ ਸੁਰੱਖਿਅਤ ਕਰੇ। ਇਸ ਮੌਕੇ ਅਮਰਜੀਤ ਸਿੰਘ, ਮਨੋਜ ਕੁਮਾਰ, ਨਿਤਿਨ ਸੁਮਨ, ਦਿਲਬਾਗ ਸਿੰਘ, ਅਸ਼ਵਨੀ ਕੁਮਾਰ, ਪਰਮਿੰਦਰ ਪੱਖੋਵਾਲ, ਹਰਜਿੰਦਰ ਕੁਮਾਰ, ਸੁਭਾਸ਼ ਚੰਦਰ, ਵਿਜੇ, ਅਸ਼ੋਕ ਕੁਮਾਰ, ਬਲਕਾਰ ਸਿੰਘ, ਦਲਵਿੰਦਰ ਸਿੰਘ, ਗੁਰਬਚਨ ਸਿੰਘ, ਸੁਰਿੰਦਰ ਕੁਮਾਰ ਤੋਂ ਇਲਾਵਾ ਜੀ ਟੀ ਯੂ ਤੋਂ ਨਰੇਸ਼ ਕੁਮਾਰ ਤੇ ਸ਼ਾਮ ਸੁੰਦਰ ਤੋਂ ਇਲਾਵਾ ਹੋਰ ਮੁਲਾਜ਼ਮ ਹਾਜ਼ਰ ਸਨ।

# ਪੰਜਾਬ ਵਿਧਾਨ ਸਭਾ ਵਿਖੇ ਨੇਵਾ ਕਾਨਫਰੰਸ-ਕਮ-ਵਰਕਸ਼ਾਪ ਭਲਕੇ

**ਚੰਡੀਗੜ੍ਹ,( ਗੁਰਜੀਤ ਬਿੱਲਾ )** ਪੰਜਾਬ ਵਿਧਾਨ ਸਭਾ ਵਿਖੇ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ (ਨੇਵਾ) ਕਾਨਫਰੰਸ-ਕਮ-ਵਰਕਸ਼ਾਪ 21 ਸਤੰਬਰ ਨੂੰ ਆਯੋਜਿਤ ਕਰਵਾਈ ਜਾਵੇਗੀ, ਜਿਸ ਦਾ ਉਦਘਾਟਨ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਕਰਨਗੇ। ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ 21 ਅਤੇ 22 ਸਤੰਬਰ ਨੂੰ ਸਾਰੇ ਵਿਧਾਇਕਾਂ ਲਈ ਦੋ ਦਿਨਾ ਵਰਕਸ਼ਾਪ ਲਗਾਈ ਜਾਵੇਗੀ ਅਤੇ ਨਵੀਂ ਆਨਲਾਈਨ ਪ੍ਰਣਾਲੀ ਅਤੇ ਪ੍ਰਾਜੈਕਟ ਸਬੰਧੀ ਸਾਰੀ ਜਾਣਕਾਰੀ ਦਿੱਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਮਾਨ 21 ਸਤੰਬਰ ਨੂੰ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ, ਪੰਜਾਬ ਵਿਧਾਨ ਸਭਾ ਡਿਜ਼ੀਟਲ ਵਿੰਗ, ਪੰਜਾਬ ਵਿਧਾਨ ਸਭਾ ਵੈਬਸਾਈਟ, ਨੇਵਾ ਵਰਕਸ਼ਾਪ ਅਤੇ ਨੇਵਾ ਬਰੋਸ਼ਰ ਦਾ ਉਦਘਾਟਨ ਕਰਨਗੇ। ਦੱਸਿਆ ਕਿ ਇਸ ਕਾਨਫਰੰਸ-ਕਮ-ਵਰਕਸ਼ਾਪ 'ਚ ਆਨਲਾਈਨ ਨੋਟਿਸ ਸੈਕਸ਼ਨ ਅਤੇ ਡਿਜ਼ੀਟਲ, ਆਨਲਾਈਨ ਪ੍ਰਸ਼ਨ ਪ੍ਰੋਸੈਸਿੰਗ ਅਤੇ ਡਿਜ਼ੀਟਾਈਜੇਸ਼ਨ ਮੌਡਿਊਲ, ਆਨਲਾਈਨ ਹਾਊਸ ਕਮੇਟੀ ਮੌਡਿਊਲ, ਰਿਪੋਰਟਰਜ਼ ਮੌਡਿਊਲ ਆਦਿ ਹੋਣ ਵਾਲੇ ਵੱਖ-ਵੱਖ ਸੈਸ਼ਨਾਂ 'ਚ ਸਮੁੱਚੀ ਪ੍ਰਣਾਲੀ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ। ਸੰਧਵਾਂ ਨੇ ਦੱਸਿਆ ਕਿ ਅਗਲੇ ਸੈਸ਼ਨ ਤੋਂ ਪੰਜਾਬ ਵਿਧਾਨ ਸਭਾ ਦੀ ਸਮੁੱਚੀ ਕਾਰਵਾਈ ਹਾਈਟੈਕ ਅਤੇ ਕਾਗਜ਼-ਰਹਿਤ ਹੋਵੇਗੀ। ਉਨ੍ਹਾਂ ਦੱਸਿਆ ਕਿ ਹੁਣ ਸਮੂਹ ਵਿਧਾਇਕ ਵਾਤਾਵਰਣ-ਪੱਖੀ ਪਹਿਲ ਤਹਿਤ ਟੈਬਲੇਟਾਂ ਰਾਹੀਂ ਭਾਵ ਕਾਗਜ਼-ਰਹਿਤ ਪ੍ਰਣਾਲੀ ਅਪਣਾਉਂਦੇ ਹੋਏ ਵਿਧਾਨ ਸਭਾ ਸੈਸ਼ਨਾਂ 'ਚ ਭਾਗ ਲੈਣਗੇ। ਉਨ੍ਹਾਂ ਦੱਸਿਆ ਕਿ ਹੁਣ ਪੰਜਾਬ ਵਿਧਾਨ ਸਭਾ ਸਬੰਧੀ ਜਾਣਕਾਰੀ ਦਾ ਅਦਾਨ-ਪ੍ਰਦਾਨ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ (ਨੇਵਾ) ਰਾਹੀਂ ਹੋਵੇਗਾ। ਨੈਸ਼ਨਲ ਈ-ਵਿਧਾਨ ਐਪ ਅਤੇ ਕਾਰਵਾਈ ਦੀ ਲਾਈਵ ਵੈਬਕਾਸਟਿੰਗ ਰਾਹੀਂ ਲੋਕਾਂ ਦੀ ਭਾਗੀਦਾਰੀ ਵੀ ਵਧੇਗੀ। ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ (ਨੇਵਾ) ਦਾ ਉਦੇਸ਼ ਦੇਸ਼ ਦੀਆਂ ਸਾਰੀਆਂ ਵਿਧਾਨ ਸਭਾਵਾਂ ਨੂੰ ਇੱਕ ਪਲੇਟਫਾਰਮ 'ਤੇ ਲਿਆਉਣਾ ਹੈ, ਜਿਸ ਨਾਲ ਕਈ ਐਪਲੀਕੇਸ਼ਨਾਂ ਦੀ ਗੁੰਝਲਤਾ ਤੋਂ ਬਿਨਾਂ ਇੱਕ ਵਿਸ਼ਾਲ ਡੇਟਾ ਡਿਪਾਜ਼ਟਰੀ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਾਰੇ ਵਿਧਾਇਕਾਂ ਦੇ ਮੇਜ਼ਾਂ 'ਤੇ ਟੈਬਲੇਟ ਲਾਉਣ ਦਾ ਕਾਰਜ ਮੁਕੰਮਲ ਕਰ ਲਿਆ ਗਿਆ ਹੈ, ਜਿਸ ਨਾਲ ਹੁਣ ਸਦਨ ਦੀ ਕਾਰਵਾਈ ਆਨਲਾਈਨ ਹੋਵੇਗੀ।

# ਪੰਜਾਬ ਪੈਂਨਸ਼ਨ ਯੂਨੀਅਨ ਦੀ ਮਹੀਨਾ ਵਾਰ ਮੀਟਿੰਗ ਹੋਈ



**ਜਲੰਧਰ ( ਰਾਜੇਸ਼ ਥਾਪਾ )** ਪੰਜਾਬ ਪੈਂਨਸ਼ਨ ਯੂਨੀਅਨ ਜ਼ਿਲ੍ਹਾ ਜਲੰਧਰ ਦੀ ਮਹੀਨਾਵਾਰ ਮੀਟਿੰਗ ਸਾਥੀ ਪ੍ਰਦੀਪ ਕੁਮਾਰ ਦੀ ਪ੍ਰਧਾਨਗੀ ਹੇਠ ਕਾ. ਜਸਵੰਤ ਸਮਰਾ ਯਾਦਗਾਰ ਹਾਲ ਵਿਖੇ ਹੋਈ। ਇਸ ਮੌਕੇ ਪਿਛਲੀ ਦਿਨੀ ਬਾਰਾਮੂਲਾ ਪਾਕਿਸਤਾਨ ਬਾਰਡਰ 'ਤੇ ਸ਼ਹੀਦ ਹੋਏ ਫੌਜੀ ਜਵਾਨਾਂ ਅਤੇ ਹੋਰ ਕੁਦਰਤੀ ਆਫਤਾਂ ਨਾਲ ਦੇਸ਼ ਵਿਦੇਸ਼ਾਂ ਵਿੱਚ ਹੋਈਆਂ ਮੌਤਾਂ ਦਾ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਵਿੱਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸਾਥੀ ਜਗਤਾਰ ਸਿੰਘ ਭੁੰਗਰਨੀ ਨੇ ਦੱਸਿਆ ਕਿ ਭਗਵੰਤ ਮਾਨ ਦੀ ਤੀਜੇ ਬਦਲ ਦੀ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੇ ਪੂਰਨਿਆ ਤੇ ਚੱਲਦੀ ਹੋਈ ਵਰਕਰਾਂ ਅਤੇ ਪੈਂਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਲਾਗੂ ਕਰਨ ਲਈ ਟਾਲ ਮਟੋਲ ਦੀ ਨੀਤੀ ਅਪਨਾ ਰਹੀ ਹੈ। ਇਸ ਮੌਕੇ ਪੈਂਸ਼ਨਰਾਂ ਦੇ ਏ .ਜੀ. ਦਫਤਰ ਦੇ ਕੰਮਾਂ ਵਿਚ ਆਈ ਖੜੋਤ ਦੂਰ ਕਰਨ ,ਮੈਡੀਕਲ ਬਿੱਲਾਂ ਦਾ ਨਿਪਟਾਰਾ ਨਾ ਕਰਨਾ,ਸਰਕਾਰ ਵੱਲੋਂ ਦਿੱਤੇ 6% ਡੀ ਏ ਦੀ ਕਿਸ਼ਤ ਦੇ ਬਕਾਏ ਬੈਂਕਾਂ ਵਲੋਂ ਭੁਗਤਾਨ ਨਾ ਕਰਨਾ ਅਤੇ ਪੈਂਨਸਨਰਾਂ ਨੂੰ 2.59 ਦਾ ਫਾਰਮੂਲਾ ਲਾਗੂ ਨਾ ਕਰਨ ਦੀ ਸਖਤ ਨਿਖੇਧੀ ਕੀਤੀ ਗਈ। ।ਪੰਜਾਬ ਪੈਂਨਸ਼ਨ ਯੂਨੀਅਨ ਵੱਲੋਂ ਜਿਲਾ ਜਲੰਧਰ ਦੇ ਦੋ ਸਾਥੀ ਮਹਿੰਗਾ ਸਿੰਘ ਉਮਰ 65ਸਾਲ ਅਤੇ ਸੁਰਿੰਦਰ ਸਿੰਘ ਇਲੈਟ੍ਰੀਸ਼ਨ ਉਮਰ 70 ਸਾਲ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਤ ਕੀਤੇ ਗਏ । ਇਸ ਮੌਕੇ ਅਵਤਾਰ ਸਿੰਘ ਤਾਰੀ ਜਥੇਬੰਦਕ ਸਕੱਤਰ ਜਲੰਧਰ -1 ਦੇ ਪ੍ਰਧਾਨ ਸਾਥੀ ਹਰਿੰਦਰ ਸਿੰਘ ਚੀਮਾਂ , ਜਨਰਲ ਸਕੱਤਰ ਵਿਜੇ ਕੁਮਾਰ ਸ਼ਰਮਾ, ਦਿਲਜੀਤ ਸਿੰਘ ਸੁੱਜੋ , ਸੰਤੋਖ ਸਿੰਘ ਕੈਸ਼ੀਅਰ , ਬਲਵਿੰਦਰ ਸਿੰਘ ਮੁਲਤਾਨੀ, ਜਗੀਰ ਸਿੰਘ ,ਗੁਰਦਿਆਲ ਸਿੰਘ ਜਲਵੇਹੜਾ ,ਜਗਦੇਵ ਸਿੰਘ ਕੁਕੋਵਾਲ ,ਜੋਗਿੰਦਰ ਸਿੰਘ ਦਵਿੰਦਰਪਾਲ ਸਿੰਘ ,ਸ਼ਾਮ ਲਾਲ, ਮੀਤ ਪ੍ਰਧਾਨ ਸੰਦੀਪ ਕੁਮਾਰ ਗੁਰਮੇਲ ਸਿੰਘ , ਮੱਸਾ ਸਿੰਘ , ਸਾਧੂ ਸਿੰਘ , ਮੇਵਾ ਸਿੰਘ , ਭੁਪਿੰਦਰ ਸਿੰਘ, ਚੰਦਨ ,ਸੰਦੀਪ ਕੁਮਾਰ ਪ੍ਰਧਾਨ ,ਗੁਰਜੀਤ ਸਿੰਘ ਜਨ. ਸਕੱਤਰ ਪ੍ਰਤਾਪ ਬਹਾਦਰ ਆਦਿ ਨੇ ਵੀ ਸੰਬੋਧਨ ਕੀਤਾ।

# ਬੈਂਕ ਪੜ੍ਹੇ-ਲਿਖੇ ਬੇਰੋਜ਼ਗਾਰਾਂ ਨੂੰ ਵੱਧ ਤੋਂ ਵੱਧ ਕਰਜ਼ਾ ਦੇਣ : ਵਧੀਕ ਡਿਪਟੀ ਕਮਿਸ਼ਨਰ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਬੈਂਕ ਵੱਖ-ਵੱਖ ਕਰਜ਼ਾ ਯੋਜਨਾਵਾਂ ਰਾਹੀਂ ਨੌਜਵਾਨਾਂ ਨੂੰ ਮਜ਼ਬੂਤ ਕਰਨ ਲਈ ਪੜ੍ਹੇ-ਲਿਖੇ ਬੇਰੋਜ਼ਗਾਰ ਨੌਜਵਾਨਾਂ ਨੂੰ ਵੱਧ ਤੋਂ ਵੱਧ ਕਰਜ਼ਾ ਪ੍ਰਦਾਨ ਕਰਨ, ਤਾਂ ਜੋ ਉਹ ਮਜ਼ਬੂਤ ਹੋ ਸਕਣ। ਇਹ ਵਿਚਾਰ ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਜ਼ਿਲ੍ਹੇ ਦੇ ਲੀਡ ਬੈਂਕ ਵਲੋਂ ਜ਼ਿਲ੍ਹੇ ਦੇ ਬੈਂਕਾਂ ਦੇ ਕੰਮਕਾਜ ਦਾ ਜਾਇਜ਼ਾ ਲੈਣ ਸਬੰਧੀ ਜ਼ਿਲ੍ਹਾ ਸਲਾਹਕਾਰ ਕਮੇਟੀ ਅਤੇ ਜ਼ਿਲ੍ਹਾ ਪੱਧਰੀ ਸਮੀਖਿਆ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਰੱਖੇ। ਵਧੀਕ ਡਿਪਟੀ ਕਮਿਸ਼ਨਰ ਨੇ ਇਸ ਦੌਰਾਨ ਬੈਂਕਾਂ ਨੂੰ ਸੀ.ਡੀ ਰੇਸ਼ੋ ਵਧਾਉਣ ਦੀ ਜ਼ਰੂਰਤ ਸਬੰਧੀ ਨਿਰਦੇਸ਼ ਦਿੰਦਿਆਂ ਬੈਂਕਾਂ ਨੂੰ ਇਸ ਦਿਸ਼ਾ ਵੱਲ ਧਿਆਨ ਦੇਣ ਲਈ ਕਿਹਾ, ਤਾਂ ਜੋ ਵੱਧ ਤੋਂ ਵੱਧ ਲੋਕ ਖਾਸ ਤੌਰ 'ਤੇ ਪੜ੍ਹੇ-ਲਿਖੇ ਬੇਰੋਜ਼ਗਾਰ ਨੌਜਵਾਨ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੇ ਲੋਕ ਕਰਜ਼ਾ ਪ੍ਰਾਪਤ ਕਰਕੇ ਆਰਥਿਕ ਧੰਦੇ ਸ਼ੁਰੂ ਕਰਕੇ ਜੀਵਨ ਪੱਧਰ ਨੂੰ ਉੱਚਾ ਚੁੱਕ ਸਕਣ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਵੱਖ-ਵੱਖ ਬੈਂਕਾਂ ਦੁਆਰਾ ਕਰਜ਼ਾ ਯੋਜਨਾ ਸਾਲ 2023-24 ਤਹਿਤ ਜੂਨ 2023 ਤੱਕ ਕੁੱਲ 2020.22 ਕਰੋੜ ਰੁਪਏ ਕਰਜ਼ੇ ਵਜੋਂ ਦਿੱਤੇ ਗਏ, ਜਦਕਿ ਟੀਚਾ 2469.75 ਕਰੋੜ ਰੁਪਏ ਦਾ ਸੀ। ਇਸ ਵਿਚ ਤਰਜੀਹੀ ਖੇਤਰ ਨੂੰ 1437.37 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ, ਜਦਕਿ ਗੈਰ-ਤਰਜੀਹੀ ਖੇਤਰ ਵਿਚ 582 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਗਏ। ਤਰਜੀਹੀ ਖੇਤਰ ਵਿਚ 709.90 ਕਰੋੜ ਰੁਪਏ ਖੇਤੀਬਾੜੀ ਲਈ, 651.77 ਕਰੋੜ ਰੁਪਏ ਗੈਰ-ਖੇਤੀਬਾੜੀ ਲਈ, 75.70 ਕਰੋੜ ਰੁਪਏ ਹੋਰਨਾਂ ਤਰਜੀਹੀ ਖੇਤਰਾਂ ਨੂੰ ਕਰਜ਼ੇ ਵਜੋਂ ਦਿੱਤੇ ਗਏ। ਰਾਹੁਲ ਚਾਬਾ ਨੇ ਬੈਂਕਾਂ ਨੂੰ ਵੱਧ ਤੋਂ ਵੱਧ ਸਵੈ ਸਹਾਇਤਾ ਗਰੁੱਪਾਂ ਨੂੰ ਕਰਜ਼ਾ ਪ੍ਰਦਾਨ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਬੈਂਕਾਂ ਨੂੰ ਵੱਖ-ਵੱਖ ਸਕੀਮਾਂ ਬਾਰੇ ਲੋਕਾਂ ਨੂੰ ਜਾਣਕਾਰੀ ਦੇਣ ਅਤੇ ਖੇਤੀ ਅਤੇ ਲਘੂ ਉਦਯੋਗ, ਸੇਵਾ ਖੇਤਰ, ਸਰਕਾਰੀ ਪ੍ਰੋਗਰਾਮਾਂ ਜਿਵੇਂ ਕਿ ਪ੍ਰਧਾਨ ਮੰਤਰੀ ਰੋਜ਼ਗਾਰ ਸਿਰਜਣ ਪ੍ਰੋਗਰਾਮ, ਰਾਸ਼ਟਰੀ ਸ਼ਹਿਰੀ ਆਜੀਵਿਕਾ ਮਿਸ਼ਨ, ਡੇਅਰੀ ਟਾਈ-ਅੱਪ ਯੋਜਨਾ, ਪ੍ਰਧਾਨ ਮੰਤਰੀ ਸਵੈ ਨਿਧੀ ਪ੍ਰੋਗਰਾਮ ਤਹਿਤ ਕਰਜ਼ੇ ਦੇਣ ਦੀ ਪ੍ਰਕਿਰਿਆ ਵਿਚ ਤੇਜ਼ੀ ਲਿਆਉਣ ਲਈ ਵੀ ਕਿਹਾ। ਉਨ੍ਹਾਂ ਬੈਂਕਾਂ ਨੂੰ ਕਿਹਾ ਕਿ ਕਿ ਡੀ.ਆਰ.ਆਈ ਸਕੀਮ ਵਿਚ ਵੱਧ ਤੋਂ ਵੱਧ ਗਰੀਬ ਲੋਕਾਂ ਨੂੰ ਕਰਜ਼ਾ ਦਿੱਤਾ ਜਾਵੇ, ਤਾਂ ਜੋ ਉਨ੍ਹਾਂ ਦੀ ਆਮਦਨ ਵਿਚ ਵਾਧਾ ਹੋ ਸਕੇ ਅਤੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਹੋ ਸਕੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਅਤੇ ਪ੍ਰਧਾਨ ਮੰਤਰੀ ਜੀਵਨ ਜੋਤੀ ਯੋਜਨਾ ਤਹਿਤ ਵੱਧ ਤੋਂ ਵੱਧ ਗਰੀਬ ਲੋਕਾਂ ਦਾ ਬੀਮਾ ਕੀਤਾ ਜਾਵੇ।

# ਨਕਾਬਪੋਸ਼ ਲੁਟੇਰਿਆਂ ਨੇ ਪੈਟਰੋਲ ਪੰਪ ਤੋਂ ਇੱਕ ਲੱਖ ਰੁਪਏ ਦੀ ਨਕਦੀ ਲੁੱਟੀ



**ਕਾਲਾ ਸੰਘਿਆਂ (ਮਨਜੀਤ ਮਾਨ)**- ਅੱਜ ਦੁਪਹਿਰ ਢਾਈ ਵਜੇ ਦੇ ਕਰੀਬ ਕਾਲਾ ਸੰਘਿਆਂ ਸੁਲਤਾਨਪੁਰ ਮੁੱਖ ਮਾਰਗ 'ਤੇ ਰਾਜ ਇੰਡੀਅਨ ਆਇਲ ਪੰਪ ਤੋਂ ਦੋ ਮੂੰਹ ਬੰਨ੍ਹੇ ਮੋਟਰਸਾਈਕਲ ਸਵਾਰ ਲੁਟੇਰੇ ਪੈਟਰੋਲ ਪੰਪ ਦੇ ਕਰਿੰਦਿਆਂ ਕੋਲੋਂ ਪਿਸਤੌਲ ਦੀ ਨੋਕ 'ਤੇ ਕਰੀਬ 1 ਲੱਖ ਦੀ ਨਗਦੀ ਖੋਹ ਕੇ ਫਰਾਰ ਹੋ ਗਏ । ਪੈਟਰੋਲ ਪੰਪ ਦੇ ਕਰਿੰਦਿਆਂ ਵੱਲੋਂ ਤੁਰੰਤ 112 ਨੰਬਰ 'ਤੇ ਇਸ ਲੁੱਟ ਦੀ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਇਸ ਲੁੱਟ ਖੋਹ ਦੀ ਘਟਨਾ ਦਾ ਪਤਾ ਚੱਲਦਿਆਂ ਹੀ ਡੀ ਐਸ ਪੀ ਨਕੋਦਰ ਸੁਖਪਾਲ ਸਿੰਘ, ਐਸ ਪੀ ਡੀ ਸੁਰਿੰਦਰ ਪਾਲ ਸਿੰਘ ਧੋਗੜੀ, ਸੀ ਆਈ ਏ ਸਟਾਫ ਦੇ ਇੰਸਪੈਕਟਰ ਵਿਕਰਮਜੀਤ ਸਿੰਘ, ਥਾਣਾ ਸਦਰ ਨਕੋਦਰ ਦੇ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਤੁਰੰਤ ਘਟਨਾ ਸਥਾਨ 'ਤੇ ਪਹੁੰਚੇ । ਪੈਟਰੋਲ ਪੰਪ ਦੇ ਕਰਿੰਦਿਆਂ ਸੰਜੇ ਕੁਮਾਰ, ਅਮਰਜੀਤ ਪਸਵਾਨ ਤੇ ਮਨਜੀਤ ਚੁਰਾਸੀਆ ਨੇ ਪੁਲਸ ਨੂੰ ਬਿਆਨ ਦਰਜ ਕਰਵਾਉਂਦੇ ਹੋਏ ਦੱਸਿਆ ਕਿ ਦੁਪਹਿਰ ਢਾਈ ਵਜੇ ਦੇ ਕਰੀਬ ਐਚ ਐਫ ਡੀਲਕਸ ਮੋਟਰਸਾਈਕਲ ਜਿਸ ਦੇ ਨੰਬਰ ਪਲੇਟਾਂ 'ਤੇ ਨੰਬਰ ਖੁਰਚੇ ਹੋਏ ਸਨ 'ਤੇ ਸਵਾਰ ਦੋ ਨੌਜਵਾਨ ਜਿਨ੍ਹਾਂ ਦੇ ਮੂੰਹ ਬੰਨ੍ਹੇ ਹੋਏ ਸਨ, ਪੈਟਰੋਲ ਪੰਪ 'ਤੇ ਪਹੁੰਚੇ ਅਤੇ ਪਿਸਤੌਲ ਦੀ ਨੋਕ 'ਤੇ ਸਾਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਸਾਡੀ ਮਾਰਕੁਟਾਈ ਵੀ ਕੀਤੀ। ਲੁਟੇਰੇ ਜਾਂਦੇ ਹੋਏ ਸਾਡੇ ਤਿੰਨਾਂ ਦੇ ਮੋਬਾਇਲ ਫੋਨ ਵੀ ਖੋਹ ਕੇ ਲੈ ਗਏ ਤੇ ਸਾਡੇ ਕੋਲੋਂ ਇੱਕ ਲੱਖ ਦੇ ਕਰੀਬ ਨਗਦੀ ਖੋਹ ਕੇ ਧਮਕੀਆਂ ਦਿੰਦੇ ਹੋਏ ਮੌਕੇ ਤੋਂ ਫਰਾਰ ਹੋ ਗਏ। ਇਸ ਮਾਮਲੇ ਸੰਬੰਧੀ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਥਾਣਾ ਨਕੋਦਰ ਦਿਹਾਤੀ ਦੇ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਪੈਟਰੋਲ ਪੰਪ ਦੇ ਕਰਿੰਦਿਆਂ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਵੱਲੋਂ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਸ਼ੇਰੋਵਾਲੀਆ ਨੇ ਵਾਰਡ ਨੰਬਰ 10 'ਚ ਮੋਟਰ ਲਗਵਾਈ



**ਸ਼ਾਹਕੋਟ (ਗਿਆਨ ਸੈਦਪੁਰੀ )**ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੇ ਦਿਸ਼ਾ ਨਿਰਦੇਸ਼ ਹੇਠ ਮੁਹੱਲਾ ਢੇਰੀਆਂ ਵਾਰਡ ਨੰਬਰ 10 ਵਿੱਚ ਮੁਹੱਲਾ ਨਿਵਾਸੀਆਂ ਦੀ ਮੰਗ 'ਤੇ ਆਪਣੇ ਵੱਲੋਂ ਸਮਰਸੀਬਲ ਮੋਟਰ ਲਗਵਾਈ ਗਈ। ਮੋਟਰ ਲਗਵਾਉਣ ਮੌਕੇ ਹਲਕਾ ਵਿਧਾਇਕ ਦੇ ਪੀ. ਏ. ਸੁਖਦੀਪ ਸਿੰਘ ਸੋਨੂੰ ਕੰਗ, ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਖੁਸ਼ਦੀਪ ਸਿੰਘ ਧੰਜੂ, ਸਾਬਕਾ ਏ. ਐਸ. ਆਈ ਪ੍ਰੀਤਮ ਦਾਸ, ਟਰਾਂਸਪੋਟਰ ਮਨਜੀਤ ਸਿੰਘ ਸੱਤਾ, ਤਾਰੀ ਨੰਬਰਦਾਰ, ਕੁਲਬੀਰ ਸਿੰਘ ਧੰਜੂ, ਬੰਟੀ ਬੱਠਲਾ, ਸਾਬਾ ਪੰਡਿਤ ਆਦਿ ਮੌਜੂਦ ਸਨ।

# ਬਾਲੀ ਦੇ ਸੰਘਰਸ਼ ਦੀ ਹਮਾਇਤ



**ਨੂਰਮਹਿਲਰ (ਬਾਲ ਕ੍ਰਿਸ਼ਨ ਬਾਲੀ)**-ਅੱਜ ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਸਾਬਕਾ ਸੂਬਾ ਆਗੂ ਅਤੇ ਡਿਵੀਜ਼ਨ ਨਕੋਦਰ ਦੇ ਪ੍ਰਧਾਨ ਗੁਰਕਮਲ ਸਿੰਘ, ਜ਼ੋਨ ਜਲੰਧਰ ਦੇ ਜੁਆਇੰਟ ਸਕੱਤਰ ਸ਼ਿੰਦਰ ਸਿੰਘ, ਸਬ ਡਵੀਜ਼ਨ ਨੂਰਮਹਿਲ ਦੇ ਪ੍ਰਧਾਨ ਸੈਮੂਅਲ ਮਸੀਹ ਨੇ ਹੋਰ ਮੈਂਬਰਾਂ ਨਾਲ ਕਾਮਰੇਡ ਬਾਲ ਕ੍ਰਿਸ਼ਨ ਬਾਲੀ ਪੱਤਰਕਾਰ ਦੇ ਸਰਕਾਰੀ ਸਕੂਲ ਨੂਰਮਹਿਲ ਦੀ ਬਿਲਡਿੰਗ ਨੂੰ ਪੂਰਾ ਕਰਨ ਲਈ ਕੀਤੇ ਜਾ ਰਹੇ ਲਗਾਤਾਰ ਸੰਘਰਸ਼ ਦੀ ਹਮਾਇਤ ਕੀਤੀ ਅਤੇ ਧਰਨੇ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਅਤੇ ਮੰਗ ਕੀਤੀ ਕਿ ਸਰਕਾਰੀ ਸਕੂਲ ਨੂਰਮਹਿਲ ਦੀ ਬਿਲਡਿੰਗ ਨੂੰ ਪੂਰਾ ਕੀਤਾ ਜਾਵੇ ਤਾਂ ਜੋ ਗਰੀਬ ਵਰਗ ਦੇ ਲੋਕਾਂ ਦੇ ਬੱਚੇ ਚੰਗੀ ਸਿੱਖਿਆ ਪ੍ਰਾਪਤ ਕਰ ਸਕਨ।

# ਮੇਹਰਚੰਦ ਪੋਲੀਟੈਕਨਿਕ ਵਿਖੇ ਮੰਥਨ ਪ੍ਰੋਗਰਾਮ



**ਜਲੰਧਰ ( ਸ਼ੈਲੀ ਐਲਬਰਟ)**-ਮੇਹਰਚੰਦ ਪੋਲੀਟੈਕਨਿਕ ਕਾਲਜ ਦੇ ਫਾਰਮੇਸੀ ਵਿਭਾਗ ਵਿਖੇ ਵਿਦਿਆਰਥੀਆਂ ਨਾਲ ਮੰਥਨ-ਇੱਕ ਸੰਵਾਦ ਪ੍ਰੋਗਰਾਮ ਦੀ ਲੜੀ ਅਧੀਨ ਪ੍ਰਿੰਸੀਪਲ ਡਾ.ਜਗਰੂਪ ਸਿੰਘ ਵਲੋਂ ਗੱਲਬਾਤ ਕੀਤੀ ਗਈ।

ਉਨ੍ਹਾਂ ਵਿਦਿਆਰਥੀਆਂ ਦੇ ਲਕਸ਼, ਰੋਲ, ਵਿਕਾਸ ਅਤੇ ਕੈਰੀਅਰ ਸਬੰਧੀ ਜ਼ਿੰਮੇਵਾਰੀਆਂ 'ਤੇ ਚਾਨਣਾ ਪਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਉਦਾਹਰਨ ਦੇ ਕੇ ਸਮਝਾਇਆ ਕਿ ਜ਼ਿੰਦਗੀ ਵਿੱਚ ਕਿਸਮਤ, ਗਿਆਨ, ਮਿਹਨਤ ਨਾਲੋਂ ਵੀ ਵੱਧ ਇੱਕ ਵਿਦਿਆਰਥੀ ਦੀ ਸਫ਼ਲਤਾ ਉਸ ਦੇ ਅਨੁਸ਼ਾਸਨ, ਮੁਸ਼ਕਲਾਂ ਸਬੰਧੀ ਰਵੱਈਏ ਤੇ ਅੱਗੇ ਵਧਣ ਦੀ ਭੁੱਖ ਅਤੇ ਚਾਹਤ 'ਤੇ ਨਿਰਭਰ ਕਰਦੀ ਹੈ। ਉਨ੍ਹਾਂ ਵਿੱਦਿਆਰਥੀਆਂ ਨੂੰ ਹਮੇਸ਼ਾ ਕੁਝ ਨਾ ਕੁਝ ਸਿੱਖਦੇ ਰਹਿਣ ਲਈ ਪ੍ਰੇਰਿਆ। ਇਸ ਮੌਕੇ ਮੁਖੀ ਵਿਭਾਗ ਡਾ. ਸੰਜੇ ਬਾਂਸਲ, ਮੈਡਮ ਮੀਨਾ ਬਾਂਸਲ, ਸੰਦੀਪ ਕੁਮਾਰ, ਮੇਜਰ ਪੰਕਜ ਗੁਪਤਾ, ਮਿਸ ਸਵਿਤਾ ਕੁਮਾਰੀ ਤੇ ਅਭਿਸ਼ੇਕ ਕੁਮਾਰ ਵੀ ਹਾਜ਼ਰ ਸਨ। ਇਹ ਪ੍ਰੋਗਰਾਮ ਫਾਰਮੇਸੀ ਦੇ ਸਟੂਡੈਂਟ ਐਕਟੀਵਿਟੀ ਸੈਂਟਰ ਵਿੱਚ ਕੀਤਾ ਗਿਆ । ਮੈਡਮ ਮੀਨਾ ਬਾਂਸਲ ਨੇ ਪ੍ਰਿੰਸੀਪਲ ਡਾ.ਜਗਰੂਪ ਸਿੰਘ ਦਾ ਧੰਨਵਾਦ ਕੀਤਾ।

# ਸਾਲਾਨਾ ਮੁਫਤ ਮੈਡੀਕਲ ਤੇ ਖੂਨਦਾਨ ਕੈਂਪ ਲਗਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਢਾਡਾ ਖੁਰਦ ਐਨ. ਕੇ. ਹਰਿ ਫਾਇਟਰ ਕਲੱਬ ਵਿਖੇ ਸਲਾਨਾ 7ਵਾਂ ਮੁਫਤ ਮੈਡੀਕਲ ਅਤੇ ਖੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਚੇਅਰਮੈਨ ਕੁਲਦੀਪ ਬੰਗਾ ਅਤੇ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਕੈਂਪ ਦਾ ਮੁੱਖ ਮਹਿਮਾਨ ਜੈ ਕਿਸ਼ਨ ਸਿੰਘ ਰੋੜੀ ਡਿਪਟੀ ਸਪੀਕਰ ਅਤੇ ਐਮ ਐਲ ਏ ਗੜ੍ਹਸ਼ੰਕਰ ਨੇ ਰੀਬਨ ਕੱਟ ਕੇ ਕੀਤਾ। ਪ੍ਰਬੰਧਕਾਂ ਨੇ ਦੱਸਿਆ ਕਿ ਮੁਫਤ ਮੈਡੀਕਲ ਕੈਂਪ ਵਿੱਚ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫੂਤਹੀ ਨੇ 150 ਮਰੀਜਾਂ ਦੀ ਜਾਂਚ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸੇ ਤਰ੍ਹਾਂ ਵਿਸ਼ਾਲ ਖੂਨਦਾਨ ਕੈਂਪ ਦੌਰਾਨ ਭਾਈ ਘੱਨਈਆ ਬਲੱਡ ਬੈਂਕ ਹੁਸ਼ਿਆਰਪੁਰ ਦੀ ਟੀਮ ਨੇ ਪੁੱਜ 35 ਯੂਨਿਟ ਪ੍ਰਾਪਤ ਕੀਤੇ। ਪ੍ਰਬੰਧਕਾਂ ਵੱਲੋਂ ਖੂਨਦਾਨ ਕਰਨ ਵਾਲਿਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਕੁਲਦੀਪ ਬੰਗਾ, ਪ੍ਰਧਾਨ ਸੁਰਿੰਦਰ ਕੁਮਾਰ, ਜਸਪਾਲ ਬੰਗਾ, ਗਗਨ ਕੁਮਾਰ, ਅਸਵਨੀ ਕੁਮਾਰ, ਬਿੱਲਾ ਖੜੌਦੀ, ਗਿੰਦੀ ਢਾਡਾ, ਮਨਪ੍ਰੀਤ ਬੰਗਾ, ਡਾਕਟਰ ਕੇਸ਼ਵ ਬੰਗਾ ਆਦਿ ਹਾਜ਼ਰ ਸਨ।

# 'ਲੇਬਰ ਕਾਰਡਾਂ ਨੂੰ ਤੁਰੰਤ ਰਿਨਿਊ ਕੀਤਾ ਜਾਵੇ'



**ਫਿਲੌਰ, (ਨਿਰਮਲ)**-ਪੰਜਾਬ ਉਸਾਰੀ ਕਿਰਤੀ ਭਲਾਈ ਬੋਰਡ ਦੇ ਆਨ-ਲਾਈਨ ਪੋਰਟਲ ਵਿੱਚ ਵੱਡੀਆਂ ਖਾਮੀਆਂ ਹੋਣ ਕਾਰਨ ਉਸਾਰੀ ਕਿਰਤੀਆਂ ਅਤੇ ਬੋਰਡ ਦੇ ਮੁਲਾਜ਼ਮਾਂ ਨੂੰ ਅਨੇਕਾਂ ਮੁਸ਼ਕਲਾਂ ਦਰਪੇਸ਼ ਹਨ। ਉਸਾਰੀ ਕਿਰਤੀਆਂ ਦੇ ਲੇਬਰ ਕਾਰਡ ਨਵਿਆਉਣ (ਰਿਨਿਊ) ਦਾ ਕੰਮ ਇਕ ਤਰ੍ਹਾਂ ਰੁਕ ਗਿਆ ਹੈ। ਕਿਓਂਕਿ ਲਾਭਪਾਤਰੀਆਂ ਵਲੋ ਲੋੜੀਂਦੇ ਦਸਤਾਵੇਜ਼ ਲਗਾ ਕੇ ਆਪਣੇ ਲੇਬਰ ਕਾਰਡ ਨਵਿਆਉਣ ਲਈ ਸੇਵਾ ਕੇਂਦਰਾਂ ਵਿੱਚ ਅਪਲਾਈ ਕਰਨ ਉਪਰੰਤ ਉਨ੍ਹਾਂ ਦਾ 'ਸਟੇਟਸ' ਲਗਾਤਾਰ 'ਪੇਂਡਿੰਗ' ਆ ਰਿਹਾ ਹੈ। ਭਾਵੇਂ ਕਿ ਲੇਬਰ ਇਨਫੋਰਸਮੈਂਟ ਅਫਸਰਾਂ ਅਤੇ ਬੋਰਡ ਦੇ ਮੁਲਾਜ਼ਮਾਂ ਵਲੋਂ ਇਸ ਸਬੰਧੀ ਬੋਰਡ ਦੇ ਮੁੱਖ ਦਫਤਰ ਵਿੱਚ ਲਗਾਤਾਰ ਨੋਟ ਕਰਵਾਇਆ ਜਾ ਰਿਹਾ ਹੈ ਪਰ ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਰਜਿਸਟ੍ਰੇਸ਼ਨ ਰਿਨਿਊ ਨਾ ਹੋ ਸਕਣ ਕਾਰਨ ਉਸਾਰੀ ਕਿਰਤੀਆਂ ਦੀਆਂ ਭਲਾਈ ਸਕੀਮਾਂ ਵੀ ਅਪਲਾਈ ਨਹੀਂ ਹੋ ਸਕਦੀਆਂ। ਲੇਬਰ ਕਾਰਡ ਰਿਨਿਊ ਨਾ ਹੋਣ ਕਾਰਨ ਨਿਰਾਸ਼ਾ ਵਿੱਚ ਡੁੱਬੇ 4 ਦਰਜਨ ਤੋਂ ਵੱਧ ਉਸਾਰੀ ਕਿਰਤੀਆਂ ਨੇ ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐੱਨ.ਐੱਲ.ਓ.) ਦੇ ਕਨਵੀਨਰ ਅਤੇ ਮੁਲਾਜਮ ਅਤੇ ਸਮਾਜਿਕ ਜੱਥੇਬੰਦੀਆਂ ਦੀ ਸੂਬਾਈ ਜੁਆਇੰਟ ਐਕਸ਼ਨ ਕਮੇਟੀ ਦੇ ਮੀਡੀਆ ਇੰਚਾਰਜ ਬਲਦੇਵ ਭਾਰਤੀ ਸਟੇਟ ਅਵਾਰਡੀ ਨਾਲ ਮੁਲਾਕਾਤ ਕਰਕੇ ਆਪਣੀ ਹੋ ਰਹੀ ਖੱਜਲ ਖੁਆਰੀ ਅਤੇ ਆਰਥਿਕ ਨੁਕਸਾਨ ਬਾਰੇ ਇਹ ਜਾਣਕਾਰੀ ਲਿਖਤੀ ਰੂਪ ਵਿੱਚ ਸਾਂਝੀ ਕੀਤੀ। ਉਨ੍ਹਾਂ ਪੁਰਜ਼ੋਰ ਮੰਗ ਕੀਤੀ ਕਿ ਉਸਾਰੀ ਕਿਰਤੀਆਂ ਵਲੋਂ ਨਵਿਆਉਣ ਲਈ ਅਪਲਾਈ ਹੋ ਰਹੇ ਲੇਬਰ ਕਾਰਡਾਂ ਨੂੰ ਤੁਰੰਤ ਰਿਨਿਊ ਕੀਤਾ ਜਾਵੇ ਅਤੇ ਉਨ੍ਹਾਂ ਦੇ ਹੋ ਰਹੇ ਆਰਥਿਕ ਨੁਕਸਾਨ ਅਤੇ ਖੱਜਲ ਖੁਆਰੀ ਨੂੰ ਰੋਕਿਆ ਜਾਵੇ।

## ਆਯੂਸ਼ਮਾਨ ਭਵ ਮੁਹਿੰਮ ਤਹਿਤ ਸਿਹਤ ਤੰਦਰੁਸਤੀ ਕੇਂਦਰਾਂ 'ਚ ਲਗਾਏ ਮੇਲੇ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**- ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਵਿਧਾਨ ਚੰਦਰ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਨੂਰਪੁਰ ਬੇਦੀ ਦੀ ਅਗਵਾਈ ਹੇਠ ਨੂਰਪੁਰ ਬੇਦੀ ਬਲਾਕ ਦੇ ਸਾਰੇ ਸਿਹਤ ਤੇ ਤੰਦਰੁਸਤੀ ਕੇਂਦਰਾਂ ਵਿੱਚ ਆਯੂਸ਼ਮਾਨ ਭਵ ਮੁਹਿੰਮ ਅਧੀਨ ਸਿਹਤ ਮੇਲੇ ਦਾ ਆਯੋਜਨ ਕੀਤਾ ਗਿਆ। ਇਹਨਾਂ ਸਿਹਤ ਮੇਲਿਆ ਦੌਰਾਨ ਗੈਰ ਸੰਚਾਰੀ ਰੋਗਾਂ ਦੀ ਸਕਰੀਨਿੰਗ ਕੀਤੀ ਗਈ। ਇਹਨਾਂ ਮੇਲੇ ਦੌਰਾਨ ਆਭਾ ਆਈ.ਡੀ.,ਟੀਕਾਕਰਨ ਕੈਂਪ,ਆਯੂਸ਼ਮਾਨ ਭਾਰਤ ਕਾਰਡ ਸੇਵਾਂਵਾ ਦਿੱਤੀਆਂ ਗਈਆਂ। ਇਸ ਮੌਕੇ 'ਤੇ ਉਹਨਾਂ ਨੇ ਕਿਹਾ ਕਿ ਆਯੂਸ਼ਮਾਨ ਭਵ ਸਕੀਮ ਅਧੀਨ 17 ਸਤੰਬਰ ਤੋਂ 02 ਅਕਤੂਬਰ ਤੱਕ ਸਿਹਤ ਮੇਲੇ ਲਗਾਏ ਜਾਣਗੇ ਅਤੇ ਇਸ ਦੌਰਾਨ ਗੈਰ ਸੰਚਾਰੀ ਬਿਮਾਰੀਆਂ ਦੀ ਜਾਂਚ ਅਤੇ ਟੀ.ਬੀ ਦੀ ਬਿਮਾਰੀ ਦੇ ਸ਼ੱਕੀ ਮਰੀਜਾਂ ਦੀ ਪਛਾਣ ਕੀਤੀ ਜਾਵੇਗੀ। ਸਮੂਹ ਸਿਹਤ ਤੇ ਤੰਦਰੁਸਤੀ ਕੇਂਦਰਾਂ ਵਿੱਚ ਪਿੰਡ ਪੱਧਰ 'ਤੇ ਸਿਹਤ ਮੇਲੇ ਆਯੋਜਿਤ ਕੀਤੇ ਜਾਣਗੇ,ਆਯੂਸ਼ਮਨ ਸਭਾ ਆਯੋਜਿਤ ਕੀਤੀਆਂ ਜਾਣਗੀਆਂ,ਜਿਨ੍ਹਾਂ ਵਿੱਚ ਸਰਕਾਰੀ ਸਿਹਤ ਸਹੂਲਤਾਂ ਦੀ ਜਾਣਕਾਰੀ,ਟੀਕਾਕਰਨ,ਆਂਯੂਸ਼ਮਾਨ ਕਾਰਡ,ਆਭਾ ਆਈ.ਡੀ,ਟੀ.ਬੀ ਮਰੀਜਾਂ ਦੀ ਪਛਾਣ,ਗੈਰ ਸੰਚਾਰੀ ਰੋਗਾਂ ਦੀ ਸਕਰੀਨਿੰਗ ਆਦਿ ਸਿਹਤ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ। ਸਿਹਤ ਮੇਲੇ ਦੌਰਾਨ ਹਾਜਰ ਮਰੀਜਾਂ ਦਾ ਸ਼ੂਗਰ,ਬੀ.ਪੀ,ਹਿਮੋਗਲੋਬਿਨ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਇਸ ਮੌਕੇ "ਤੇ ਕਮਿਊਨਿਟੀ ਹੈਲਥ ਅਫਸਰ,ਏ.ਐਨ.ਐਮ, ਹੈਲਥ ਵਰਕਰ, ਆਸ਼ਾ ਫੈਸਿਲੀਟੇਟਰ,ਸਮੂਹ ਆਸ਼ਾ ਵਰਕਰਜ਼ ਅਤੇ ਪਿੰਡਾਂ ਦੇ ਪੰਚ ਸਰਪੰਚ ਅਤੇ ਪਤਵੰਤੇ ਹਾਜਰ ਸਨ।

# ਸਿਵਲ ਸੇਵਾਵਾਂ ਪ੍ਰੀਖਿਆ ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਲਈ ਵਿਸ਼ੇਸ਼ ਸੈਮੀਨਾਰ




**ਹੁਸ਼ਿਆਰਪੁਰ, (ਓ ਪੀ ਰਾਣਾ )**-ਜ਼ਿਲ੍ਹਾ ਪ੍ਰਸ਼ਾਸਨ ਤੇ ਹੁਸ਼ਿਆਰਪੁਰ ਲਿਟਰੇਰੀ ਸੁਸਾਇਟੀ ਵਲੋਂ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਸਿਵਲ ਸੇਵਾਵਾਂ ਪ੍ਰੀਖਿਆ ਦੀ ਤਿਆਰੀ ਕਰ ਰਹੇ ਬੱਚਿਆਂ ਲਈ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਇਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਪ੍ਰੀਖਿਆ ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਗਾਈਡ ਕੀਤਾ ਗਿਆ ਕਿ ਉਹ ਇਸ ਪ੍ਰੀਖਿਆ ਦੀ ਤਿਆਰੀ ਦੌਰਾਨ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣ। ਇਸ ਦੌਰਾਨ ਮੁੱਖ ਬੁਲਾਰੇ ਵਜੋਂ ਸਾਬਕਾ ਆਈ.ਏ.ਐਸ ਅਫ਼ਸਰ ਅਤੇ ਲੇਖਕ ਸੰਜੀਵ ਚੋਪੜਾ ਅਤੇ ਆਈ.ਏ.ਐਸ ਅਧਿਕਾਰੀ ਦਿਵਿਆ.ਪੀ ਨੇ ਵਿਦਿਆਰਥੀਆਂ ਨੂੰ ਪ੍ਰੀਖਿਆ ਦੀ ਤਿਆਰੀ ਸਬੰਧੀ ਨੁਕਤੇ ਦੱਸੇ। ਇਸ ਦੌਰਾਨ ਸਾਬਕਾ ਆਈ.ਏ.ਐਸ ਅਫ਼ਸਰ ਅਤੇ ਲੇਖਕ ਸੰਜੀਵ ਚੋਪੜਾ ਦੀ ਪੁਸਤਕ ਦਾ 'ਵੀ ਦ ਪੀਪੁਲ ਆਫ਼ ਦ ਸਟੇਟਸ ਆਫ਼ ਭਾਰਤ: ਦ ਮੇਕਿੰਗ ਐਂਡ ਰੀਮੇਕਿੰਗ ਆਫ਼ ਇੰਡੀਆਜ਼ ਇੰਟਰਨਲ ਬਾਊਂਡਰੀਜ਼' ਰਿਲੀਜ਼ ਕੀਤੀ ਗਈ। ਇਹ ਪੁਸਤਕ ਸਿਵਲ ਸੇਵਾਵਾਂ ਪ੍ਰੀਖਿਆ ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਲਈ ਕਾਫ਼ੀ ਮਹੱਤਵਪੂਰਨ ਹੈ। ਇਸ ਮੌਕੇ ਸਾਬਕਾ ਸੂਚਨਾ ਕਮਿਸ਼ਨਰ ਪੰਜਾਬ ਅਤੇ ਪ੍ਰਸਿੱਧ ਲੇਖਕ ਖ਼ੁਸ਼ਵੰਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸੈਮੀਨਾਰ ਵਿਚ ਸਰਕਾਰੀ ਕਾਲਜ, ਐਸ.ਡੀ. ਕਾਲਜ, ਡੀ.ਏ.ਵੀ ਕਾਲਜ, ਰਿਆਤ-ਬਾਹਰਾ ਗਰੁੱਪ ਆਫ਼ ਇੰਸਟੀਚਿਊਟਸ ਦੇ ਵਿਦਿਆਰਥੀਆਂ ਤੋਂ ਇਲਾਵਾ ਲਾਇਬ੍ਰੇਰੀ ਦੇ ਰੀਡਰਾਂ ਨੇ ਉਤਸ਼ਾਹ ਨਾਲ ਭਾਗ ਲਿਆ। ਸਾਬਕਾ ਆਈ.ਏ.ਐਸ. ਅਧਿਕਾਰੀ ਨੇ ਇਸ ਦੌਰਾਨ ਵਿਦਿਆਰਥੀਆਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਯੋਜਨਾਬੱਧ ਢੰਗ ਨਾਲ ਸਿਵਲ ਸੇਵਾਵਾਂ ਪ੍ਰੀਖਿਆ ਦੀ ਤਿਆਰੀ ਕੀਤੀ ਜਾ ਸਕਦੀ ਹੈ।

ਉਨ੍ਹਾਂ ਨੇ ਸਿਵਲ ਸੇਵਾਵਾਂ ਦੀ ਮੁੱਢਲੀ ਅਤੇ ਮੁੱਖ ਪ੍ਰੀਖਿਆ ਦੀ ਤਿਆਰੀ ਸਬੰਧੀ ਵੀ ਵਿਸਥਾਰ ਨਾਲ ਚਰਚਾ ਕੀਤੀ। ਇਸ ਮੌਕੇ ਉਨ੍ਹਾਂ ਨੇ ਆਪਣੀ ਪੁਸਤਕ ਬਾਰੇ ਪ੍ਰਕਾਸ਼ ਪਾਉਂਦੇ ਹੋਏ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਦੇ ਭਾਰਤ ਦੇ ਭੂਗੋਲ ਅਤੇ ਇਤਿਹਾਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਭਵਿੱਖ ਵਿਚ ਵੀ ਡਿਜੀਟਲ ਲਾਇਬ੍ਰੇਰੀ ਵਿਚ ਇਸ ਤਰ੍ਹਾਂ ਦੇ ਸੈਮੀਨਾਰ ਆਯੋਜਿਤ ਹੁੰਦੇ ਰਹਿਣਗੇ। ਇਸ ਮੌਕੇ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ, ਕੈਰੀਅਰ ਕਾਊਂਸਲਰ ਅਦਿਤਿਆ ਰਾਣਾ, ਲਾਇਬ੍ਰੇਰੀਅਨ ਵਿਜੇ ਕੁਮਾਰ ਵੀ ਮੌਜੂਦ ਸਨ।

# ਭਲਕੇ ਵਿਸ਼ਵ ਫਾਰਮੇਸੀ ਦਿਵਸ ਮਨਾਇਆ ਜਾਵੇਗਾ

**ਕਾਲਾ ਸੰਘਿਆਂ (ਮਨਜੀਤ ਮਾਨ)**- ਫਾਰਮੇਸੀ ਅਫਸਰ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਸ਼ੁਭ ਸ਼ਰਮਾ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਹੋਈ, ਜਿਸ ਵਿੱਚ ਫੈਸਲਾ ਲਿਆ ਗਿਆ ਕਿ 21 ਸਤੰਬਰ ਨੂੰ ਕਪੂਰਥਲਾ ਵਿਖੇ ਵਿਸ਼ਵ ਫਾਰਮੇਸੀ ਦਿਵਸ ਮਨਾਇਆ ਜਾਵੇਗਾ। ਇਸ ਪ੍ਰੋਗਰਾਮ ਵਿੱਚ ਡਾ. ਰਾਜਵਿੰਦਰ ਕੌਰ ਸਿਵਲ ਸਰਜਨ ਕਪੂਰਥਲਾ ਮੁੱਖ ਮਹਿਮਾਨ ਵਜੋਂ ਹੋਟਲ ਰਮਾਡਾ ਕਪੂਰਥਲਾ ਵਿਖੇ ਸ਼ਾਮਿਲ ਹੋਣਗੇ। ਇਸ ਫਾਰਮੇਸੀ ਦਿਵਸ ਵਿੱਚ ਡਾਕਟਰ ਗੌਰਵ ਗੁਪਤਾ ਡੀ ਐਮ ਕਾਰਡੀਓ ਦਿਲ ਦੇ ਰੋਗਾਂ ਦੇ ਮਾਹਰ, ਓਮ ਹਾਰਟ ਕੇਅਰ ਸੈਂਟਰ ਜੋਸ਼ੀ ਹਸਪਤਾਲ ਜਲੰਧਰ ਅਤੇ ਡਾਕਟਰ ਮੇਅੰਕ ਗੁਪਤਾ ਐਮ ਡੀ ਰੇਡੀਓਲੋਜੀ ਇੰਚਾਰਜ ਅਲਫਾ ਸਕੈਨਿੰਗ ਸੈਂਟਰ ਸਾਹਮਣੇ ਸਤਿਅਮ ਹਸਪਤਾਲ, ਕਪੂਰਥਲਾ ਚੌਕ ਜਲੰਧਰ ਸ਼ਮ੍ਹਾਂ ਰੌਸ਼ਨ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ ਵਾਇਸ ਪ੍ਰਧਾਨ, ਅਮਰਿੰਦਰ ਸਿੰਘ ਸਕੱਤਰ, ਤਿਲਕ ਰਾਜ ਚੀਫ ਅਡਵਾਈਜ਼ਰ , ਗੁਲਸ਼ਨਦੀਪ ਸਿੰਘ ਵਿੱਤ ਸਕੱਤਰ, ਸੋਹਿਰਦੇਪਾਲ ਸਿੰਘ ਐਡੀਟਰ, ਨਰਿੰਦਰਪਾਲ ਸਿੰਘ, ਮਨਜੀਤ ਕੌਰ, ਰੁਪਿੰਦਰ ਕੌਰ ਅਤੇ ਹੋਰ ਫਾਰਮੇਸੀ ਅਫਸਰ ਸ਼ਿਰਕਤ ਕਰਨਗੇ।

# ਨੌਵੀਂ ਤੇ ਗਿਆਰ੍ਹਵੀਂ ਦੀਆਂ ਖਾਲੀ ਸੀਟਾਂ ਲਈ 31 ਅਕਤੂਬਰ ਤੱਕ ਹੋਵੇਗੀ ਆਨਲਾਈਨ ਰਜਿਸਟ੍ਰੇਸ਼ਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਵਿੱਦਿਅਕ ਵਰ੍ਹੇ 2024-25 ਵਿਚ 9ਵੀਂ ਅਤੇ 11ਵੀਂ ਜਮਾਤ ਦੀਆਂ ਖਾਲੀ ਸੀਟਾਂ ਦੇ ਦਾਖਲੇ ਲਈ ਇਸ ਵਿੱਦਿਅਕ ਵਰ੍ਹੇ 2023-24 ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਰਕਾਰੀ/ ਸਰਕਾਰੀ ਸਹਾਇਤਾ ਪ੍ਰਾਪਤ/ਮਾਨਤਾ ਪ੍ਰਾਪਤ ਸਕੂਲਾਂ ਵਿਚ ਅੱਠਵੀਂ ਅਤੇ ਦਸਵੀਂ ਜਮਾਤ ਵਿਚ ਪੜ੍ਹ ਰਹੇ ਵਿਦਿਆਰਥੀ 31 ਅਕਤੂਬਰ ਤੱਕ ਆਨਲਾਈਨ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਪ੍ਰਿੰਸੀਪਲ ਰੰਜੂ ਦੁੱਗਲ ਨੇ ਦੱਸਿਆ ਕਿ ਆਨਲਾਈਨ ਰਜਿਸਟ੍ਰੇਸ਼ਨ ਕਰਾਉਣ ਵਾਲੇ ਵਿਦਿਆਰਥੀਆਂ ਦਾ ਲਿਖਤੀ ਟੈਸਟ 10 ਫਰਵਰੀ ਨੂੰ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਵੇਗਾ। ਨੌਵੀਂ ਜਮਾਤ ਲਈ ਅਪਲਾਈ ਕਰਨ ਵਾਲੇ ਵਿਦਿਆਰਥੀਆਂ ਦਾ ਜਨਮ 1 ਮਈ 2009 ਤੋਂ 31 ਜੁਲਾਈ 2011 ਤੱਕ ਹੋਇਆ ਹੋਵੇ। ਗਿਆਰ੍ਹਵੀਂ ਜਮਾਤ ਲਈ ਅਪਲਾਈ ਕਰਨ ਵਾਲੇ ਵਿਦਿਆਰਥੀ ਦਾ ਜਨਮ 1 ਜੂਨ 2007 ਤੋਂ 31 ਜੁਲਾਈ 2009 ਤੱਕ ਹੋਇਆ ਹੋਵੇ। ਉਨ੍ਹਾਂ ਦੱਸਿਆ ਕਿ ਸਿਲੇਬਸ, ਆਨਲਾਈਨ ਰਜਿਸਟ੍ਰੇਸ਼ਨ ਕਰਾਉਣ ਲਈ ਲਿੰਕ ਅਤੇ ਚੋਣ ਯੋਗਤਾ ਲਈ ਨਵੋਦਿਆ ਵਿਦਿਆਲਿਆ ਸਮਿਤੀ ਦੀ ਵੈੱਬਸਾਈਟ 'ਤੇ ਦੇਖ ਸਕਦੇ ਹੋ।

ਵਧੇਰੇ ਜਾਣਕਾਰੀ ਲਈ ਕੰਮਕਾਜ ਵਾਲੇ ਦਿਨ 01882 289393 ਫੋਨ ਨੰਬਰ 'ਤੇ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਸੰਪਰਕ ਕੀਤਾ ਜਾ ਸਕਦਾ ਹੈ।

# ਡਾ. ਤਰਲੋਚਨ ਸਿੰਘ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਟ



**ਹੁਸ਼ਿਆਰਪੁਰ,(ਬਲਵੀਰ ਸੈਣੀ)** ਲੋਕ ਘੋਲਾਂ ਨੂੰ ਪ੍ਰਣਾਏ ਅਤੇ ਕਿਰਤੀ ਜਮਾਤ ਦੀ ਬੰਦ ਖਲਾਸੀ ਲਈ ਆਪਣੇ ਅੰਤਿਮ ਸਾਹਾਂ ਤੱਕ ਜੱਦੋ-ਜਹਿਦ ਕਰਨ ਵਾਲੇ ਮਹਾਨ ਯੋਧੇ ਡਾ. ਤਰਲੋਚਨ ਸਿੰਘ ਦਾ ਸ਼ਰਧਾਂਜਲੀ ਸਮਾਰੋਹ ਉਹਨਾਂ ਦੇ ਪਿੰਡ ਬੁਲ੍ਹੋਵਾਲ ਦੇ ਸੈਣੀਬਾਰ ਸੀਨੀਅਰ ਸੈਕੰਡਰੀ ਸਕੂਲ ਦੇ ਵੱਡੇ ਹਾਲ ਵਿੱਚ ਕੀਤਾ ਗਿਆ, ਜਿਸ ਵਿੱਚ ਰਿਸ਼ਤੇਦਾਰਾਂ ਅਤੇ ਸੱਜਣਾਂ ਸਨੇਹੀਆਂ ਤੋਂ ਇਲਾਵਾ ਪੰਜਾਬ ਭਰ ਵਿੱਚੋਂ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਕਿਰਤੀ ਲੋਕਾਂ ਵਲੋਂ ਵੱਡੀ ਗਿਣਤੀ ਵਿੱਚ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਪਿਛਲੇ ਦਿਨੀ 6 ਸਤੰਬਰ ਨੂੰ ਸਦੀਵੀ ਵਿਛੋੜਾ ਦੇ ਗਏ ਜੁਝਾਰੂ ਆਗੂ ਕਾਮਰੇਡ ਤਰਲੋਚਨ ਸਿੰਘ ਮੁਲਾਜ਼ਮਾਂ ਅਤੇ ਕਿਰਤੀਆਂ ਦੇ ਹਰਮਨ ਪਿਆਰੇ ਸਨ ਜਿਨ੍ਹਾਂ ਨੇ ਆਪਣਾ ਸਰੀਰ ਵੀ ਮੈਡੀਕਲ ਖੋਜ ਸੰਸਥਾ ਨੂੰ ਦਾਨ ਕਰ ਦਿੱਤਾ। ਉਹਨਾਂ ਵਲੋਂ ਟਰੇਡ ਯੂਨੀਅਨ ਲਹਿਰ ਵਿੱਚ ਮਜ਼ਦੂਰਾਂ, ਮੁਲਾਜ਼ਮਾਂ ਨੂੰ ਜੱਥੇਬੰਦ ਕਰਨ ਅਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਕੀਤੀਆਂ ਘਾਲਨਾਵਾਂ ਦਾ ਜ਼ਿਕਰ ਕਰਦਿਆਂ ਵੱਖ-ਵੱਖ ਆਗੂਆਂ ਨੇ ਉਨ੍ਹਾਂ ਦੇ ਸਾਦਗੀ, ਅਤੇ ਸੰਘਰਸ਼ਮਈ ਜੀਵਨ ਤੋਂ ਪ੍ਰੇਰਨਾ ਲੈਣ ਦਾ ਅਹਿਦ ਲਿਆ। ਉੱਘੇ ਟਰੇਡ ਯੂਨੀਅਨ ਆਗੂ ਅਤੇ ਭਾਰਤੀ ਇਨਕਲਾਬੀ ਮਾਰਕਵਾਦੀ ਪਾਰਟੀ ਦੇ ਸੂਬਾ ਸਕੱਤਰ ਅਤੇ ਉਹਨਾਂ ਦੇ ਯੁੱਧ ਸਾਥੀ ਰਹੇ ਕਾਮਰੇਡ ਹਰਕੰਵਲ ਸਿੰਘ ਨੇ ਜਿੱਥੇ ਉਹਨਾਂ ਨੂੰ ਇੱਕ ਸਫਲ ਤਜ਼ਰੇਬਾਕਾਰ ਅਧਿਆਪਕ ਦੱਸਿਆ ਉੱਥੇ ਹੀ ਉਹਨਾਂ ਨੂੰ ਟਰੇਡ ਯੂਨੀਅਨ ਦੇ ਅਸੂਲਾਂ ਅਤੇ ਮਾਰਕਸੀ ਫਲਸਫੇ ਦਾ ਗਿਆਨਵਾਨ ਕਿਹਾ। ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਵੱਖ-ਵੱਖ ਆਗੂਆਂ ਪ੍ਰਿੰਸੀਪਲ ਕੁਲਵਰਨ ਸਿੰਘ ਜ਼ਿਲ੍ਹਾ ਪ੍ਰਧਾਨ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ, ਗਿਆਨ ਸਿੰਘ ਗੁਪਤਾ ਜ਼ਿਲ੍ਹਾ ਪ੍ਰਧਾਨ ਆਰ.ਐਮ.ਪੀ.ਆਈ., ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਅਤੇ ਸਾਬਕਾ ਸੂਬਾ ਪ੍ਰਧਾਨ ਜੀ.ਟੀ.ਯੂ. ਪ੍ਰਿੰਸੀਪਲ ਪਿਆਰਾ ਸਿੰਘ, ਪ.ਸ.ਸ.ਫ. ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਨੇ ਉਹਨਾਂ ਨੂੰ ਇੱਕ ਨਿਸ਼ਠਾਵਾਨ ਅਤੇ ਬਿਨਾਂ ਕਿਸੇ ਅਹੁਦੇ ਦੀ ਲਾਲਸਾ ਤੋਂ ਕੰਮ ਕਰਨ ਵਾਲੇ ਸੇਵਕ ਦੱਸਿਆ, ਸੀ.ਪੀ.ਆਈ.ਐਮ. ਦੇ ਸੂਬਾ ਆਗੂ ਕਾ. ਗੁਰਮੇਸ਼ ਸਿੰਘ ਨੇ ਉਹਨਾਂ ਵਲੋਂ ਕਿਸਾਨੀ ਅੰਦੋਲਨ ਵਿੱਚ ਪਾਏ ਯੋਗਦਾਨ ਨੂੰ ਯਾਦ ਕੀਤਾ। ਸ਼ਰਧਾਂਜਲੀ ਸਮਾਗਮ ਨੂੰ ਪੈਰਾ ਮੈਡੀਕਲ ਯੂਨੀਅਨ ਦੇ ਸੂਬਾ ਆਗੂ ਰਵਿੰਦਰ ਲੂਥਰਾ ਫਿਰੋਜ਼ਪੁਰ, ਨਰਿੰਦਰ ਸਿੰਘ ਅਮ੍ਰਿਤਸਰ, ਪ.ਸ.ਸ.ਫ. ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਪੀ.ਡਬਲਯੂ.ਡੀ.ਦੇ ਸੂਬਾ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ, ਜਲ ਸਰੋਤ ਮੁਲਾਜ਼ਮ ਯੂਨੀਅਨ ਦੇ ਸਾਬਕਾ ਸੂਬਾ ਜਨਰਲ ਸਕੱਤਰ ਰਾਮਜੀਦਾਸ ਚੌਹਾਨ, ਦੇਸ਼ ਭਗਤ ਯਤਾਦਗਾਰ ਹਾਲ ਕਮੇਟੀ ਦੇ ਮੈਂਬਰ ਭੈਣ ਬਲਵੀਰ ਕੌਰ ਬਾਂਸਲ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਡਾ. ਤਰਲੋਚਨ ਸਿੰਘ ਵਲੋਂ ਟਰੇਡ ਯੂਨੀਅਨ ਵਿੱਚ ਕੰਮ ਕਰਦਿਆਂ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਤੋਂ ਕਦੇ ਕੋਈ ਹਿਚਕਚਾਹਟ ਜਾਂ ਡਾਵਾਂਡੋਲਤਾ ਨਹੀਂ ਦਿਖਾਈ। ਨੇਤਰਦਦਾਨ ਸੰਸਥਾ ਹੁਸ਼ਿਆਰਪੁਰ ਦੇ ਪ੍ਰਧਾਨ ਸੁਰੇਸ਼ ਚੰਦ ਕਪਾਟੀਆ ਨੇ ਕਿਹਾ ਕਿ ਡਾ. ਤਰਲੋਚਨ ਸਿੰਘ ਵਲੋਂ ਜੋ ਆਪਣਾ ਸਰੀਰ ਉਹਨਾਂ ਦੀ ਸੰਸਥਾ ਰਾਹੀਂ ਮੈਡੀਕਲ ਖੋਜ ਲਈ ਦਾਨ ਕੀਤਾ ਹੈ ਇਹ ਇੱਕ ਬਹੁਤ ਹੀ ਦੂਰ ਅੰਦੇਸ਼ੀ ਵਿਅਕਤੀ ਦੀ ਹੀ ਸੋਚ ਹੋ ਸਕਦੀ ਹੈ। ਸ਼ਰਧਾਂਜਲੀ ਸਮਾਗਮ ਨੂੰ ਡਾ. ਸੁਖਦੇਵ ਸਿੰਘ ਢਿੱਲੋਂ, ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ, ਬਹਾਦਰ ਸਿੰਘ ਅਧਿਆਪਕ ਆਗੂ, ਸੈਣੀਬਾਰ ਐਜੂਕੇਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਡਾ. ਜਗਵੀਰ ਸਿੰਘ, ਬੀ.ਐਸ.ਪੀ. ਆਗੂ ਮਹਿੰਦਰ ਸਿੰਘ ਸੰਧਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਆਰ.ਐਮ.ਪੀ.ਆਈ ਦੇ ਕੌਮੀਂ ਸਕੱਤਰ ਕਾ. ਮੰਗਤ ਰਾਮ ਪਾਸਲਾ ਸਹਿਤ ਸੀ.ਪੀ.ਆਈ. ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ, ਪੰਜਾਬ ਏਡਿਡ ਸਕੂਲ ਟੀਚਰਜ਼ ਯੂਨੀਅਨ, ਜੀ.ਟੀ.ਯੂ. ਪੰਜਾਬ, ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ, ਪ.ਸ.ਸ.ਫ. ਜ਼ਿਲ੍ਹਾ ਨਵਾਂਸ਼ਹਿਰ, ਬਠਿੰਡਾ, ਰੋਪੜ, ਫਰੀਦਕੋਟ, ਸੰਗਰੂਰ, ਸੁੱਚਾ ਸਿੰਘ ਖੱਟੜਾ, ਵੇਦ ਪ੍ਰਕਾਸ਼ ਸ਼ਰਮਾ, ਕਾ. ਮਹਿੰਦਰ ਸਿੰਘ ਜੋਸ਼, ਸ਼ਾਦੀ ਰਾਮ ਕਪੂਰ ਵਲੋਂ ਲਿਖਤੀ ਸ਼ੋਕ ਸੰਦੇਸ਼ ਭੇਜੇ ਗਏ। ਸਟੇਜ ਸਕੱਤਰ ਦੀ ਭੂਮਿਕਾ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਨਿਭਾਈ। ਉਹਨਾਂ ਦੇ ਸਪੁੱਤਰ ਇੰਦਰਜੀਤ ਵਿਰਦੀ ਨੇ ਜਿੱਥੇ ਸਾਰੇ ਯੁੱਧ ਸਾਥੀਆਂ ਦਾ ਧੰਨਵਾਦ ਕੀਤਾ ਉੱਥੇ ਹੀ ਆਪਣੇ ਪਿਤਾ ਵਲੋਂ ਦਰਸਾਏ ਰਸਤੇ 'ਤੇ ਨਿਰੰਤਰ ਅੱਗੇ ਵਧਣ ਦਾ ਵਿਸ਼ਵਾਸ ਦਵਾਇਆ। ਇਸ ਮੌਕੇ ਬਲਵਿੰਦਰ ਭੁੱਟੋ, ਧਰਮ ਸਿੰਘ ਪੱਟੀ, ਪ੍ਰੇਮ ਚੰਦ ਆਜ਼ਾਦ, ਸੰਜੀਵ ਧੂਤ, ਮਨਜੀਤ ਸੈਣੀ, ਜਤਿੰਦਰ ਸਿੰਘ ਜੀ.ਟੀ.ਯੂ. ਵਿਗਿਆਨਕ, ਸੁਖਦੇਵ ਜਾਜਾ, ਬਲਵੰਤ ਰਾਮ, ਪੁਸ਼ਪਿੰਦਰ ਪਿੰਕੀ, ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਦੇ ਸੂਬਾ ਜਨਰਲ ਸਕੱਤਰ ਸੁਨੀਲ ਦੱਤ ਸ਼ਰਮਾ ਰੋਪੜ, ਬਲਰਾਜ ਸਿੰਘ, ਪ੍ਰਿੰਸੀਪਲ ਸ਼ਲਿੰਦਰ ਸਿੰਘ, ਸੱਤਪਾਲ ਲੱਠ, ਪਿੰਡ ਦੀ ਸਰਪੰਚ ਗੁਰਪ੍ਰੀਤ ਕੌਰ, ਪ੍ਰਿੰਸੀਪਲ ਰੁਪਿੰਦਰ ਸਿੰਘ, ਹਰਭਜਨ ਸਿੰਘ ਖੂੰਗਰ, ਸ਼ੁਭ ਸ਼ਰਮਾ, ਕਾਰਨੈਲ ਸਿੰਘ, ਮੱਖਣ ਸਿੰਘ ਲੰਗੇਰੀ, ਰਮੇਸ਼ ਹੁਸ਼ਿਆਰਪੁਰੀ, ਸਵਰਨ ਸਿੰਘ ਮੁਕੇਰੀਆਂ, ਮਨੋਹਰ ਸਿੰਘ ਸੈਣੀ, ਮੈਡਮ ਸੰਤੋਸ਼ ਸੈਣੀ, ਬਹਾਦਰ ਸਿੰਘ ਸਿੱਧੂ, ਮਾਸਟਰ ਹਰਭਜਨ ਸਿੰਘ ਸਹਿਤ ਹੋਰ ਆਗੂ ਵੀ ਹਾਜਰ ਸਨ।


## ਉਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| | |
|---|---|
| ਨੀਲਾਮੀ ਸੂਚੀ ਨੰ. | EAFZR-PnU23-13 |
| ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 03.10.2023 ਨੂੰ ਸਵੇਰੇ: 10:00 ਵਜੇ |

ਕੰਮ ਦਾ ਨਾਮ : 1. ਜਗਰਾਂਵ, ਬਾਰਾਮੂਲਾ, ਸੋਪੁਰ, ਫਿਰੋਜ਼ਪੁਰ ਕੈਂਟ, ਲੁਧਿਆਣਾ-2 ਬਲਾਕ ਅਤੇ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟਰਾ ਰੇਲਵੇ ਸਟੇਸ਼ਨ ਤੇ ਪੀ ਐਂਡ ਯੂਜ਼ ਸ਼ੌਚਾਲਯਾਂ ਦੇ ਸੰਚਾਲਨ ਅਤੇ ਰਖਰਖਾਅ ਦੇ ਲਈ ਠੇਕੇ ਦਾ ਅਲਾਟਮੈਂਟ। 2. ਅੰਮ੍ਰਿਤਸਰ, ਲੁਧਿਆਣਾ, ਪਠਾਨਕੋਟ ਕੈਂਟ, ਜੰਮੂ ਤਵੀ ਅਤੇ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟਰਾ ਰੇਲਵੇ ਸਟੇਸ਼ਨ ਤੇ ਕਲਾਕ ਰੂਮ ਦੇ ਸੰਚਾਲਨ ਅਤੇ ਰਖਰਖਾਅ ਦੇ ਲਈ ਠੇਕੇ ਦਾ ਅਲਾਟਮੈਂਟ।

| | |
|---|---|
| ਨੀਲਾਮੀ ਸੂਚੀ ਨੰ. | EAFZR-MPS23-1 |
| ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 03.10.2023 ਨੂੰ ਸਵੇਰੇ: 11:00 ਵਜੇ |
| ਕੰਮ ਦਾ ਨਾਮ | ਰੇਲਵੇ ਸਟੇਸ਼ਨਾਂ ਤੇ ਮਲਟੀਪਰਪਜ ਸਟਾਲਾਂ (MPS) ਦਾ ਅਲਾਟਮੈਂਟ |

| ਰੇਲਵੇ ਸਟੇਸ਼ਨ | ਪ੍ਰਕਾਰ | ਸਟਾਲ ਨੰ. | ਸਥਾਨ | ਰੀਜ਼ਰਵ |
|---|---|---|---|---|
| ਫਿਲੌਰ | MPS | ਸਟਾਲ ਨੰਬਰ 1 | ਪਲੇਟਫਾਰਮ1 | ਔਰਤਾਂ |
| ਕਠੂਆ | MPS | ਸਟਾਲ ਨੰਬਰ 1 | ਪਲੇਟਫਾਰਮ1 | ਔਰਤਾਂ |
| ਫਰੀਦਕੋਟ | MPS | ਸਟਾਲ ਨੰਬਰ 1 | ਪਲੇਟਫਾਰਮ1 | ਸਾਰਿਆਂ ਦੇ ਲਈ |
| ਪਠਾਨਕੋਟ ਕੈਂਟ | MPS | ਸਟਾਲ ਨੰਬਰ 2 | ਪਲੇਟਫਾਰਮ2 | ਔਰਤਾਂ |

| | |
|---|---|
| ਨੀਲਾਮੀ ਸੂਚੀ ਨੰ. | EAFZR-CTG23-6 |
| ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 04.10.2023 ਨੂੰ ਸਵੇਰੇ: 11:00 ਵਜੇ |
| ਕੰਮ ਦਾ ਨਾਮ | ਰੇਲਵੇ ਸਟੇਸ਼ਨਾਂ ਤੇ ਕੈਟਰਿੰਗ ਸਟਾਲਾਂ ਦਾ ਅਲਾਟਮੈਂਟ। |

| ਰੇਲਵੇ ਸਟੇਸ਼ਨ | ਪ੍ਰਕਾਰ | ਸਟਾਲ ਨੰ. | ਸਥਾਨ | ਰੀਜ਼ਰਵ |
|---|---|---|---|---|
| ਡੀਏਵੀ ਕਾਲੇਜ ਜਲੰਧਰ | ਜੀਐਮਯੂ | ਸਟਾਲ ਨੰ. 2 | ਪਲੇਟਫਾਰਮ 1 | ਸਾਰਿਆਂ ਦੇ ਲਈ |
| ਮੁਕਤਸਰ | ਜੀਐਮਯੂ | ਸਟਾਲ ਨੰਬਰ 2 | ਪਲੇਟਫਾਰਮ1 | ਸਾਰਿਆਂ ਦੇ ਲਈ |
| ਮਖੂ | ਜੀਐਮਯੂ | ਸਟਾਲ ਨੰਬਰ 1 | ਪਲੇਟਫਾਰਮ1 | ਸਾਰਿਆਂ ਦੇ ਲਈ |
| ਗੰਗਸਰ ਜੈਤੋਂ | ਜੀਐਮਯੂ | ਸਟਾਲ ਨੰਬਰ 1 | ਪਲੇਟਫਾਰਮ1 | ਸਾਰਿਆਂ ਦੇ ਲਈ |
| ਫਿਰੋਜ਼ਪੁਰ ਸ਼ਹਿਰ | ਜੀਐਮਯੂ | ਸਟਾਲ ਨੰਬਰ 1 | ਪਲੇਟਫਾਰਮ1 | ਔਰਤਾਂ |
| ਲੋਹਿਯਾ ਖਾਸ | ਐਸਐਮਯੂ | ਸਟਾਲ ਨੰਬਰ 2 | ਪਲੇਟਫਾਰਮ1 | ਹੋਰ ਪਿਛੜਾ ਵਰਗ (ਔਰਤਾਂ) |
| ਲੋਹਿਯਾ ਖਾਸ | ਐਸਐਮਯੂ | ਸਟਾਲ ਨੰਬਰ 3 | ਪਲੇਟਫਾਰਮ2/3 | ਅਨੁਸੂਚਿਤ ਜਾਤੀ (ਐਸਸੀ) |
| ਕਪੂਰਥਲਾ | ਐਸਐਮਯੂ | ਸਟਾਲ ਨੰਬਰ 1 | ਪਲੇਟਫਾਰਮ1 | ਘੱਟ ਗਿਣਤੀ (ਔਰਤਾਂ) |
| ਨਵਾਂ ਸ਼ਹਿਰ ਦੋਆਬਾ | ਐਸਐਮਯੂ | ਸਟਾਲ ਨੰਬਰ 1 | ਪਲੇਟਫਾਰਮ1 | ਘੱਟ ਗਿਣਤੀਆਂ (ਸੁਤੰਤਰਤਾ ਸੈਨਾਨੀਆਂ ਅਤੇ ਯੁਧ ਵਿਧਾਵਾਵਾਂ ਅਤੇ ਰੇਲਵੇ ਕਰਮਚਾਰੀਆਂ ਦੀ ਵਿਧਾਵਾਵਾਂ |
| ਕੋਟ ਕਪੂਰਾ | ਐਸਐਮਯੂ | ਸਟਾਲ ਨੰ. 1 | ਪਲੇਟਫਾਰਮ 1 | |
| ਸੁਲਤਾਨਪੁਰ ਲੋਧੀ | ਐਸਐਮਯੂ | ਸਟਾਲ ਨੰ. 1 | ਪਲੇਟਫਾਰਮ 1 | ਹੋਰ ਪਿਛੜਾ ਵਰਗ |
| ਡੀਏਵੀ ਕਾਲੇਜ ਜਲੰਧਰ | ਐਸਐਮਯੂ | ਸਟਾਲ ਨੰ. 1 | ਪਲੇਟਫਾਰਮ 1 | ਅਨੁਸੂਚਿਤ ਜਾਤੀ |
| ਸਾਹਨੇਵਾਲ | ਐਸਐਮਯੂ | ਸਟਾਲ ਨੰ. 1 | ਪਲੇਟਫਾਰਮ 1 | ਘਟ ਗਿਣਤੀ |

ਵਿਸਤ੍ਰਿਤ ਜਾਣਕਾਰੀ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। 2892/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

20-SEP-PAGE-10.qxd 9/19/2023 10:29 PM Page 1



# ਨਸ਼ਿਆਂ ਦੀ ਜੜ੍ਹ ਪੁੱਟਣ ਲਈ ਥਾਣੇ ਦਾ ਜਨਤਕ ਤੇ ਜਮਹੂਰੀ ਜਥੇਬੰਦੀਆਂ ਵੱਲੋਂ ਘਿਰਾਓ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**



ਲੌਂਗੋਵਾਲ ਵਿਖੇ ਜਾਨ ਮਾਰੂ ਨਸ਼ਿਆ, ਚਿੱਟੇ, ਨਸ਼ੀਲੇ ਟੀਕਿਆਂ, ਗੋਲੀਆਂ ਦਾ ਕਹਿਰ ਲਗਾਤਾਰ ਵਧਦਾ ਹੋਇਆ ਇਲਾਕੇ ਦੀ ਜਵਾਨੀ ਨੂੰ ਨਿਗਲ ਰਿਹਾ ਹੈ। ਘਰ-ਘਰ ਸੱਥਰ ਵਿਛਣੇ ਆਮ ਵਰਤਾਰਾ ਬਣ ਚੁੱਕਾ ਹੈ। ਇਸ ਨੂੰ ਠੱਲ੍ਹ ਪਾਉਣ ਲਈ ਪੁਲਸ ਦੀ ਕਾਰਗੁਜ਼ਾਰੀ ਤੋਂ ਅਸੰਤੁਸਟ ਇਲਾਕਾ ਨਿਵਾਸੀਆਂ ਵੱਲੋਂ ਥਾਣਾ ਲੌਂਗੋਵਾਲ ਦੇ ਘਿਰਾਓ ਕਰਨ ਦਾ ਅੱਕ ਚੱਬਣਾ ਪਿਆ। ਖਚਾਖਚ ਭਰੇ ਥਾਣੇ ਦੇ ਵਿਹੜੇ ਵਿੱਚ ਭਾਰਤੀ ਕਿਸਾਨ ਯੂਨੀਅਨ ਉਗਰਾਹਾ ਦੇ ਹਰਿੰਦਰ ਮੰਗਵਾਲ, ਰਣਜੀਤ ਸਿੰਘ, ਭਾਰਤੀ ਕਿਸਾਨ ਯੂਨੀਅਨ ਅਜ਼ਾਦ ਦੇ ਕੁਲਵਿੰਦਰ ਸੋਨੀ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਮਹਿੰਦਰ ਸਿੰਘ, ਭੋਲਾ ਸਿੰਘ, ਕਿਸਾਨ ਯੂਨੀਅਨ (ਅ) ਦੇ ਅੰਮ੍ਰਿਤਪਾਲ ਸਿੰਘ ਸਿੱਧੂ, ਡੈਮੋਕ੍ਰੇਟਿਕ ਟੀਚਰਜ ਫਰੰਟ ਦੇ ਬਲਵੀਰ ਲੌਂਗੋਵਾਲ, ਤਰਕਸੀਲ ਸੁਸਾਇਟੀ ਪੰਜਾਬ ਦੇ ਆਗੂ ਜੁਝਾਰ ਲੌਂਗੋਵਾਲ, ਦੇਸ਼ ਭਗਤ ਯਾਦਗਾਰ ਦੇ ਕਮਲਜੀਤ ਵਿੱਕੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਲਖਵੀਰ ਲੌਂਗੋਵਾਲ, ਜ਼ਿਲ੍ਹਾ ਫਰੀਡਮ ਫਾਈਟਰਜ ਦੇ ਦਰਸ਼ਨ ਸਿੰਘ, ਕਾਮਰੇਡ ਸੱਤਪਾਲ, ਨੰਬਰਦਾਰ ਯੂਨੀਅਨ ਦੇ ਪਰਮਜੀਤ ਕਿਲਾ, ਕਿਰਤੀ ਕਿਸਾਨ ਯੂਨੀਅਨ ਦੇ ਹਰਦੇਵ ਦੁੱਲਟ ਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰੈਸ ਸਕੱਤਰ ਅਮਰਜੀਤ ਸਿੰਘ ਗਿੱਲ ਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਕੌਮੀ ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ ਸਿੱਧੂ, ਕਾਮਰੇਡ ਬੀਬੀ ਸਮਿੰਦਰ ਕੌਰ ਲੌਂਗੋਵਾਲ, ਵਿਜੈ ਗੋਇਲ, ਭਾਜਪਾ ਮੰਡਲ ਲੌਂਗੋਵਾਲ ਦੇ ਪ੍ਰਧਾਨ ਰਤਨ ਕੁਮਾਰ ਮੰਗੂ, ਨੀਟੂ ਰਾਮ ਸ਼ਰਮਾ, ਕਾਂਗਰਸ ਪਾਰਟੀ ਦੇ ਜ਼ਿਲ੍ਹਾ ਯੂਥ ਪ੍ਰਧਾਨ ਐਡਵੋਕੇਟ ਗੁਰਤੇਜ ਸਿੰਘ ਲੌਂਗੋਵਾਲ ਆਦਿ ਆਗੂਆਂ ਨੇ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਨੂੰ ਕਰੜੇ ਹੱਥੀਂ ਲੈਂਦਿਆਂ ਨਸ਼ਿਆਂ ਦੇ ਤਸਕਰਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਇਸ ਮੌਕੇ ਪੀੜਤ ਪਰਵਾਰਾਂ ਦੀਆਂ ਔਰਤਾਂ ਵੱਡੀ ਗਿਣਤੀ 'ਚ ਹਾਜ਼ਰ ਹੋਈਆਂ। ਤਸਕਰਾਂ ਵੱਲੋਂ ਨੌਜਵਾਨਾਂ ਤੋਂ ਨਸ਼ੇ ਬਦਲੇ ਸੋਸ਼ਣ ਕਰਨ ਦਾ ਸਖਤ ਵਿਰੋਧ ਕਰਦਿਆਂ ਅਜਿਹੇ ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ।

# ਬੀ ਕੇ ਯੂ ਏਕਤਾ ਡਕੌਂਦਾ 22 ਨੂੰ ਡੀ ਸੀ ਦੇ ਘਿਰਾਓ 'ਚ ਹੋਵੇਗੀ ਸ਼ਾਮਲ : ਧਾਲੀਵਾਲ

**ਜਗਰਾਉਂ (ਸੰਜੀਵ ਅਰੋੜਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਦੇ ਨਾਂਅ ਜਾਰੀ ਕਰਦਿਆਂ ਜ਼ਿਲ੍ਹਾ ਸਕੱਤਰ ਇੰਦਰਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਭਾਜਪਾ ਤੇ ਆਪ ਆਗੂਆਂ ਦੇ ਘਰਾਂ, ਦਫ਼ਤਰਾਂ ਦੇ ਘਿਰਾਓ ਤੋਂ ਬਾਅਦ ਹੁਣ 22 ਸਤੰਬਰ ਨੂੰ ਸੂਬੇ ਭਰ 'ਚ ਡੀ. ਸੀ. ਦਫ਼ਤਰਾਂ ਦੇ ਘਿਰਾਓ 'ਚ ਉਨ੍ਹਾਂ ਦੀ ਜਥੇਬੰਦੀ ਸ਼ਾਮਲ ਹੋਵੇਗੀ। ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਹੜ੍ਹ ਪੀੜਤਾਂ ਨੂੰ ਹੋਏ ਭਾਰੀ ਜਾਨੀ-ਮਾਲੀ ਨੁਕਸਾਨ ਲਈ ਪੰਜਾਹ ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣ ਤੋਂ ਭੱਜ ਰਹੀ ਹੈ, ਜਿਸ ਖਿਲਾਫ਼ ਕਿਸਾਨਾਂ 'ਚ ਲਗਾਤਾਰ ਰੋਹ ਤਿੱਖਾ ਹੋ ਰਿਹਾ ਹੈ। ਮੀਟਿੰਗ ਵਿੱਚ ਨਸ਼ਾ ਵਿਰੋਧੀ ਸਾਂਝਾ ਫਰੰਟ ਵੱਲੋਂ ਚਿੱਟੇ ਦੇ ਪ੍ਰਕੋਪ ਖਿਲਾਫ਼ 24 ਸਤੰਬਰ ਨੂੰ ਸਵੇਰੇ 11 ਵਜੇ ਪੁਰਾਣੀ ਦਾਨਾ ਮੰਡੀ ਮੰਦਰ ਵਾਲੀ ਧਰਮਸ਼ਾਲਾ 'ਚ ਰੱਖੀ ਵਿਸ਼ਾਲ ਕਨਵੈਨਸ਼ਨ 'ਚ ਸਾਰੀਆਂ ਇਕਾਈਆਂ ਵੱਲੋਂ ਸ਼ਾਮਲ ਹੋਣ ਦਾ ਫੈਸਲਾ ਕੀਤਾ। ਇਸ ਸਮੇਂ ਜਥੇਬੰਦੀ 'ਚੋਂ ਪਿਛਲੇ ਸਮੇਂ 'ਚ ਕੱਢੇ ਗਏ ਆਪਹੁਦਰੇ ਅਨਸਰਾਂ ਵੱਲੋਂ ਸੋਸ਼ਲ ਮੀਡੀਆ 'ਤੇ ਜਥੇਬੰਦੀ ਖਿਲਾਫ਼ ਊਲ-ਜਲੂਲ ਪ੍ਰਚਾਰ ਦਾ ਤਿੱਖਾ ਨੋਟਿਸ ਲੈਂਦਿਆਂ ਕਿਹਾ ਕਿ ਸਮਾਜਿਕ ਨੈਤਿਕਤਾ ਦੀ ਪਰਵਾਹ ਛੱਡ ਨਿੱਘਰੇ ਲੋਕਾਂ ਨੂੰ ਤਰਕ, ਤੱਥਾਂ ਤੇ ਲੋਕ ਸ਼ਕਤੀ ਨਾਲ ਹਰ ਗੱਲ ਦਾ ਜਵਾਬ ਦਿੱਤਾ ਜਾਵੇਗਾ। ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਸੂਬੇ 'ਚ ਐਮੀਨੈਂਸ ਸਕੂਲ ਖੋਲ੍ਹਣ ਦੇ ਅਮਲ ਨੂੰ ਇੱਕ ਪਾਸੜ ਫੈਸਲਾ ਕਰਾਰ ਦਿੰਦਿਆਂ ਮੀਟਿੰਗ ਨੂੰ ਕਿਹਾ ਕਿ ਹਜ਼ਾਰਾਂ ਵਿਦਿਆਰਥੀਆਂ ਨੂੰ ਮਾੜੇ ਸਕੂਲੀ ਪ੍ਰਬੰਧ ਦਾ ਗੁਲਾਮ ਬਣਾਇਆ ਜਾ ਰਿਹਾ ਹੈ। ਇਸ ਮੌਕੇ ਹਾਕਮ ਸਿੰਘ, ਤਾਰਾ ਸਿੰਘ ਅੱਚਰਵਾਲ, ਹਾਕਮ ਸਿੰਘ ਭੱਟੀਆਂ, ਬੇਅੰਤ ਸਿੰਘ ਬਾਣੀਏਵਾਲ, ਇੰਦਰਜੀਤ ਸਿੰਘ ਹਾਕਮ ਰਾਏ, ਜਗਜੀਤ ਸਿੰਘ ਕਲੇਰ, ਗੁਰਮੇਲ ਸਿੰਘ ਭਰੋਵਾਲ, ਤਰਸੇਮ ਸਿੰਘ ਬੱਸੂਵਾਲ, ਪਾਲ ਸਿੰਘ ਡੱਲਾ, ਸਰਬਜੀਤ ਸਿੰਘ ਧੂੜਕੋਟ, ਤਾਰਾ ਸਿੰਘ ਅੱਚਰਵਾਲ ਤੇ ਹਰਦੀਪ ਸਿੰਘ ਟੂਸੇ ਆਦਿ ਹਾਜ਼ਰ ਸਨ।

# ਤੇਜ਼ ਮੀਂਹ ਤੇ ਹਨੇਰੀ ਕਾਰਨ ਡਿੱਗੇ ਨੰਬਰੀ ਦਰੱਖਤ ਅਧਿਕਾਰੀਆਂ ਦੀ ਅਣਦੇਖੀ ਦਾ ਸ਼ਿਕਾਰ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਤੇਜ਼ ਬਾਰਿਸ਼ਾਂ, ਤੇਜ਼ ਹਨੇਰੀ ਜਾਂ ਕਿਸੇ ਹੋਰ ਕਾਰਨਾਂ ਕਰਕੇ ਡਿੱਗੇ ਨੰਬਰੀ ਦਰੱਖਤ ਵਿਭਾਗ ਦੇ ਕ੍ਰਮਚਾਰੀਆਂ ਅਤੇ ਅਧਿਕਾਰੀਆਂ ਦੀ ਅਣਦੇਖੀ ਦਾ ਸ਼ਿਕਾਰ ਹੋ ਰਹੇ ਹਨ। ਕਈ ਵਾਰ ਇਸ ਤਰ੍ਹਾਂ ਡਿੱਗੇ ਦਰੱਖਤਾਂ ਕਾਰਨ ਖੰਨਾ ਸਮਰਾਲਾ ਰੋਡ ਦੀ ਆਵਾਜਾਈ ਵੀ ਪ੍ਰਭਾਵਤ ਹੋ ਜਾਂਦੀ ਹੈ।

ਆਵਾਜਾਈ ਨੂੰ ਢੰਗ ਨਾਲ ਚਲਾਉਣ ਲਈ ਸਥਾਨਕ ਲੋਕਾਂ ਵੱਲੋਂ ਡਿੱਗੇ ਦਰੱਖਤਾਂ ਨੂੰ ਵੱਢ ਕੇ ਆਪਣੇ ਘਰ ਨੂੰ ਲੈ ਜਾਂਦੇ ਹਨ, ਪਰ ਮੌਕੇ ਦੇ ਕ੍ਰਮਚਾਰੀ ਅਧਿਕਾਰੀ ਇਨ੍ਹਾਂ ਗੱਲਾਂ ਵੱਲ ਬਿਲਕੁਲ ਵੀ ਧਿਆਨ ਨਹੀਂ ਦਿੰਦੇ, ਸਗੋਂ ਕੰਨ ਟੇਢਾ ਕਰਕੇ ਅੱਗੇ ਲੰਘਣ ਦੀ ਨੀਤੀ ਅਪਣਾਉਂਦੇ ਹਨ। ਇਸੇ ਤਰ੍ਹਾਂ ਖੰਨਾ ਸਮਰਾਲਾ ਰੋਡ ਉੱਪਰ ਕਾਰੋਬਾਰੀਆਂ ਵੱਲੋਂ ਨੰਬਰੀ ਦਰੱਖਤ ਵੱਢ ਕੇ ਆਏ ਦਿਨ ਨਜਾਇਜ਼ ਰਸਤੇ ਕੱਢੇ ਜਾਂਦੇ ਹਨ।

ਵਣ ਵਿਭਾਗ ਦੇ ਅਧਿਕਾਰੀ ਕ੍ਰਮਚਾਰੀ ਕਿਉਂ ਚੁੱਪ ਹਨ, ਇਹ ਇੱਕ ਬੁਝਾਰਤ ਬਣੀ ਹੋਈ ਹੈ। ਅਵਤਾਰ ਸਿੰਘ ਰਾਜੂ ਭੱਟੀ ਕੁਲਦੀਪ ਸਿੰਘ ਸਲੌਦੀ ਵੱਲੋਂ ਵਣ ਵਿਭਾਗ ਦੇ ਉਚ ਅਧਿਕਾਰੀਆਂ ਤੋਂ ਮੰਗ ਕੀਤੀ ਗਈ ਹੈ ਕਿ ਖੰਨਾ ਤੋਂ ਸਮਰਾਲਾ ਤੱਕ ਕਾਰੋਬਾਰੀਆਂ ਵੱਲੋਂ ਬਣਾਏ ਨਾਜਾਇਜ਼ ਰਸਤਿਆਂ ਦਾ ਵੇਰਵਾ ਜਨਤਕ ਕੀਤਾ ਜਾਵੇ। ਪਿਛਲੇ ਪੰਜ ਸਾਲਾਂ ਦੌਰਾਨ ਖੰਨਾ ਸਮਰਾਲਾ ਰੋਡ ਉੱਪਰ ਖੜੇ ਹਰੇ ਭਰੇ ਦਰੱਖਤਾਂ ਦੀ ਕੁੱਲ ਗਿਣਤੀ ਵਿੱਚੋਂ ਕਿੰਨੇ ਦਰੱਖਤਾਂ ਦੀ ਗਿਣਤੀ ਘੱਟ ਹੈ, ਇਸ ਦੀ ਵੀ ਜਾਂਚ ਕੀਤੀ ਜਾਵੇ। ਇਸ ਸਬੰਧੀ ਰੇਂਜ ਅਫ਼ਸਰ ਸੁਖਪਾਲ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਤੁਹਾਡੇ ਵੱਲੋਂ ਭੇਜੀਆਂ ਫੋਟੋਆਂ ਤੋਂ ਬਾਅਦ ਸਾਡੇ ਕ੍ਰਮਚਾਰੀ ਵੱਲੋਂ ਕਿਸੇ ਦੇ ਘਰੋਂ ਦਰੱਖਤ ਬਰਾਮਦ ਕਰ ਲਿਆ ਗਿਆ ਹੈ। ਉਸ ਉੱਪਰ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ, ਪਰ ਇਸ ਤੋਂ ਕੁਝ ਦਿਨ ਪਹਿਲਾਂ ਡਿੱਗੇ ਦਰੱਖਤ ਬਾਰੇ ਵਿਭਾਗ ਦੇ ਕਿਸੇ ਅਧਿਕਾਰੀ ਕ੍ਰਮਚਾਰੀ ਨੂੰ ਅਜੇ ਤੱਕ ਕੋਈ ਜਾਣਕਾਰੀ ਨਹੀਂ।

# ਭਾਰਤ-ਪਾਕਿ ਵਪਾਰ ਖੁਲ੍ਹਵਾਉਣ ਲਈ ਹੁਸੈਨੀਵਾਲਾ 'ਚ ਕਾਨਫਰੰਸ ਅੱਜ

**ਮੋਗਾ (ਅਮਰਜੀਤ ਬੱਬਰੀ)**-ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ ਤੇ ਜ਼ਿਲ੍ਹਾ ਜਨਰਲ ਸਕੱਤਰ ਚਮਕੌਰ ਸਿੰਘ ਰੋਡੇ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਦਹਿਸ਼ਤਗਰਦੀ ਦੇ ਨਾਂਅ ਹੇਠ ਪਾਕਿਸਤਾਨ ਨਾਲ ਸੜਕੀ ਵਪਾਰ ਲੰਮੇ ਸਮੇਂ ਤੋਂ ਬੰਦ ਕੀਤਾ ਹੋਇਆ ਹੈ, ਪਰ ਸਮੁੰਦਰੀ ਰਸਤੇ ਰਾਹੀਂ ਭਾਰਤ ਪਾਕਿਸਤਾਨ ਵਪਾਰ ਚੱਲ ਰਿਹਾ ਹੈ, ਜੇਕਰ ਵਪਾਰ ਲਈ ਵਾਹਗਾ ਤੇ ਹੁਸੈਨੀਵਾਲਾ ਵਾਲਾ ਬਾਰਡਰ ਖੋਲੇ ਜਾਣ ਤਾਂ ਦੋਵਾਂ ਦੇਸਾਂ ਦੀ ਆਰਥਿਕਤਾ ਨੂੰ ਚੰਗਾ ਹੁਲਾਰਾ ਮਿਲੇਗਾ। ਸੜਕੀ ਵਪਾਰ ਕਾਫੀ ਸਸਤਾ ਪਵੇਗਾ ਸਮੁੰਦਰੀ ਰਸਤੇ ਰਾਹੀਂ ਵਪਾਰ ਮਹਿੰਗਾ ਪੈ ਰਿਹਾ ਹੈ, ਪਰ ਕੇਂਦਰ ਦੀ ਮੋਦੀ ਸਰਕਾਰ ਲਗਾਤਾਰ ਕਾਰਪੋਰੇਟਾਂ ਨੂੰ ਮੁਨਾਫ਼ਾ ਪੁਚਾਉਣ ਲਈ ਲੱਗੀ ਹੋਈ ਹੈ। ਅੰਡਾਨੀ ਦੀ ਗੁਜਰਾਤ ਵਾਲੀ ਮੁੰਦਰਾਂ ਬੰਦਰਗਾਹ ਰਾਹੀਂ ਤੇ ਬੰਬੇ ਬੰਦਰਗਾਹਾਂ ਰਾਹੀਂ ਵਪਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਭਾਰਤ ਸਰਕਾਰ ਨੂੰ ਪਾਕਿਸਤਾਨ ਨਾਲ ਲੱਗਦੇ ਬਾਰਡਰ ਵਪਾਰ ਲਈ ਖੋਲ੍ਹਣੇ ਚਾਹੀਦੇ ਹਨ, ਪਾਕਿਸਤਾਨ ਵੱਲੋਂ ਬਾਰਡਰ ਖੁੱਲ੍ਹੇ ਹਨ। ਜੇਕਰ ਬਾਰਡਰ ਖੋਲੇ ਜਾਣ ਸੜਕੀ ਵਪਾਰ ਹੋਵੇਗਾ ਤਾਂ ਦੋਵਾਂ ਦੇਸਾਂ ਦੇ ਲੋਕਾਂ ਨੂੰ ਲੋੜਾਂ ਮੁਤਾਬਕ ਸਮਾਨ ਸਸਤਾ ਮਿਲੇਗਾ ਸਮੁੰਦਰੀ ਰਸਤਿਆਂ ਰਾਹੀਂ ਜੋ ਸਮਾਨ ਹਜ਼ਾਰਾਂ ਕਿਲੋਮੀਟਰ ਦੀ ਦੂਰੀ ਤੋਂ ਆਉਂਦਾ ਹੈ, ਉਹ ਬਹੁਤ ਮਹਿੰਗਾ ਪੈਂਦਾ ਹੈ। ਆਗੂਆਂ ਨੇ ਕਿਹਾ ਕਿ ਇਨ੍ਹਾਂ ਬਾਰਡਰਾਂ ਨੂੰ ਖੁਲ੍ਹਵਾਉਣ ਲਈ ਕਿਰਤੀ ਕਿਸਾਨ ਯੂਨੀਅਨ ਵੱਲੋਂ ਦੋ ਕਾਨਫਰੰਸਾਂ ਰੱਖੀਆਂ ਗਈਆਂ ਹਨ। ਵਾਹਗਾ ਬਾਰਡਰ ਤੇ 18 ਸਤੰਬਰ ਤੇ ਹੁਸੈਨੀਵਾਲਾ 20 ਸਤੰਬਰ ਨੂੰ ਕਾਨਫਰੰਸਾਂ ਕੀਤੀਆਂ ਜਾ ਰਹੀਆਂ ਹਨ, ਜਿਸ ਸਬੰਧੀ ਮੋਗੇ ਜ਼ਿਲ੍ਹੇ ਦੇ ਪਿੰਡਾਂ ਵਿੱਚ ਤਿਆਰੀਆਂ ਮੁਕੰਮਲ ਹੋ ਗਈਆਂ ਹਨ ਤੇ ਪਿੰਡਾਂ ਵਿੱਚ ਚੰਗਾ ਹੁੰਗਾਰਾ ਮਿਲ ਰਿਹਾ ਹੈ।

## ਕਾਤਰਾਂ

### ਸੀਨੀਅਰ ਪੱਤਰਕਾਰ ਸੁਭਾਸ਼ ਪਾਠਕ ਨੂੰ ਸਦਮਾ, ਸਹੁਰੇ ਦਾ ਦੇਹਾਂਤ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸੀਨੀਅਰ ਪੱਤਰਕਾਰ ਸੁਭਾਸ਼ ਪਾਠਕ (ਪੰਜਾਬ ਬੂਟ ਵਾਲੇ) ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨਾਂ ਦੇ ਸਹੁਰਾ ਸਾਹਿਬ ਸ੍ਰੀ ਮਹਿੰਦਰ ਲਾਲ (ਰਿਟਾਇਰਡ ਪੰਜਾਬ ਰਾਜ ਬਿਜਲੀ ਬੋਰਡ ਅਤੇ ਲੋਮਿਸ ਪੈਟਰੋਲ ਪੰਪ ਚੰਨੋਂ ਵਾਲੇ) ਮਿਤੀ 18 ਸਤੰਬਰ 2023 ਨੂੰ ਅਚਨਚੇਤ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।ਇਸ ਦੁੱਖ ਦੀ ਘੜੀ ਵਿਚ ਕੈਬਨਿਟ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ, ਸਾਬਕਾ ਵਿਧਾਇਕ ਭਵਾਨੀਗੜ੍ਹ ਪ੍ਰਕਾਸ਼ ਚੰਦ ਗਰਗ, ਸੀਨੀਅਰ ਅਕਾਲੀ ਆਗੂ ਬਲਦੇਵ ਸਿੰਘ ਮਾਨ, ਵਿਨਰਜੀਤ ਖੜਿਆਲ ਗੋਲਡੀ, ਲਾਇਨਜ਼ ਕਲੱਬ ਸਮਾਣਾ ਰਾਇਲ ਦੇ ਪ੍ਰਧਾਨ ਜੀਵਨ ਗਰਗ, 'ਆਪ' ਦੇ ਐਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ, ਅਗਰਵਾਲ ਧਰਮਸ਼ਾਲਾ ਪ੍ਰਧਾਨ ਡਾ. ਮਦਨ ਮਿੱਤਲ, ਗੋਪਾਲ ਕ੍ਰਿਸ਼ਨ ਗਰਗ, ਸ਼ਾਮ ਲਾਲ ਦੱਤ, ਬੀ ਕੇ ਯੂ ਦੇ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ, ਗੁਰਜਿੰਦਰ ਸਿੰਘ ਕਾਲਾ, ਆਪ ਦੇ ਯੂਥ ਪ੍ਰਧਾਨ ਪਾਰਸ ਸ਼ਰਮਾ, ਸ੍ਰੀ ਸ਼ਿਆਮ ਸੰਕੀਰਤਨ ਮੰਡਲ ਪ੍ਰਧਾਨ ਸੰਜੀਵ ਸਿੰਗਲਾ, ਲਖਵਿੰਦਰ ਸਿੰਘ ਜਵੰਦਾ, ਧਰਮਪਾਲ ਜੋਸ਼ੀ, ਹਰਬੰਸ ਸਿੰਘ ਦਦਹੇੜਾ, ਕੌਂਸਲਰ ਟਿੰਕਾ ਗਾਜੇਵਾਸ, ਸਾਬਕਾ ਕੌਂਸਲਰ ਰਾਣਾ ਸੇਖੋਂ, ਪ੍ਰੈਸ ਕਲੱਬ ਪ੍ਰਧਾਨ ਕੈਲਾਸ਼ ਸ਼ਰਮਾ, ਜਰਨਲਿਸਟ ਪ੍ਰੈਸ ਕਲੱਬ ਪ੍ਰਧਾਨ ਚਮਕੌਰ ਸਿੰਘ ਮੋਤੀਫਾਰਮ ਸਮੇਤ ਕਈ ਰਾਜਨੀਤਿਕ ਅਤੇ ਸਮਾਜਿਕ ਆਗੂਆਂ ਨੇ ਲੋਮਿਸ ਪਰਵਾਰ ਤੇ ਪਾਠਕ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

### ਰਿਸ਼ਤਿਆਂ 'ਚ ਤਾਕਤ ਨਹੀਂ, ਪਿਆਰ ਦੀ ਲੋੜ ਹੁੰਦੀ ਹੈ : ਬੀ ਕੇ ਸਾਂਤਨੂੰ



**ਜੈਤੋ (ਪੱਤਰ ਪ੍ਰੇਰਕ)**-ਆਪਣੀ ਛੋਟੀ ਉਂਗਲੀ ਉੱਤੇ ਪੂਰਾ ਗੋਵਰਧਨ ਪਰਬਤ ਚੁੱਕਣ ਵਾਲੇ ਕ੍ਰਿਸ਼ਨ ਭਗਵਾਨ ਇੱਕ ਛੋਟੀ ਜਿਹੀ ਬਾਂਸਰੀ ਨੂੰ ਦੋਵੇਂ ਹੱਥਾਂ ਨਾਲ ਫੜਦੇ ਹਨ ਤੇ ਇਹੀ ਅੰਤਰ ਹੈ ਤਾਕਤ ਤੇ ਪਿਆਰ ਵਿੱਚ। ਇਸ ਲਈ ਰਿਸ਼ਤਿਆਂ ਵਿੱਚ ਤਾਕਤ ਨਹੀਂ, ਬਲਕਿ ਪਿਆਰ ਹੋਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਦੇ ਰਾਸ਼ਟਰੀ ਮੀਡੀਆ ਇੰਚਾਰਜ ਬੀ ਕੇ ਸ਼ਾਂਤਨੂੰ ਨੇ ਅੱਗੇ ਕਿਹਾ ਕਿ ਆਪਣਿਆਂ ਵਿੱਚ ਗ਼ਲਤਫਹਿਮੀ ਇਸ ਕਦਰ ਨਾ ਵਧਾਓ ਕਿ ਬੇਗਾਨੇ ਦੀ ਜ਼ਰੂਰਤ ਪਵੇ। ਸਾਂਤਨੂੰ ਨੇ ਮੀਡੀਆ ਕਾਰਕੁੰਨਾਂ ਨਾਲ ਵਾਰਤਾਲਾਪ ਕਰਦਿਆਂ ਕਿਹਾ ਕਿ ਸਮਾਂ ਅਤੇ ਜ਼ਿੰਦਗੀ ਦੁਨੀਆ ਦੇ ਸਰਬੋਤਮ ਅਧਿਆਪਕ ਹਨ, ਜ਼ਿੰਦਗੀ ਸਮੇਂ ਦੀ ਚੰਗੀ ਵਰਤੋਂ ਕਰਨਾ ਸਿਖਾਉਂਦੀ ਹੈ ਅਤੇ ਸਮਾਂ ਸਾਨੂੰ ਜ਼ਿੰਦਗੀ ਦੀ ਕੀਮਤ ਸਿਖਾਉਂਦਾ ਹੈ।

### ਨਰਸਿੰਗ ਦੀਆਂ ਵਿਦਿਆਰਥਣਾਂ 'ਤੇ ਪੁਲਸ ਤਸ਼ੱਦਦ ਦੀ ਨਿੰਦਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਨੇ ਦੇਸ਼ ਭਗਤ ਯੂਨੀਵਰਸਿਟੀ ਅਮਲੋਹ ਦੇ ਪ੍ਰਬੰਧਕਾਂ ਵੱਲੋਂ ਬੀ ਐੱਸ ਸੀ ਨਰਸਿੰਗ ਦੀਆਂ ਵਿਦਿਆਰਥਣਾਂ ਦੇ ਕੈਰੀਅਰ ਨਾਲ ਖਿਲਵਾੜ ਕਰਨ ਤੇ ਫਿਰ ਉਨ੍ਹਾਂ ਉੱਤੇ ਪੁਲਿਸ ਤਸ਼ੱਦਦ ਕਰਾਉਣ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸਤਰੀ ਵਿੰਗ ਨੇ ਇਸ ਘਟਨਾ ਦਾ ਸਖਤ ਨੋਟਿਸ ਲਿਆ ਹੈ ਤੇ ਕਿਹਾ ਹੈ ਤੇ ਉਹ ਪੀੜਤ ਵਿਦਿਆਰਥਣਾਂ ਦੇ ਨਾਲ ਖੜੇ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥਣਾਂ ਨੂੰ ਬਣਦਾ ਇਨਸਾਫ਼ ਦਿਵਾਇਆ ਜਾਵੇਗਾ ਤੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾਵੇਗੀ। ਹਰਗੋਬਿੰਦ ਕੌਰ ਨੇ ਇਹ ਵੀ ਕਿਹਾ ਕਿ ਇਕ ਪਾਸੇ ਤਾਂ ਔਰਤਾਂ ਦੇ ਮਾਣ-ਸਤਿਕਾਰ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ ਤੇ ਦੂਜੇ ਪਾਸੇ ਔਰਤਾਂ ਤੇ ਪੁਲਸ ਦੀਆਂ ਡਾਂਗਾਂ ਵਰ੍ਹਾਈਆਂ ਜਾ ਰਹੀਆਂ ਹਨ, ਜੋ ਬੇਹੱਦ ਮਾੜੀ ਗੱਲ ਹੈ।

### ਸ੍ਰੀ ਗਣੇਸ਼ ਦੀ ਮੂਰਤੀ ਧਾਰਮਿਕ ਰਹੁ-ਰੀਤਾਂ ਨਾਲ ਸਥਾਪਤ

**ਤਪਾ ਮੰਡੀ (ਅਰੁਣ ਗੋਇਲ)**-ਸਦਰ ਬਜ਼ਾਰ 'ਚ ਮੰਡੀ ਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਗਣੇਸ਼ ਚਤੁਰਥੀ ਮੌਕੇ ਸ਼ਰਧਾਲੂਆਂ ਵਲੋਂ ਸ੍ਰੀ ਗਣੇਸ਼ ਜੀ ਦੀ ਮੂਰਤੀ ਧਾਰਮਿਕ ਰਹੁ-ਰੀਤਾਂ ਨਾਲ ਸਥਾਪਤ ਕੀਤੀ ਗਈ, ਜਿਸ ਦੇ ਪੂਜਨ ਅਰਚਨਾ ਸਵਰਨਕਾਰ ਸੰਘ ਦੇ ਪ੍ਰਧਾਨ ਸੱਤਪਾਲ ਰਿੰਕੂ ਨੇ ਅਦਾ ਕੀਤੀ ਤੇ ਆਰਤੀ ਕਰਕੇ ਭੋਗ ਲਾਇਆ ਗਿਆ। ਇਸ ਮੌਕੇ ਹਾਜ਼ਰ ਪੰਕਜ ਕੁਮਾਰ, ਪੱਪੂ ਮੌੜ, ਅਸ਼ੋਕ ਬਿੱਟੂ, ਵਿਪੁਨ ਕੁਮਾਰ, ਗੀਤਾ ਜੈਨ, ਵਿਕਰਮ ਕੁਮਾਰ, ਰਾਹੁਲ ਲੱਕੀ, ਰਾਹੁਲ ਮਹਿਤਾ, ਕੁਲਵਿੰਦਰ ਸਿੰਘ, ਭਾਰਤ ਭੂਸ਼ਨ, ਨਰਿੰਦਰ ਕੁਮਾਰ, ਸੁਸ਼ੀਲ ਕੁਮਾਰ ਸ਼ੀਲੂ, ਮਿੰਟਾ ਸੂਦ, ਆਸ਼ੂ ਢਿੱਲਵਾਂ, ਪੰਕਜ ਕੱਪੜੇ ਵਾਲਾ, ਬਲਜਿੰਦਰ ਕੁਮਾਰ, ਮੁਨੀਸ਼ ਰਾਏ ਆਦਿ ਨੇ ਦੱਸਿਆ ਕਿ 26 ਸਤੰਬਰ ਨੂੰ ਲੰਗਰ ਲਾਇਆ ਜਾਵੇਗਾ ਅਤੇ 27 ਸਤੰਬਰ ਨੂੰ ਸਥਾਪਤ ਮੂਰਤੀ ਨੂੰ ਸ਼ੋਭਾ ਯਾਤਰਾ ਦੇ ਰੂਪ 'ਚ ਵਿਸਰਜਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪੰਚਾਇਤੀ ਮੰਦਿਰ ਸਾਸਤਰੀ ਭੋਲਾ ਰਾਮ ਸ਼ਰਮਾ ਦੀ ਅਗਵਾਈ 'ਚ ਵੀ ਸਥਾਪਤ ਕੀਤੀ ਗਈ।

### ਡਾ. ਵਧਵਾ ਪਰਵਾਰ ਨਾਲ ਦੁੱਖ ਸਾਂਝਾ ਕੀਤਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਹੱਡੀਆਂ ਦੇ ਮਾਹਿਰ ਡਾ. ਵਰਿੰਦਰ ਵਧਵਾ (ਵਧਵਾ ਆਰਥੋ ਹਸਪਤਾਲ) ਤੇ ਇੰਜ. ਜਤਿੰਦਰ ਵਧਵਾ ਦੇ ਮਾਤਾ ਰਾਜ ਕੁਮਾਰੀ ਵਧਵਾ (87) ਅਕਾਲ ਚਲਾਣਾ ਕਰ ਗਏ ਸਨ। ਸ਼ਹਿਰ ਦੇ ਵੱਖ-ਵੱਖ ਡਾਕਟਰਾਂ ਸਮੇਤ ਹੋਰ ਪ੍ਰਮੁੱਖ ਸਖਸ਼ੀਅਤਾਂ ਅਤੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਉਨ੍ਹਾਂ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਸਮੇਤ ਵਧਵਾ ਪਰਿਵਾਰ ਦੇ ਬੇਹੱਦ ਨਜ਼ਦੀਕੀ ਅਤੇ ਮਿਸ਼ਨ ਦੇ ਸੀਨੀਅਰ ਆਗੂ ਡਾ. ਸਤੀਸ਼ ਗਲਹੋਤਰਾ ਸਮੇਤ ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ, ਸੀਨੀਅਰ ਮੀਤ ਪ੍ਰਧਾਨ (ਫਸਟ) ਨਿਰੰਜਣ ਸਿੰਘ ਰੱਖਰਾ, ਮੀਤ ਪ੍ਰਧਾਨ ਡਾ. ਸੁਰਿੰਦਰ ਗਿਰਧਰ, ਸਹਾਇਕ ਲੋਕ ਸੰਪਰਕ ਅਧਿਕਾਰੀ ਸਾਹਿਲ ਕੁਮਾਰ ਹੈਪੀ ਤੇ ਨਰਿੰਦਰ ਕਾਕਾ ਫੋਟੋਗ੍ਰਾਫਰ ਨੇ ਡਾ. ਵਧਵਾ ਦੇ ਗ੍ਰਹਿ ਵਿਖੇ ਜਾ ਕੇ ਮਾਤਾ ਜੀ ਦੇ ਅਕਾਲ ਚਲਾਣੇ 'ਤੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਡਾ. ਵਧਵਾ ਦੇ ਬਾਕੀ ਪਰਿਵਾਰਕ ਮੈਂਬਰ ਵੀ ਮੌਜੂਦ ਸਨ। ਸਵ: ਮਾਤਾ ਰਾਜ ਕੁਮਾਰੀ ਵਧਵਾ ਨਮਿਤ ਅੰਤਮ ਅਰਦਾਸ ਤੇ ਪਾਠ ਦਾ ਭੋਗ ਆਉਂਦੀ 20 ਸਤੰਬਰ ਨੂੰ ਮਲੋਟ ਰੋਡ ਸਥਿਤ ਚਹਿਲ ਪੈਲੇਸ ਵਿਖੇ ਬਾਅਦ ਦੁਪਹਿਰ 2:00 ਤੋਂ 3:00 ਵਜੇ ਤੱਕ ਪਵੇਗਾ।

# 'ਸਵੱਛਤਾ ਹੀ ਸੇਵਾ ਅਭਿਆਨ' ਤਹਿਤ ਜਾਗਰੂਕਤਾ ਪ੍ਰੋਗਰਾਮ



**ਦੇਵੀਗੜ੍ਹ/ਪਟਿਆਲਾ (ਵਿਜੇ ਕੁਮਾਰ ਸ਼ਰਮਾ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ 'ਸਵੱਛਤਾ ਹੀ ਸੇਵਾ' ਅਭਿਆਨ ਤਹਿਤ ਮਨਾਏ ਜਾ ਰਹੇ ਪੰਦਰਵਾੜੇ ਤਹਿਤ ਅੱਜ ਸਨੌਰ ਹਲਕੇ ਦੇ ਪਿੰਡ ਸ਼ਫੇੜਾ ਵਿਖੇ ਮਕੈਨੀਕਲ ਡਵੀਜ਼ਨ ਪਟਿਆਲਾ ਦੇ ਕਾਰਜਕਾਰੀ ਇੰਜੀਨੀਅਰ ਈਸ਼ਾਨ ਕੌਸ਼ਲ ਦੀ ਦੇਖ-ਰੇਖ ਹੇਠ ਸਮਾਗਮ ਕੀਤਾ ਗਿਆ, ਜਿਸ ਦੌਰਾਨ ਆਈ.ਈ.ਸੀ. ਸਪੈਸ਼ਲਿਸਟ ਅਮਨਦੀਪ ਕੌਰ ਨੇ ਪਿੰਡ ਵਾਸੀਆਂ ਤੇ ਸਕੂਲੀ ਵਿਦਿਆਰਥੀਆਂ ਨੂੰ ਆਪਣਾ ਆਲਾ-ਦੁਆਲਾ ਸਾਫ-ਸੁਥਰਾ ਰੱਖਣ ਲਈ ਪ੍ਰੇਰਿਆ, ਤਾਂ ਜੋ ਪਿੰਡ ਦੇ ਵਾਤਾਵਰਣ ਨੂੰ ਸਾਫ-ਸੁਥਰਾ ਰੱਖਿਆ ਜਾ ਸਕੇ। ਇਸ ਮੌਕੇ ਉਨ੍ਹਾਂ ਕੂੜੇ ਕਰਕਟ ਦਾ ਸਹੀ ਢੰਗ ਨਾਲ ਨਿਪਟਾਰਾ ਕਰਨ ਬਾਰੇ ਵੀ ਜਾਣਕਾਰੀ ਦਿੱਤੀ ਗਈ। ਪਿੰਡਾਂ ਵਿੱਚ ਲੱਗ ਰਹੇ ਗਿੱਲੇ ਤੇ ਸੁੱਕੇ ਕੂੜੇ ਦੇ ਪ੍ਰਾਜੈਕਟ (ਸੋਲਿਡ ਵੇਸਟ ਮੈਨੇਜਮੈਂਟ) ਬਾਰੇ ਵੀ ਦੱਸਿਆ। 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ 'ਹਰਾ ਗਿੱਲਾ-ਨੀਲਾ ਸੁੱਕਾ' ਤਹਿਤ ਵੀ ਗਤੀਵਿਧੀ ਕਰਵਾਈ ਗਈ, ਜਿਸ ਦੌਰਾਨ ਉਨ੍ਹਾਂ ਲੋਕਾਂ ਨੂੰ ਆਪਣੇ ਘਰਾਂ ਦਾ ਗਿੱਲਾ ਤੇ ਸੁੱਕਾ ਕੂੜਾ ਵੱਖਰਾ ਕਰਨ ਲਈ ਪ੍ਰੇਰਿਤ ਕੀਤਾ। ਅਮਨਦੀਪ ਕੌਰ ਤੇ ਟੀਮ ਦੀ ਪ੍ਰੇਰਨਾ ਸਦਕਾ ਬੱਚਿਆਂ ਨੇ ਘਰ ਤੇ ਆਲੇ-ਦੁਆਲੇ ਦੀ ਸਫਾਈ ਰੱਖਣ ਦਾ ਪ੍ਰਣ ਵੀ ਲਿਆ ਗਿਆ। ਇਸ ਗਤੀਵਿਧੀ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਪਿੰਡ ਵਾਸੀਆਂ ਨੂੰ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ, ਤਾਂ ਜੋ ਵਾਤਾਵਰਣ ਨੂੰ ਹਰਿਆ-ਭਰਿਆ ਰੱਖਿਆ ਜਾ ਸਕੇ। ਇਸ ਮੌਕੇ ਸੀ ਡੀ ਐੱਸ ਅਨੁਰਾਧਾ, ਸਕੂਲ ਅਧਿਆਪਕ ਅਮਨਿੰਦਰ ਕੌਰ, ਕੁਲਦੀਪ ਕੌਰ, ਰਾਜ ਰਾਣੀ, ਆਂਗਣਵਾੜੀ ਵਰਕਰ ਜਸਵਿੰਦਰ ਕੌਰ, ਸਕੂਲ ਵਿਦਿਆਰਥੀ ਤੇ ਪਿੰਡ ਵਾਸੀ ਮੌਜੂਦ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨਾਭਾ ਜੇਲ੍ਹ 'ਚ ਕੈਂਪ

## 'ਸਹਜ ਫੁਲਕਾਰੀ' ਸਕੀਮ ਦੇ ਉਚੇਚੇ ਪ੍ਰਬੰਧਾਂ ਦਾ ਕੀਤਾ ਨਿਰੀਖਣ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਤਿਹਗੜ੍ਹ ਸਾਹਿਬ ਵੱਲੋਂ ਨਵੀਂ ਜ਼ਿਲ੍ਹਾ ਜੇਲ੍ਹ ਨਾਭਾ ਵਿਖੇ ਕੈਂਪ ਕੋਰਟ ਦਾ ਆਯੋਜਨ ਕੀਤਾ ਗਿਆ ਤੇ ਯੋਗ ਕੈਦੀਆਂ ਨੂੰ ਨਿਯਮਾਂ ਮੁਤਾਬਿਕ ਰਿਹਾਅ ਕਰਵਾਇਆ ਗਿਆ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀਮਤੀ ਮਨਪ੍ਰੀਤ ਕੌਰ ਨੇ ਦੱਸਿਆ ਕਿ ਇਸ ਦੌਰਾਨ ਜੇਲ੍ਹ ਦਾ ਨਿਰੀਖਣ ਕੀਤਾ ਗਿਆ ਅਤੇ ਜੇਲ੍ਹ ਵਿੱਚ ਬੰਦ ਬੰਦੀਆਂ ਨੂੰ ਆਉਂਦੀਆਂ ਮੁਸ਼ਕਲਾਂ ਨੂੰ ਸੁਣਿਆ ਗਿਆ ਅਤੇ ਇਸ ਦੇ ਨਾਲ ਹੀ 'ਸਹਜ ਫੁਲਕਾਰੀ' ਦੇ ਉਚੇਚੇ ਕੰਮ ਦੇ ਪ੍ਰਬੰਧ ਦਾ ਨਿਰੀਖਣ ਵੀ ਕੀਤਾ। ਉਨ੍ਹਾਂ ਹੋਰ ਦੱਸਿਆ ਕਿ 'ਸਹਜ ਫੁਲਕਾਰੀ' ਨਾਂਅ ਦੀ ਇੱਕ ਨਿਵੇਕਲੀ ਪਹਿਲ ਕਦਮੀ ਕਰਦਿਆਂ ਨਵੀਂ ਜ਼ਿਲ੍ਹਾ ਜੇਲ੍ਹ ਵਿੱਚ ਬੰਦੀ ਔਰਤਾਂ ਲਈ ਸਲਾਈ, ਕਢਾਈ ਤੇ ਫੁਲਕਾਰੀ ਕੱਢਣ ਦੀ ਟ੍ਰੇਨਿੰਗ ਸ਼ੁਰੂ ਕਰਵਾਈ ਗਈ ਸੀ, ਜਿਸ ਵਿੱਚ 30-40 ਔਰਤਾਂ ਨੂੰ 2-3 ਮਹੀਨੇ ਦੀ ਸਿਖਲਾਈ ਦੇ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਪੈਰਾਂ 'ਤੇ ਖੜ੍ਹਾ ਕਰਨ ਦਾ ਇਕ ਵਧੀਆ ਉਪਰਾਲਾ ਕੀਤਾ ਗਿਆ ਸੀ, ਤਾਂ ਜੋ ਜੇਲ੍ਹ ਵਿੱਚ ਬੰਦ ਔਰਤਾਂ ਲਈ ਉਨ੍ਹਾਂ ਦੀ ਜੇਲ੍ਹ ਤੇ ਜੇਲ੍ਹ ਰਿਹਾਈ ਤੋਂ ਬਾਅਦ ਦੇ ਸਮੇਂ ਦੌਰਾਨ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਦੀ ਰੋਜ਼ੀ-ਰੋਟੀ ਅਤੇ ਰੋਜ਼ਾਨਾ ਦੀ ਉਪਜੀਵਕਾ ਸੌਖੇ ਢੰਗ ਨਾਲ ਹੋ ਸਕੇ। ਇਸ ਮੌਕੇ ਸ੍ਰੀ ਰਮਨਦੀਪ ਸਿੰਘ ਭੰਗੂ ਸੁਪਰਡੈਂਟ ਨਵੀਂ ਜ਼ਿਲ੍ਹਾ ਜੇਲ੍ਹ ਨਾਭਾ, ਮਿਸ ਪਰਵੀਨ ਕੌਰ ਤੇ ਮਿਸ ਪ੍ਰਭਜੋਤ ਕੌਰ ਅਸਿਸਟੈਂਟ ਲੀਗਲ ਏਡ ਡਿਫੈਂਸ ਕੌਂਸਲ ਫਤਿਹਗੜ੍ਹ ਸਾਹਿਬ ਹਾਜ਼ਰ ਸਨ।

# ਧਾਰਮਿਕ ਮੁਕਾਬਲਿਆਂ 'ਚ ਦਸਮੇਸ਼ ਪਬਲਿਕ ਸਕੂਲ ਦੇ ਵਿਦਿਆਰਥੀਆਂ ਮਾਰੀਆਂ ਮੱਲਾਂ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਬਾਬਾ ਫ਼ਰੀਦ ਆਗਮਨ ਪੁਰਬ ਦੇ ਮੱਦੇਨਜ਼ਰ ਬਾਬਾ ਸ਼ੇਖ ਫ਼ਰੀਦ ਜੀ ਦੇ ਜੀਵਨ ਤੇ ਸਲੋਕਾਂ ਨਾਲ ਸੰਬੰਧਤ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਭਰ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਹਿਸਾ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਦਸਮੇਸ਼ ਪਬਲਿਕ ਸਕੂਲ ਫਰੀਦਕੋਟ ਦੇ ਵਿਦਿਆਰਥੀਆਂ ਨੇ ਵੀ ਆਪਣੀ ਕਲਾ ਦੇ ਜੌਹਰ ਦਿਖਾਏ। ਨੌਵੀਂ, ਦਸਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਸ਼ਬਦ ਗਾਇਣ ਵਿੱਚ ਦੂਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਨੌਵੀਂ ਜਮਾਤ ਦੇ ਵਿਦਿਆਰਥੀ ਅੰਜਨਵੀਰ ਸਿੰਘ ਨੇ ਲੇਖ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ। ਇਨ੍ਹਾਂ ਵਿਦਿਆਰਥੀਆਂ ਨੂੰ 23 ਸਤੰਬਰ ਨੂੰ ਗੁਰਦੁਆਰਾ ਮਾਈ ਗੋਦੜੀ ਸਾਹਿਬ ਵਿਖੇ ਨਗਦ ਇਨਾਮ ਦੇ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਜਿੱਤ ਦੀ ਖ਼ੁਸ਼ੀ 'ਤੇ ਸਕੂਲ ਦੇ ਪ੍ਰਿੰ. ਅਪੂਰਵ ਦੇਵਗਨ ਨੇ ਜੇਤੂ ਬੱਚਿਆਂ ਨੂੰ ਤਹਿ ਦਿਲੋਂ ਵਧਾਈ ਦਿੱਤੀ ਅਤੇ ਇਸੇ ਤਰ੍ਹਾਂ ਹੀ ਜ਼ਿੰਦਗੀ ਵਿੱਚ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਬੱਚਿਆਂ ਦੇ ਇੰਚਾਰਜ ਮੈਡਮ ਪ੍ਰਿਆਵੇਦਾ ਭੁੱਲਰ ਨੂੰ ਵੀ ਦਿਲੋਂ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ੍ਰ. ਜਸਬੀਰ ਸਿੰਘ ਸੰਧੂ ਨੇ ਜੇਤੂ ਵਿਦਿਆਰਥੀਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਵਧਾਈ ਦਿੱਤੀ।

# ਪ੍ਰਧਾਨ ਝਿੰਜਰ ਦੀ ਆਮਦ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਪੱਬਾਂ ਭਾਰ

## ਮਾਨ ਸਰਕਾਰ ਦੀਆਂ ਗਰੰਟੀਆਂ ਪੂਰੀ ਤਰ੍ਹਾਂ ਫੇਲ੍ਹ : ਕਲੇਰ



**ਜਗਰਾਓਂ (ਅਮਿਤ ਖੰਨਾ, ਸੰਜੀਵ ਅਰੋੜਾ)**

ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਤੇ ਸਾਬਕਾ ਵਿਧਾਇਕ ਐੱਸ ਆਰ ਕਲੇਰ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੇ ਅਹੁਦੇਦਾਰਾਂ ਤੇ ਪਾਰਟੀ ਵਰਕਰਾਂ ਦੀ ਮੀਟਿੰਗ ਹੋਈ, ਜਿਸ ਵਿੱਚ ਯੂਥ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੀ ਆਮਦ ਨੂੰ ਯਾਦਗਾਰੀ ਬਣਾਉਣ ਲਈ ਮੀਟਿੰਗ ਕੀਤੀ ਗਈ। ਇਸ ਮੌਕੇ ਹਲਕਾ ਇੰਚਾਰਜ ਐੱਸ ਆਰ ਕਲੇਰ ਵੱਲੋਂ ਯੂਥ ਪ੍ਰਧਾਨ ਦੀ ਆਮਦ ਨੂੰ ਲੈ ਕੇ ਪਾਰਟੀ ਆਗੂਆਂ ਦੀਆਂ ਡਿਊਟੀਆਂ ਲਾਈਆਂ ਗਈਆਂ। ਇਸ ਮੌਕੇ ਸ੍ਰੀ ਕਲੇਰ ਨੇ ਕਿਹਾ ਕਿ ਯੂਥ ਪ੍ਰਧਾਨ ਝਿੰਜਰ ਦੀ 8 ਅਕਤੂਬਰ ਨੂੰ ਜਗਰਾਉਂ ਫੇਰੀ ਨੂੰ ਲੈ ਕੇ ਹਲਕੇ ਦੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਤੇ ਜੋਸ਼ ਜਾਗਿਆ ਹੈ। ਉਨ੍ਹਾ ਕਿਹਾ ਕਿ ਇਸ ਮੌਕੇ ਵੱਡੇ ਇਕੱਠ ਵਿੱਚ ਭਗਵੰਤ ਮਾਨ ਸਰਕਾਰ ਵੱਲੋਂ ਆਮ ਲੋਕਾਂ ਨਾਲ ਕੀਤੇ ਝੂਠੇ ਵਾਅਦਿਆਂ ਤੇ ਝੂਠੀਆਂ ਗਰੰਟੀਆਂ ਦਾ ਪਰਦਾਫਾਸ਼ ਕਰਾਂਗੇ। ਇਸ ਮੌਕੇ ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਸਾਬਕਾ ਚੇਅਰਮੈਨ ਚੰਦ ਸਿੰਘ ਡੱਲਾ, ਕੌਂਸਲਰ ਦਵਿੰਦਰਜੀਤ ਸਿੰਘ ਸਿੱਧੂ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ, ਸਰਕਲ ਪ੍ਰਧਾਨ ਸੁਖਦੇਵ ਸਿੰਘ ਗਿੱਦੜਵਿੰਡੀ, ਸਰਕਲ ਪ੍ਰਧਾਨ ਮਨਦੀਪ ਸਿੰਘ ਬਿੱਟੂ, ਐੱਸ ਓ ਆਈ ਹਲਕਾ ਪ੍ਰਧਾਨ ਸੰਦੀਪ ਸਿੰਘ ਧਾਲੀਵਾਲ, ਆਈ ਟੀ ਵਿੰਗ ਹਲਕਾ ਪ੍ਰਧਾਨ ਸੁਖਦੇਵ ਸਿੰਘ ਜੱਗਾ ਸੇਖੋਂ ਕਾਉਂਕੇ ਕਲਾ, ਯੂਥ ਪ੍ਰਧਾਨ ਜਤਿੰਦਰ ਸਿੰਘ ਕਲੇਰਾਂ, ਯੂਥ ਪ੍ਰਧਾਨ ਸੁਰਗਨ ਸਿੰਘ ਰਸੂਲਪੁਰ, ਪ੍ਰਧਾਨ ਜਸਵੰਤ ਸਿੰਘ ਕੋਠੇ ਖਜੂਰਾ, ਬਲਦੇਵ ਸਿੰਘ ਕੋਠੇ ਖਜੂਰਾ, ਸਾਬਕਾ ਸਰਪੰਚ ਪਰਮਿੰਦਰ ਸਿੰਘ, ਯੂਥ ਆਗੂ ਜਗਜੀਤ ਸਿੰਘ ਡੱਲਾ, ਪ੍ਰਧਾਨ ਜਸਪ੍ਰੀਤ ਸਿੰਘ ਚੀਮਾ, ਮਿੰਟੂ ਸਵੱਦੀ, ਭਾਵਖੰਡਨ ਸਿੰਘ ਗਿੱਦੜਵਿੰਡੀ, ਪ੍ਰਧਾਨ ਸੁਰਿੰਦਰ ਸਿੰਘ ਪਰਜੀਆਂ ਬਿਹਾਰੀਪੁਰ, ਸੁਦਾਗਰ ਸਿੰਘ ਰਸੂਲਪੁਰ, ਜਸਵਿੰਦਰ ਸਿੰਘ ਲਾਡੀ, ਪ੍ਰਗਟ ਸਿੰਘ ਡੱਲਾ, ਪ੍ਰੇਮ ਸਿੰਘ ਚੀਮਾ, ਜਗਦੀਸ਼ ਸਿੰਘ ਕਾਉਂਕੇ ਕਲਾਂ, ਧਰਮ ਸਿੰਘ ਰਸੂਲਪੁਰ ਤੇ ਹੋਰ ਹਾਜ਼ਰ ਸਨ।

# ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਲੜਕੀਆਂ ਦੇ ਸਕੂਲ ਦਫਤਰ ਦਾ ਉਦਘਾਟਨ

**ਜੈਤੋ (ਸਤੀਸ਼ ਕੁਮਾਰ ਭੀਰੀ)**



ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਮੇਵਾ ਸਿੰਘ ਸਿੱਧੂ ਵੱਲੋਂ ਨਵੇਂ ਬਣਾਏ ਪ੍ਰਿੰਸੀਪਲ ਦਫ਼ਤਰ ਦਾ ਉਦਘਾਟਨ ਕੀਤਾ ਗਿਆ। ਸਕੂਲ ਦੇ ਦਫਤਰ ਦਾ ਉਦਘਾਟਨ ਕਰਨ ਉਪਰੰਤ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਸਕੂਲ ਦੀ ਕੰਪਿਊਟਰ ਲੈਬ, ਲਾਇਬ੍ਰੇਰੀ, ਸਾਇੰਸ ਪ੍ਰਯੋਗਸ਼ਾਲਾ, ਮਿਡ ਡੇ ਮੀਲ ਰੂਮ, ਗਣਿਤ ਪ੍ਰਯੋਗਸ਼ਾਲਾ ਤੇ ਸਾਰੇ ਸਕੂਲ ਦਾ ਨਿਰੀਖਣ ਕੀਤਾ।

ਸਕੂਲ ਦੇ ਸਟਾਫ ਮੈਂਬਰਜ਼ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਆਪਣੇ ਅਧਿਆਪਨ ਸਮੇਂ ਦੇ ਤਜਰਬੇ ਸਾਂਝੇ ਕਰਦਿਆਂ ਸਕੂਲ ਵਿੱਚ ਅਨੁਸ਼ਾਸਨ ਬਣਾ ਕੇ ਰੱਖਣ, ਵਿਦਿਆਰਥੀਆਂ ਦੀ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਦੇਣ, ਹਰ ਅਧਿਆਪਕ ਤੇ ਵਿਦਿਆਰਥੀ ਨੂੰ ਸ਼ਨਾਖਤੀ ਕਾਰਡ ਗੱਲ ਵਿੱਚ ਪਾ ਕੇ ਰੱਖਣ, ਗ਼ਰੀਬ ਤੇ ਲੋੜਵੰਦ ਵਿਦਿਆਰਥੀਆਂ ਦੀਆਂ ਲੋੜਾਂ ਮੌਕੇ 'ਤੇ ਪੂਰੀਆਂ ਕਰਨ ਅਤੇ ਵਿਦਿਆਰਥੀਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਆਦੇਸ਼ ਦਿੱਤੇ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਸਕੂਲ ਵਿੱਚ ਇੱਕ ਪੌਦਾ ਲਾ ਕੇ ਸਕੂਲ ਨੂੰ ਹਰਿਆ-ਭਰਿਆ ਬਣਾਉਣ ਦਾ ਸੰਦੇਸ਼ ਦਿੱਤਾ। ਸਕੂਲ ਵੱਲੋਂ ਖੇਡਾਂ ਵਿੱਚ ਹਿੱਸਾ ਲੈਣ ਵਾਲੀਆਂ ਵਿਦਿਆਰਥੀਆਂ ਨੂੰ ਖੇਡਾਂ ਵਾਲੇ ਬੂਟ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਸਕੂਲ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ਫ਼ਰੀਦਕੋਟ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਵਿੰਦਰ ਸਿੰਘ ਆਈ ਸੀ ਟੀ ਇੰਚਾਰਜ , ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਭਗਵਾਨ ਦਾਸ, ਮੈਡਮ ਮਿਲਨਦੀਪ, ਹਰਜਿੰਦਰ ਢਿੱਲੋਂ, ਸੰਜੀਵ ਕੁਮਾਰ, ਅਮਨਦੀਪ ਕੌਰ, ਸੁਖਦਰਸ਼ਨ ਸਿੰਘ, ਜਗਜੀਤ ਸਿੰਘ, ਕੰਵਲਦੀਪ ਸਿੰਘ, ਸੁਨੀਲ ਕੁਮਾਰ, ਪਰਮਜੀਤ ਕੌਰ, ਅੰਜੂ ਬਾਲਾ, ਆਸਾ ਗਰਗ, ਮੀਨੂੰ ਗੁਪਤਾ, ਮਨੀਸ਼ਾ, ਸੁਮਨ ਸ਼ਰਮਾ, ਕਿਰਨ ਬਾਲਾ, ਤੇਜਿੰਦਰ ਕੌਰ, ਵੀਰਪਾਲ ਕੌਰ ਤੇ ਮੰਜੂ ਬਾਲਾ ਆਦਿ ਮੌਜੂਦ ਸਨ।

# 'ਅੰਮ੍ਰਿਤ ਵਾਟਿਕਾ' ਬਣਾ ਕੇ ਸ਼ਹੀਦਾਂ ਨੂੰ ਸਤਿਕਾਰ ਦੇਣਾ ਸ਼ਲਾਘਾਯੋਗ ਕਦਮ : ਸੰਧੂ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਮਹਾਂਮੰਤਰੀ ਅਤੇ ਪੂਰਵ ਐੱਸ ਪੀ ਮੁਖਤਿਆਰ ਸਿੰਘ ਸੰਧੂ ਵੱਲੋਂ ਸ਼ਹੀਦਾਂ ਦੀ ਯਾਦ ਵਿੱਚ ਬਣਨ ਵਾਲੀ ਯਾਦਗਰ 'ਅੰਮ੍ਰਿਤ ਵਾਟਿਕਾ' ਲਈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਚਲਾਈ ਗਈ 'ਮੇਰੀ ਮਾਟੀ ਮੇਰਾ ਦੇਸ਼' ਮੁਹਿੰਮ ਤਹਿਤ ਆਪਣੀ ਟੀਮ ਨਾਲ ਵੱਖ ਵੱਖ ਪਿੰਡਾਂ ਦੇ ਘਰਾਂ ਤੋਂ ਕਲਸ ਵਿੱਚ ਮਿੱਟੀ ਇਕੱਤਰ ਕੀਤੀ ਗਈ। ਪਿੰਡ ਬੱਧਨੀ ਖੁਰਦ, ਸਿੰਘਾਂਵਾਲਾ, ਚੋਟੀਆਂ ਟੋਹਬਾ, ਚੜਿੱਕ, ਝੰਡੇਆਣਾ ਸਿਰਕੀ, ਧੂੜਕੋਟ ਟਾਹਲੀ ਵਾਲਾ, ਡਾਲਾ, ਬੁੱਟਰ, ਰਾਊਕੇ, ਰਣੀਆ, ਢੁੱਡੀਕੇ, ਚੂਹੜਚੱਕ, ਰਣਸੀਂਹ, ਪੁਰਾਣੇਵਾਲਾ, ਧੂੜਕੋਟ ਰਣਸੀਂਹ ਨਵਾਂ, ਦੀਨਾ ਸਾਹਿਬ, ਨਿਹਾਲ ਸਿੰਘ ਵਾਲਾ ਤੋਂ ਇਲਾਵਾ ਹੋਰ ਪਿੰਡਾਂ ਤੋਂ ਮਿੱਟੀ ਇਕੱਤਰ ਕਰਨ ਉਪਰੰਤ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਸਾਬਕਾ ਐੱਸ. ਪੀ. ਮੁਖਤਿਆਰ ਸਿੰਘ ਸੰਧੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਜਿੱਥੇ ਦੇਸ਼ ਦੇ ਸਮੂਹ ਸ਼ਹੀਦਾਂ ਨੂੰ ਮਾਣ ਦਿੱਤਾ ਗਿਆ ਹੈ, ਉਥੇ ਹੀ ਪੰਜਾਬ ਦੇ ਸਿਰਲੱਥ ਯੋਧਿਆਂ, ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ ਆਪਣੀਆਂ ਕੀਮਤੀ ਜਾਨਾਂ ਵਾਰੀਆਂ ਹਨ, ਨੂੰ ਵੀ ਸਤਿਕਾਰ ਦਿੱਤਾ ਹੈ ਅਤੇ ਉਨ੍ਹਾਂ ਦੀ ਯਾਦ ਵਿੱਚ ਅਜਿਹੀ ਸਮਾਰਕ ਦਾ ਨਿਰਮਾਣ ਕੀਤਾ ਜਾਵੇਗਾ, ਜਿਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਹਮੇਸ਼ਾ ਪ੍ਰੇਰਨਾ ਲੈਂਦੀਆਂ ਰਹਿਣਗੀਆਂ। ਉਨ੍ਹਾ ਕਿਹਾ ਕਿ 'ਮੇਰੀ ਮਾਟੀ ਮੇਰਾ ਦੇਸ਼' ਮੁਹਿੰਮ ਨੂੰ ਸਫਲ ਬਣਾਉਣ ਲਈ ਪੂਰੇ ਦੇਸ਼ ਦੇ ਲੋਕ ਇਸ ਮੁਹਿੰਮ ਦਾ ਹਿੱਸਾ ਬਣ ਰਹੇ ਹਨ, ਜੋ ਵਧਾਈ ਦੇ ਪਾਤਰ ਹਨ ਅਤੇ 'ਅੰਮ੍ਰਿਤ ਵਾਟਿਕਾ' ਦਾ ਨਿਰਮਾਣ ਕਰਵਾ ਕੇ ਸ਼ਹੀਦਾਂ ਨੂੰ ਸਤਿਕਾਰ ਦੇਣਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਸ਼ਲਾਘਾਯੋਗ ਕਦਮ ਹੈ। ਇਸ ਮੌਕੇ ਉਨ੍ਹਾ ਨਾਲ ਅਜੀਤਵਾਲ ਮੰਡਲ ਐੱਸ.ਸੀ. ਮੋਰਚਾ ਦੇ ਮੰਡਲ ਪ੍ਰਧਾਨ ਅਮਰੀਕ ਸਿੰਘ, ਗਗਨਦੀਪ ਸਿੰਘ, ਹਰਮਨਦੀਪ ਸਿੰਘ, ਗੈਰੀ ਸਹੋਤਾ ਅਜੀਤਵਾਲ, ਗੋਰਖਾ ਬੱਧਨੀ, ਜਗਸੀਰ ਸਿੰਗ ਪੁਰਾਣੇਵਾਲਾ ਤੋਂ ਇਲਾਵਾ ਉਨ੍ਹਾ ਦੀ ਸਮੁੱਚੀ ਟੀਮ ਤੇ ਵੱਖ ਵੱਖ ਪਿੰਡਾਂ ਦੇ ਲੋਕ ਹਾਜ਼ਰ ਸਨ।

# ਅਮਰ ਸ਼ਹੀਦ ਬਾਬਾ ਜੰਗ ਸਿੰਘ ਦਾ ਜਨਮ ਦਿਹਾੜਾ ਹਰ ਸਾਲ ਮਨਾਇਆ ਜਾਵੇਗਾ : ਬਾਬਾ ਘਾਲਾ ਸਿੰਘ

## ਠਾਠ ਨਾਨਕਸਰ ਮਹਿਲ ਕਲਾਂ ਵਿਖੇ ਸਾਲਾਨਾ ਸੰਤ ਸਮਾਗਮ ਕਰਵਾਇਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਨਾਨਕਸਰ ਸੰਪਰਦਾਇ ਦੇ ਬਾਨੀ ਮਹਾਨ ਤਿਆਗੀ ਤਪੱਸਵੀ ਬਾਬਾ ਨੰਦ ਸਿੰਘ, ਬਾਬਾ ਈਸਰ ਸਿੰਘ ਕਲੇਰਾਂ ਵਾਲਿਆਂ ਦੇ ਆਗਮਨ ਦਿਵਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਤੇ ਪ੍ਰਕਾਸ਼ ਦਿਵਸ ਨੂੰ ਸਮਰਪਤ ਠਾਠ ਨਾਨਕਸਰ ਮਹਿਲ ਕਲਾਂ ਵਿਖੇ 58ਵਾਂ ਸਾਲਾਨਾ ਸੰਤ ਸਮਾਗਮ ਮੁੱਖ ਸੇਵਾਦਾਰ ਸੰਤ ਬਾਬਾ ਕੇਹਰ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਪੰਜ ਸ੍ਰੀ ਸੰਪਟ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਵੱਖ ਵੱਖ ਰਾਗੀ ਜਥਿਆਂ ਵੱਲੋਂ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਗਰਮਤਿ ਵਿੱਚ ਪ੍ਰਪੱਕ ਹੋਣ ਦੀ ਅਪੀਲ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਸੰਤ ਬਾਬਾ ਘਾਲਾ ਸਿੰਘ ਨਾਨਕਸਰ ਕਲੇਰਾਂ ਨੇ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਜੁੜ ਕੇ ਪਰਿਵਾਰਾਂ ਸਮੇਤ ਅੰਮ੍ਰਿਤਪਾਨ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਬਾਬਾ ਨੰਦ ਸਿੰਘ, ਬਾਬਾ ਈਸਰ ਸਿੰਘ ਕਲੇਰਾਂ ਵਾਲਿਆਂ ਨੇ ਆਪਣੇ ਸਮੇਂ 'ਚ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾ ਕੇ ਗੁਰਸਿੱਖੀ ਨਾਲ ਜੋੜਿਆ। ਉਨ੍ਹਾਂ ਮਹਿਲ ਕਲਾਂ ਦੇ ਜੰਮਪਲ ਸ਼ਹੀਦ ਬਾਬਾ ਜੰਗ ਸਿੰਘ ਦਾ ਜਨਮ ਦਿਹਾੜਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਹਿਲ ਕਲਾਂ ਵਿਖੇ ਹਰ ਸਾਲ ਵਿਸ਼ਾਲ ਪੱਧਰ 'ਤੇ ਮਨਾਉਣ ਦਾ ਐਲਾਨ ਵੀ ਕੀਤਾ। ਬਾਬਾ ਜੋਗਾ ਸਿੰਘ ਕਰਨਾਲ ਵਾਲਿਆਂ ਨੇ ਕਿਹਾ ਕਿ ਕਲੇਰਾਂ ਵਾਲੇ ਮਹਾਂਪੁਰਖਾਂ ਵੱਲੋਂ ਸਿੱਖੀ ਦੇ ਪ੍ਰਚਾਰ ਪਸਾਰ ਤੇ ਸਮਾਜ ਸੇਵਾ ਦੇ ਖੇਤਰ 'ਚ ਨਿਭਾਈਆਂ ਅਣਥੱਕ ਸੇਵਾਵਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਮੁੱਖ ਸੇਵਾਦਾਰ ਸੰਤ ਕੇਹਰ ਸਿੰਘ, ਮਹੰਤ ਗੁਰਪ੍ਰੀਤ ਸਿੰਘ, ਬਾਬਾ ਗੁਰਦੀਪ ਸਿੰਘ ਦੀ ਅਗਵਾਈ ਹੇਠ ਸੰਤ ਮਹਾਂਪੁਰਖਾਂ, ਵੱਖ-ਵੱਖ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਚੇਅਰਮੈਨ ਅਵਤਾਰ ਸਿੰਘ ਅਣਖੀ, ਸੁਖਦੇਵ ਸਿੰਘ ਕੈਨੇਡਾ, ਬਾਬਾ ਬਲਦੇਵ ਸਿੰਘ ਲੁਧਿਆਣਾ, ਬਾਬਾ ਨਾਮਦੇਵ ਸਿੰਘ ਘੱਗਾ, ਬਾਬਾ ਬੱਗਾ ਸਿੰਘ ਨਾਨਕਸਰ ਵਿਰਕਾਂ, ਸੰਤ ਸੁਰਿੰਦਰ ਸਿੰਘ ਫਰੀਦ, ਭਾਈ ਗੇਜਾ ਸਿੰਘ, ਭਾਈ ਜਸਵਿੰਦਰ ਸਿੰਘ ਬਿੰਦੀ, ਬਾਬਾ ਸੁਖਵਿੰਦਰ ਸਿੰਘ ਕੱਟੂ, ਬਾਬਾ ਚੰਨਪਰੀਤ ਸਿੰਘ, ਬਾਬਾ ਤਰਲੋਕ ਸਿੰਘ, ਬਾਬਾ ਮੁਖਤਿਆਰ ਸਿੰਘ, ਸੰਤ ਹਾਕਮ ਸਿੰਘ ਗੰਡਾ ਸਿੰਘ ਵਾਲਾ, ਬਾਬਾ ਹਰਪਾਲ ਦਾਸ ਇਮਾਮਗੜ੍ਹ, ਬਾਬਾ ਚਮਕੌਰ ਸਿੰਘ ਲੋਹਗੜ੍ਹ, ਸੰਤ ਬਲਵਿੰਦਰ ਸਿੰਘ ਪੰਜਗਰਾਈਆਂ, ਸੰਤ ਸਤਵੀਰ ਸਿੰਘ ਗੁ: ਸ਼ਹੀਦਾਂ, ਬਾਬਾ ਸ਼ੇਰ ਸਿੰਘ ਖਾਲਸਾ, ਗੁਰਦੀਪ ਸਿੰਘ ਸੋਢਾ, ਸਰਬਜੀਤ ਸਿੰਘ ਸੰਭੂ, ਹਰੀ ਸਿੰਘ ਕਟਹਿਰੀਆ, ਵਰਿੰਦਰ ਸਿੰਘ ਟਿਵਾਣਾ, ਭਾਈ ਮਨਜੀਤ ਸਿੰਘ ਸਹਿਜੜਾ, ਗੁਰਦੀਪ ਸਿੰਘ ਟਿਵਾਣਾ, ਸੁਚੇਤ ਸਿੰਘ ਮਠਾੜੂ, ਸੁਖਵਿੰਦਰ ਸਿੰਘ ਸੁੱਖਾ ਭਾਈ ਰਾਜਵਿੰਦਰ ਸਿੰਘ ਖਾਲਸਾ, ਭਾਈ ਹਰਭਜਨ ਸਿੰਘ ਧਨੇਰ, ਜਸਵਿੰਦਰ ਸਿੰਘ ਲਾਡੀ, ਕੁਲਦੀਪ ਸਿੰਘ ਮਾਨਕ, ਰਛਪਾਲ ਸਿੰਘ ਬੱਟੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

# ਬਲਾਕ ਕਾਂਗਰਸ ਕਮੇਟੀ ਦੀ ਮੀਟਿੰਗ 'ਚ ਵੋਟਾਂ ਸੰਬੰਧੀ ਕੀਤੀਆਂ ਵਿਚਾਰਾਂ



ਮੀਟਿੰਗ ਉਪਰੰਤ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਦਿਖਾਈ ਦੇ ਰਹੇ ਲੱਖਾ ਪਾਇਲ ਅਤੇ ਰਾਜਾ ਗਿੱਲ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੇ ਮਾਛੀਵਾੜਾ ਸਥਿਤ ਗ੍ਰਹਿ ਵਿਖੇ ਬਲਾਕ ਕਾਂਗਰਸ ਕਮੇਟੀ ਮਾਛੀਵਾੜਾ ਤੇ ਸਮਰਾਲਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਲੱਖਾ ਪਾਇਲ ਦੀ ਪ੍ਰਧਾਨਗੀ ਅਤੇ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਦੀ ਅਗਵਾਈ ਵਿੱਚ ਹੋਈ। ਮੀਡੀਆ ਇੰਚਾਰਜ ਵਿਨੀਤ ਕੁਮਾਰ ਝੜੌਦੀ ਨੇ ਦੱਸਿਆ ਕਿ ਮੀਟਿੰਗ ਵਿਚ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਲੱਖਾ ਪਾਇਲ ਤੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਪਾਰਟੀ ਦੀ ਹਾਈਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਬਾਰੇ ਵਿਚਾਰਾਂ ਕੀਤੀਆਂ। ਜ਼ਿਲ੍ਹਾ ਪ੍ਰਧਾਨ ਲੱਖਾ ਨੇ ਆਗੂਆਂ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਆਪ ਸਭਨਾਂ ਦੀਆਂ ਭਾਵਨਾਵਾਂ ਤੇ ਵਿਚਾਰਾਂ ਤੋਂ ਹਾਈਕਮਾਂਡ ਨੂੰ ਜਾਣੂ ਕਰਵਾ ਦੇਣਗੇ। ਉਨ੍ਹਾਂ ਯੂਥ ਆਗੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਕਾਂਗਰਸ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪੁਚਾਉਣ ਵਿੱਚ ਮੋਹਰੀ ਰੋਲ ਅਦਾ ਕਰਨ। ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਬਲਾਕ ਮਾਛੀਵਾੜਾ ਤੇ ਸਮਰਾਲਾ ਵਿੱਚ ਪਹਿਲਾਂ ਵੀ ਯੂਥ ਆਗੂ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪੁਚਾਉਣ ਵਿੱਚ ਮੋਹਰੀ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿਚ ਵੀ ਵੱਡੀ ਗਿਣਤੀ ਵਿਚ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਿਆ ਜਾਵੇਗਾ।

ਇਸ ਮੌਕੇ ਮੀਤ ਪ੍ਰਧਾਨ ਨਿਤਿਨ ਜੈਨ, ਸੁਖਜਿੰਦਰ ਸਿੰਘ ਸੁੱਖਾ ਮਾਨ, ਸ਼ਹਿਰੀ ਪ੍ਰਧਾਨ ਸਨੀ ਦੂਆ, ਯੂਥ ਕਾਂਗਰਸ ਸਮਰਾਲਾ ਦੇ ਪ੍ਰਧਾਨ ਪਰਵਿੰਦਰ ਗੋਲਡੀ, ਸਰਪੰਚ ਜਗਦੇਵ ਸਿੰਘ ਸੈਸੋਂਵਾਲ ਕਲਾਂ, ਸਰਪੰਚ ਰਾਜਨ ਉਧੋਵਾਲ ਕਲਾਂ, ਸਰਪੰਚ ਕੁਲਵਿੰਦਰ ਸਿੰਘ ਰਹੀਮਾਬਾਦ ਖੁਰਦ, ਸੰਮਤੀ ਮੈਂਬਰ ਅਮਨਦੀਪ ਸਿੰਘ ਰਾਣਵਾਂ, ਸਰਪੰਚ ਸੁਖਦੀਪ ਸਿੰਘ ਬਾਜਵਾ, ਸਰਪੰਚ ਪ੍ਰੇਮਵੀਰ ਉਟਾਲਾਂ, ਸੁਰਮੁੱਖਦੀਪ ਸਿੰਘ, ਕਮਲ ਪੂਨੀਆਂ, ਨੰਦ ਕਿਸ਼ੋਰ, ਸੰਜੀਵ ਕੁਮਾਰ ਰਿਸ਼ੀ, ਸਾਬਕਾ ਕੌਂਸਲਰ ਰਾਮਜੀ ਦਾਸ ਬੱਗੀ, ਮੋਦੀ ਸ਼ੁਕਲਾ ਸਮਰਾਲਾ, ਗੁਰਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਰੇਨੂੰ ਬੈਂਸ, ਸਕੱਤਰ ਪਰਮਜੀਤ ਕੌਰ, ਸੁਰਜੀਤ ਰਾਣਾ, ਰਮੇਸ਼ ਕੁਮਾਰ ਚੱਕਲੀ, ਹੀਰਾ ਲਾਲ, ਜਗਤਾਰ ਸਿੰਘ ਕਕਰਾਲਾ, ਸ਼ੇਰ ਸਿੰਘ ਬੋਹਾਪੁਰ, ਸੁਭਾਸ਼ ਬੀਟਨ, ਕਸ਼ਮੀਰੀ ਲਾਲ, ਕੁਲਦੀਪ ਸਿੰਘ ਉਟਾਲਾਂ, ਗੁਰਮੁਖ ਸਿੰਘ ਪੀ.ਏ. ਤੇ ਸਿਆਸੀ ਸਲਾਹਕਾਰ ਹਰਚੰਦ ਸਿੰਘ ਵੀ ਮੌਜੂਦ ਸਨ।


G20

**ਉੱਤਰ ਰੇਲਵੇ**

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਪ੍ਰਮੁੱਖ ਮੁੱਖ ਸਾਮਗਰੀ ਪ੍ਰਬੰਧਕ ਦਫਤਰ**
**ਪ੍ਰਧਾਨ ਦਫਤਰ, ਬੜੌਦਾ ਹਾਊਸ, ਨਵੀਂ ਦਿੱਲੀ-110 001**
**Mail ID: salenr365@gmail.com**

ਨੰ: 117-ਐਸ/ਆਕਸ਼ਨ ਪ੍ਰੋਗਰਾਮ/ਸੇਲ/2023-2024 ਮਿਤੀ : 11.09.2023

**ਨੀਲਾਮੀ ਸੂਚਨਾ ਨੰ:-ਅਕਤੂਬਰ-2023**

ਰੱਦ ਲੋਹਾ, ਅਲੋਹ, ਹੋਰ ਵੱਖ-ਵੱਖ ਸਕ੍ਰੈਪ, ਕੰਡਮ ਲੋਕੋ ਕੋਚੇਜ ਅਤੇ ਵੈਗਨਸ, ਸਕ੍ਰੈਪ ਰੇਲ ਅਤੇ ਹੋਰ ਰੇਲ ਪੱਥ ਸਾਮਗਰੀ ਦੇ ਨਿਸਤਾਰਨ ਲਈ ਈ-ਨੀਲਾਮੀ ਕੀਤੀ ਜਾਵੇਗੀ । ਲੈਡ ਏਸਿਡ ਬੈਟਰੀਜ/ਯੂਜਡ ਆਯਲ/ਰਿਫਯੂਡ ਆਯਲ ਕੇਵਲ ਉਨ੍ਹਾਂ ਸੰਭਰਣਕਰਤਾਵਾਂ ਨੂੰ ਵਿਕਰੀ ਕੀਤਾ ਜਾਵੇਗਾ ਜੋ ਕਿ ਰਾਜਯ ਪ੍ਰਦੂਸ਼ਣ ਨਿਯੰਤਰਣ ਬੋਰਡ ਦੇ ਅਧੀਨ ਰਜਿਸਟਰਡ ਹੋਣਗੇ ।

**ਅਕਤੂਬਰ' 2023 ਦੀ ਈ-ਨੀਲਾਮੀ**

| ਲ. ਨੰ: | ਨੀਲਾਮੀ ਕਰਨ ਵਾਲ ਡਿਪੋ | ਵਕਤ | ਪਹਿਲਾ ਚਰਣ | ਦੂਸਰਾ ਚਰਣ | ਤੀਸਰਾ ਚਰਣ | ਚੌਥਾ ਚਰਣ | ਪੰਜਵਾ ਚਰਣ | ਛੇਵਾ ਚਰਣ |
|---|---|---|---|---|---|---|---|---|
| 1 | ਆਲਮਬਾਗ/ਲਖਨਊ 0522-2451257 | 10.00 | 4 | 9 | 14 | 21 | 27 | 31 |
| 2 | ਸ਼ਕੂਰਬਸਤੀ 011-27015387 | 10.00 | 3 | 10 | 14 | 21 | 25 | 31 |
| 3 | ਜਗਾਧਰੀ 01732-252388 | 10.00 | 3 | 10 | 14 | 21 | 25 | 31 |
| 4 | ਸੀਨੀਅਰ ਮੰਡਲ ਸਾਮਗਰੀ ਪ੍ਰਬੰਧਕ/ਲਖਨਊ 0522-2234756 | 10.00 | 3 | 10 | 16 | 19 | 25 | 31 |
| 5 | ਸੀਨੀਅਰ ਮੰਡਲ ਸਾਮਗਰੀ ਪ੍ਰਬੰਧਕ/ਫਿਰੋਜ਼ਪੁਰ 01632-244154 | 11.00 | 5 | 11 | 17 | 20 | 26 | 31 |
| 6 | ਸੀਨੀਅਰ ਮੰਡਲ ਸਾਮਗਰੀ ਪ੍ਰਬੰਧਕ/ਅੰਬਾਲਾ 0171-2611203 | 11.00 | 4 | 9 | 16 | 19 | 27 | 31 |
| 7 | ਸੀਨੀਅਰ ਮੰਡਲ ਸਾਮਗਰੀ ਪ੍ਰਬੰਧਕ/ਮੁਰਾਦਾਬਾਦ 0591-2413141 | 10.00 | 5 | 11 | 17 | 20 | 26 | 31 |
| 8 | ਸੀਨੀਅਰ ਮੰਡਲ ਸਾਮਗਰੀ ਪ੍ਰਬੰਧਕ/ਦਿੱਲੀ 011-23365311 | 11.00 | 4 | 9 | 16 | 19 | 27 | 31 |

ਨੋਟ:- ਨੀਲਾਮੀ ਵਿਚ ਵੇਚੇ ਜਾਣ ਵਾਲੀ ਸਾਮਗਰੀ ਦਾ ਵੇਰਵਾ www.ireps.gov.in ਉਤੇ ਦਿਤੇ ਗਏ ਕੈਟਲਾਗ ਉਤੇ ਉਪਲਬਧ ਹੋਣਗੇ । 1. ਇਛੁਕ ਖਰੀਦਦਾਰ ਖਰੀਦਦਾਰ ਉਪਰੋਕਤ ਵਰਣਿਤ ਸਾਮਗਰੀ ਨੂੰ ਨੀਲਾਮੀ ਦੇ ਪਹਿਲਾ ਨਾਮਿਤ ਜਗ੍ਹਾਂ ਉਤੇ ਕੰਮ ਵਾਲੇ ਦਿਨ ਵਿਚ ਦੇਖ ਸਕਦੇ ਹਨ । 2. ਪਹਿਲਾ ਨੀਲਾਮੀ ਵਿਚ ਵੇਚੇ ਗਈ ਸਾਮਗਰੀ ਦਾ ਵੇਰਵਾ www.nr.railnet.gov.in ਉਤੇ ਉਪਲਬਧ ਹੈ । 3. ਈ-ਨੀਲਾਮੀ ਵਿਚ ਭਾਗ ਲੈਣ ਦੇ ਲਈ ਕ੍ਰੇਤਾ ਨੂੰ ireps ਉਤੇ ਰਜਿਸਟਰਡ ਹੋਣਾ ਜ਼ਰੂਰੀ ਹੈ । ਈ-ਨੀਲਾਮੀ ਦੀ ਪੂਰੀ ਜਾਣਕਾਰੀ, ਰਜਿਸਟ੍ਰੇਸ਼ਨ ਅਤੇ ਹੋਰ ਨਿਯਮ ਤੇ ਸ਼ਰਤਾਂ ਦੇ ਲਈ ਕ੍ਰਿਪਾ ਰੇਲਵੇ ਵੇਬਸਾਈਟ www.ireps.gov.in ਦੇਖੋ ।

2889/2023 (ਅਨਿਲ ਕੁਮਾਰ ਰਾਯ), ਉਪ ਮੁੱਖ ਸਾਮਗਰੀ ਪ੍ਰਬੰਧਕ/ਐਸ ਅਤੇ ਪੀ

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

20-Sep-PAGE-11-Majha-2023.qxd 9/19/2023 10:47 PM Page 1



# ਸਰਕਾਰ-ਸਨਅਤਕਾਰ ਮਿਲਣੀ ਪ੍ਰੋਗਰਾਮ ਵਪਾਰੀਆਂ ਦੀਆਂ ਮੁਸ਼ਕਲਾਂ ਦੂਰ ਕਰਨ ’ਚ ਸਹਾਈ ਹੋਵੇਗਾ : ਸੇਖਵਾਂ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਕਰਵਾਏ ਗਏ ‘ਸਰਕਾਰ ਸਨਅਤਕਾਰ ਮਿਲਣੀ’ ਪ੍ਰੋਗਰਾਮਾਂ ਨਾਲ ਪੰਜਾਬ ਦੇ ਵਪਾਰੀਆਂ ਦੀ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਹੋਵੇਗਾ ਅਤੇ ਸਰਕਾਰ ਦੇ ਇਸ ਉਪਰਾਲੇ ਨਾਲ ਸੂਬੇ ਵਿੱਚ ਸਨਅਤ ਹੋਰ ਪ੍ਰਫੁੱਲਿਤ ਹੋਵੇਗੀ। ਇਹ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਪੰਜਾਬ ’ਚ ਪਹਿਲੀ ਵਾਰ ਕਿਸੇ ਸਰਕਾਰ ਨੇ ਸੂਬੇ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਸੁਣੀਆਂ ਹਨ ਅਤੇ ਉਨ੍ਹਾਂ ਨੂੰ ਹੱਲ ਕਰਨ ਲਈ ਕਦਮ ਚੁੱਕ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੂੰ ਉਦਯੋਗਪਤੀਆਂ ਨਾਲ ਸਿਰਫ ਸਿਆਸੀ ਚੰਦੇ ਤਕ ਮਤਲਬ ਸੀ ਅਤੇ ਪਿਛਲੀਆਂ ਸਰਕਾਰਾਂ ਵਿੱਚ ਬੈਠੇ ਆਗੂ ਪੰਜਾਬ ਦੇ ਵਪਾਰੀਆਂ ਤੋਂ ਚੰਦੇ ਦੇ ਰੂਪ ਵਿੱਚ ਮੋਟਾ ਪੈਸਾ ਇਕੱਠਾ ਕਰਦੇ ਸਨ ਜਾਂ ਆਪਣੀਆਂ ਕੰਪਨੀਆਂ ਵਿੱਚ ਸੇਅਰ ਮੰਗਦੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਬਣਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਸੂਬੇ ਵਿੱਚ ਉਦਯੋਗ ਅਤੇ ਰੁਜ਼ਗਾਰ ਵਧਾਉਣ ਲਈ ਉਦਯੋਗਪਤੀਆਂ ਦੀਆਂ ਸਮੱਸਿਆਵਾਂ ਨੂੰ ਲਗਾਤਾਰ ਹੱਲ ਕਰ ਰਹੇ ਹਨ। ਪੰਜਾਬ ਸਰਕਾਰ ਦੇ ‘ਗਰੀਨ ਸਟੈਂਪ ਪੇਪਰ’ ਦੀ ਸਲਾਘਾ ਕਰਦਿਆਂ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਸ ਨਾਲ ਹੁਣ ਪੰਜਾਬ ਵਿੱਚ ਉਦਯੋਗ ਸਥਾਪਤ ਕਰਨ ਵਾਲੇ ਉਦਯੋਗਪਤੀਆਂ ਨੂੰ ਜਮੀਨ ਐਕੁਆਇਰ ਕਰਨ ਵਿੱਚ ਕਾਫੀ ਸਹੂਲਤ ਮਿਲੇਗੀ। ਹੁਣ ਉਨ੍ਹਾਂ ਨੂੰ ਕਿਸੇ ਕਿਸਮ ਦੀ ਫੈਕਟਰੀ ਜਾਂ ਉਦਯੋਗ ਲਗਾਉਣ ਲਈ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਵਿੱਚ ਉਦਯੋਗ ਲਗਾਉਣ ਵਾਲੇ ਕਿਸੇ ਵੀ ਵਿਅਕਤੀ ਜਾਂ ਕੰਪਨੀ ਨੂੰ ‘ਇਨਵੈਸਟ ਪੰਜਾਬ’ ਦੀ ਸਾਈਟ ’ਤੇ ਜ਼ਮੀਨ ਦਾ ਖਸਰਾ ਨੰਬਰ ਦਰਜ ਕਰਨਾ ਹੋਵੇਗਾ। ਸਰਕਾਰ ਖੁਦ ਤਸਦੀਕ ਕਰੇਗੀ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਪ੍ਰਦਾਨ ਕਰੇਗੀ। ਇਸ ਤੋਂ ਪਹਿਲਾਂ ਉਦਯੋਗ ਸਥਾਪਤ ਕਰਨ ਲਈ ਪ੍ਰਦੂਸਣ ਕੰਟਰੋਲ ਬੋਰਡ, ਵਾਤਾਵਰਣ ਵਿਭਾਗ ਅਤੇ ਜੰਗਲਾਤ ਵਿਭਾਗ ਸਮੇਤ ਕਈ ਵਿਭਾਗਾਂ ਦਾ ਦੌਰਾ ਕਰਨਾ ਪੈਂਦਾ ਸੀ। ਸ. ਸੇਖਵਾਂ ਨੇ ਕਿਹਾ ਕਿ ਮਾਨ ਸਰਕਾਰ ਨੇ ਉਦਯੋਗਪਤੀਆਂ ਦੇ ਹੱਕ ਵਿੱਚ ਇੱਕ ਹੋਰ ਵੱਡਾ ਫੈਸਲਾ ਲਿਆ ਹੈ। ਇਸ ਸਮੇਂ ਪੰਜਾਬ ਵਿੱਚ 7000 ਦੇ ਕਰੀਬ ਛੋਟੇ ਅਤੇ ਵੱਡੇ ਉਦਯੋਗ ਹਨ। ਇਨ੍ਹਾਂ ਸਾਰਿਆਂ ਦਾ ਹਰ ਸਾਲ ਰੀਨਿਊ ਕਰਨਾ ਪੈਂਦਾ ਸੀ, ਜਿਸ ਕਾਰਨ ਉਨ੍ਹਾਂ ਨੂੰ ਹਰ ਸਾਲ ਕਈ ਵਿਭਾਗਾਂ ਦੇ ਚੱਕਰ ਲਾਉਣੇ ਪੈਂਦੇ ਸਨ। ਹੁਣ ਉਨ੍ਹਾਂ ਨੂੰ ਸਰਕਾਰ ਦੇ ਨਵੀਨੀਕਰਨ ਪੋਰਟਲ ’ਤੇ ਸਾਰੀ ਜਾਣਕਾਰੀ ਦੇ ਨਾਲ ਫਾਰਮ ਭਰਨਾ ਹੋਵੇਗਾ, ਇਹ ਆਪਣੇ ਆਪ ਰੀਨਿਊ ਹੋ ਜਾਵੇਗਾ। ਸ. ਸੇਖਵਾਂ ਨੇ ਕਿਹਾ ਕਿ ਉਦਯੋਗਪਤੀਆਂ ਦੀ ਸਹੂਲਤ ਲਈ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ ਅਤੇ ਪੰਜਾਬ ਰਾਜ ਪਾਵਰ ਕਾਰਪੋਰੇਸਨ ਲਿਮਟਿਡ ਇੱਕ ਹੈਲਪ ਡੈਸਕ ਸ਼ੁਰੂ ਕਰਨ ਜਾ ਰਹੇ ਹਨ। ਇਸ ਨਾਲ ਬਿਜਲੀ ਅਤੇ ਪ੍ਰਦੂਸਣ ਸਬੰਧੀ ਸਮੱਸਿਆਵਾਂ ਦੂਰ ਹੋ ਜਾਣਗੀਆਂ ਅਤੇ ਵਿਚੋਲਿਆਂ ਦੀ ਲੋੜ ਵੀ ਖਤਮ ਹੋ ਜਾਵੇਗੀ। ਉਨ੍ਹਾਂ ਨੇ ਮਾਨ ਸਰਕਾਰ ਦੇ ਵਾਧੂ ਉਸਾਰੀ ਜੁਰਮਾਨੇ ਮੁਆਫ ਕਰਨ ਅਤੇ ਮੁਲਾਜ਼ਮਾਂ ਦੇ ਓਵਰਟਾਈਮ ਦੇ ਘੰਟੇ 75 ਘੰਟਿਆਂ ਤੋਂ ਵਧਾ ਕੇ 115 ਘੰਟੇ ਕਰਨ ਦੇ ਫੈਸਲੇ ਦੀ ਵੀ ਸ਼ਲਾਘਾ ਕੀਤੀ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਤਰ-ਕਾਲਜ ਯੁਵਕ ਮੇਲੇ ਇੱਕ ਅਕਤੂਬਰ ਤੋਂ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 01 ਅਕਤੂਬਰ, 2023 ਤੋਂ ਅੰਤਰ-ਕਾਲਜ ਸਭਿਆਚਾਰਕ ਮੁਕਾਬਲੇ ‘ਯੁਵਕ ਮੇਲੇ’ ਆਰੰਭ ਹੋਣ ਜਾ ਰਹੇ ਹਨ। ਡੀਨ ਵਿਦਿਆਰਥੀ ਭਲਾਈ ਪ੍ਰੋ. ਪ੍ਰੀਤ ਮੋਹਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿਚ ਯੂਨੀਵਰਸਿਟੀ ਨਾਲ ਸਬੰਧਤ ਵੱਖ ਵੱਖ ਕਾਲਜਾਂ ਤੇ ਕੈਂਪਸਾਂ ਦੇ ਵਿਦਿਆਰਥੀ ਕਲਾਕਾਰ ਹਿੱਸਾ ਲੈਣਗੇ। ਯੂਨੀਵਰਸਿਟੀ ਦੇ ਦਸਮੇਸ਼ ਆਡੀਟੋਰੀਅਮ ਤੋਂ ਇਲਾਵਾ ਇਹ ਮੁਕਾਬਲੇ ਗੁਰੂ ਨਾਨਕ ਭਵਨ ਆਡੀਟੋਰੀਅਮ, ਕਾਨਫਰੰਸ ਹਾਲ ਅਤੇ ਆਰਕੀਟੈਕਚਰ ਵਿਭਾਗ ਵਿਚ ਵੀ ਆਯੋਜਿਤ ਕੀਤੇ ਜਾਣਗੇ। ਯੁਵਕ ਭਲਾਈ ਵਿਭਾਗ ਦੇ ਇੰਚਾਰਜ ਡਾ. ਅਮਨਦੀਪ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦਾਸਪੁਰ, ਪਠਾਨਕੋਟ, ਤਰਨਤਾਰਨ ਜ਼ਿਲਿਆਂ ਦੇ ਕਾਲਜਾਂ ਦਾ ਬੀ ਜ਼ੋਨ ਜ਼ੋਨਲ ਯੁਵਕ ਮੇਲਾ 01 ਤੋਂ 03 ਅਕਤੂਬਰ, 2023 ਤਕ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ/ਕਾਂਸਟੀਚੁਐਂਟ ਕਾਲਜਾਂ ਅਤੇ ਐਸੋਸੀਏਟਸ ਇੰਸਟੀਚਿਊਟਾਂ ਦਾ ਯੁਵਕ ਮੇਲਾ 05 ਤੋਂ 08 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਐਜੂਕੇਸ਼ਨ ਕਾਲਜਾਂ ਦਾ ਯੁਵਕ ਮੇਲਾ 09 ਤੋਂ 11 ਅਕਤੂਬਰ ਅਤੇ ਕਪੂਰਥਲਾ ਨਵਾਂ ਸ਼ਹਿਰ ਜ਼ਿਲਿਆ ਦੇ ਕਾਲਜਾਂ ਦਾ ਡੀ ਜ਼ੋਨ ਜ਼ੋਨਲ ਯੁਵਕ ਮੇਲਾ 13 ਤੋਂ 16 ਅਕਤੂਬਰ ਤਕ ਕਰਵਾਇਆ ਜਾਵੇਗਾ। ਜਲੰਧਰ ਜ਼ਿਲੇ ਦੇ ਕਾਲਜਾਂ ਦਾ ਸੀ ਜ਼ੋਨ ਯੁਵਕ ਮੇਲਾ 18 ਤੋਂ 21 ਅਕਤੂਬਰ ਅਤੇ ਅੰਮ੍ਰਿਤਸਰ ਜ਼ਿਲੇ ਦੇ ਕਾਲਜਾਂ ਦਾ ਏ ਜ਼ੋਨ ਯੁਵਕ ਮੇਲਾ 25 ਤੋਂ 28 ਅਕਤੂਬਰ ਤਕ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇੰਟਰ-ਕਾਲਜ ਫਾਈਨਲ ਯੁਵਕ ਮੇਲਾ 03 ਤੋਂ 06 ਨਵੰਬਰ 2023 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਵਿਖੇ ਵੱਖ ਵੱਖ ਸਟੇਜਾਂ ’ਤੇ ਕਰਵਾਇਆ ਜਾ ਰਿਹਾ ਹੈ।

# ਹੜ੍ਹ ਪੀੜਤ ਕਿਸਾਨਾਂ ਨੂੰ ਸ਼ਮਸ਼ੇਰ ਸਿੰਘ ਨੇ ਮੁਆਵਜ਼ਾ ਵੰਡਿਆ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪਿਛਲੇ ਦਿਨੀਂ ਪੰਜਾਬ ਅੰਦਰ ਆਏ ਹੜ੍ਹਾਂ ਕਾਰਨ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਅੰਦਰ ਹੋਏ ਫਸਲਾਂ ਦੇ ਨੁਕਸਾਨ ਕਾਰਨ ਪ੍ਰਭਾਵਿਤ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਮੁਆਵਜ਼ਾ ਰਾਸ਼ੀ ਵੰਡਣ ਦਾ ਕੰਮ ਲਗਾਤਾਰ ਜਾਰੀ ਹੈ। ਇਸੇ ਕੜੀ ਦੇ ਤਹਿਤ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਤੇ ਹਲਕਾ ਇੰਚਾਰਜ ਦੀਨਾਨਗਰ ਸ਼ਮਸ਼ੇਰ ਸਿੰਘ ਵੱਲੋਂ ਸਰਕਲ ਪੁਰਾਣਾ ਸ਼ਾਲਾ ਦੇ ਪਿੰਡ ਜਗਤਪੁਰ ਖੁਰਦ (ਖਾਰੀਆਂ) ਵਿਖੇ ਇਸ ਸਬੰਧੀ ਕਰਵਾਏ ਗਏ ਪ੍ਰੋਗਰਾਮ ਵਿਚ ਨਾਇਬ ਤਹਿਸੀਲਦਾਰ ਹਿਰਦੇਪਾਲ ਸਿੰਘ ਵੀ ਉਚੇਚੇ ਤੌਰ ਤੇ ਉਨ੍ਹਾਂ ਦੇ ਨਾਲ ਮੌਜੂਦ ਰਹੇ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੁਰਾਣਾ ਸਾਲਾ ਸਰਕਲ ਦੇ ਪਿੰਡ ਜਗਤਪੁਰ ਖੁਰਦ (ਖਾਰੀਆਂ) ਅਤੇ ਸੁੰਦੜ ਦੇ 83 ਕਿਸਾਨਾਂ ਵੀਰਾਂ ਨੂੰ 5 ਲੱਖ 93 ਹਜਾਰ ਦੀ ਮੁਆਵਜ਼ਾ ਰਾਸ਼ੀ ਵੰਡੀ ਗਈ ਅਤੇ ਆਉਣ ਵਾਲੇ ਇਕ ਹਫਤੇ ਅੰਦਰ ਹੀ ਬਾਕੀ ਰਹਿੰਦੇ ਕਿਸਾਨਾਂ ਦੀ ਵੀ ਨੁਕਸਾਨੀ ਮੁਆਵਜ਼ੇ ਦੀ ਰਾਸ਼ੀ ਉਨ੍ਹਾਂ ਦੇ ਖਾਤਿਆਂ ਵਿੱਚ ਪਾ ਦਿੱਤੀ ਜਾਵੇਗੀ। ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੈ ਕਿ ਜਦੋਂ ਕੁਦਰਤੀ ਆਫਤ ਨਾਲ ਨੁਕਸਾਨ ਹੋਣ ਦੇ ਮਹਿਜ਼ ਕੁਝ ਦਿਨਾਂ ਦੇ ਅੰਦਰ ਹੀ ਸਰਕਾਰ ਵੱਲੋਂ ਕਿਸਾਨਾਂ ਨੂੰ ਮੁਆਵਜ਼ਾ ਅਦਾ ਕੀਤਾ ਗਿਆ ਹੋਵੇ। ਸ਼ਮਸ਼ੇਰ ਸਿੰਘ ਨੇ ਕਿਹਾ ਕਿ ਹਾਲ ਹੀ ਚ ਹੜ੍ਹਾਂ ਕਾਰਨ ਪ੍ਰਭਾਵਿਤ ਪੁਰਾਣਾ ਸਾਲਾ ਦੇ ਅਨੇਕਾਂ ਪਿੰਡਾਂ ਦੇ ਲੋਕਾਂ ਨੂੰ ਓਨਾਂ ਦੀ ਸਰਕਾਰ ਵਲੋਂ ਪਹਿਲਾਂ ਤਾਂ 15 ਦਿਨਾਂ ਅੰਦਰ ਨੁਕਸਾਨੇ ਘਰਾਂ ਦਾ ਮੁਆਵਜ਼ਾ ਦੇ ਦਿੱਤਾ ਗਿਆ ਜਦੋਂਕਿ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਮਹਿਜ਼ ਇੱਕ ਮਹੀਨੇ ’ਚ ਹੀ ਦੇਕੇ ਨਵੀਂ ਮਿਸਾਲ ਕਾਇਮ ਕੀਤੀ ਹੈ।

ਇਸ ਮੌਕੇ ਪਟਵਾਰੀ ਅਮਰਜੀਤ ਸਿੰਘ, ਸਰਪੰਚ ਰਾਜਕੁਮਾਰ ਰਾਜੂ, ਹੀਰਾ ਲਾਲ, ਨਿਸ਼ਾਨ ਸਿੰਘ ਗੂੰਜੀਆਂ, ਬਲਬੀਰ ਸਿੰਘ ਗੂੰਜੀਆਂ, ਬਲਜੀਤ ਸਿੰਘ ਖਾਲਸਾ, ਗੁਰਨਾਮ ਸਿੰਘ ਪੁਰਾਣਾ ਸ਼ਾਲਾ, ਲੱਖਾ ਸੈਦੋਵਾਲੀਆ, ਤਰਸੇਮ ਲਾਲ, ਮੱਖਣ ਸਿੰਘ ਮੇਘੀਆਂ, ਰਮਨ ਨਡਾਲਾ, ਬਚਿਤਰ ਸਿੰਘ ਮਨਾਂ, ਗੋਰਾ ਕੱਤੋਵਾਲ, ਨੰਬਰਦਾਰ ਮੋਹਨ ਸਿੰਘ, ਮਨਜੀਤ ਸਿੰਘ ਸੁੰਦੜ, ਧੰਨਾ ਸਿੰਘ, ਸ਼ਮਸ਼ੇਰ ਸਿੰਘ,ਭਗਤ ਸਿੰਘ, ਸੰਤੋਖ ਸਿੰਘ ਹਾਜ਼ਰ ਸਨ।

# ਜੀ ਐੱਨ ਡੀ ਯੂ ਦੇ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਵਿਭਾਗ ਵੱਲੋਂ ਕੈਂਪਸ ਸਫਾਈ ਮੁਹਿੰਮ ਦਾ ਆਯੋਜਨ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਵਿਸ਼ਵ ਹਾਊਸਕੀਪਿੰਗ ਵੀਕ ਮਨਾਉਂਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਇੱਕ ਸਫਲ ਸਫਾਈ ਅਭਿਆਨ ਚਲਾਇਆ ਗਿਆ। ਯੂਨੀਵਰਸਿਟੀ ਕੈਂਪਸ ਨੂੰ ਹੋਰ ਸਵੱਛ ਅਤੇ ਚੰਗੇ ਵਾਤਾਵਰਣ ਵਾਲਾ ਬਣਾਈ ਰੱਖਣ ਲਈ ਉਤਸ਼ਾਹਿਤ ਕਰਦਿਆਂ ਵਿਦਿਆਰਥੀਆਂ ਨੇ ਕੈਂਪਸ ਵਿੱਚ ਸਫਾਈ ਅਭਿਆਨ ਕੀਤਾ। ਇਸ ਮੁਹਿੰਮ ਦਾ ਉਦੇਸ਼ ਜਿਥੇ ਸਵੱਛਤਾ ਦੀ ਮਹੱਤਤਾ ਨੂੰ ਦਰਸਾਉਣਾ ਉਥੇ ਅਤੇ ਸਮੁੱਚੇ ਯੂਨੀਵਰਸਿਟੀ ਭਾਈਚਾਰੇ ’ਤੇ ਇਸ ਦੇ ਸਕਾਰਾਤਮਕ ਪ੍ਰਭਾਵ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਜਿਵੇਂ ਰਹਿੰਦ-ਖੂੰਹਦ ਦੀ ਠੀਕ ਵੱਖਰਤਾ, ਕੈਂਪਸ ਸੁੰਦਰੀਕਰਨ ਅਤੇ ਕੂੜੇ ਦੇ ਸਹੀ ਨਿਪਟਾਰੇ ਬਾਰੇ ਜਾਗਰੂਕਤਾ ਫੈਲਾਉਣ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਉਨ੍ਹਾਂ ਨੇ ਹੋਰ ਵਿਦਿਆਰਥੀਆਂ ਨਾਲ ਸਫ਼ਾਈ ਦੀ ਮਹੱਤਤਾ ਅਤੇ ਇੱਕ ਸਿਹਤਮੰਦ ਅਤੇ ਅਨੁਕੂਲ ਮਾਹੌਲ ਬਣਾਉਣ ਵਿੱਚ ਇਸਦੀ ਭੂਮਿਕਾ ਬਾਰੇ ਜਾਣਕਾਰੀ ਭਰਪੂਰ ਸੈਸ਼ਨ ਵੀ ਕਰਵਾਏ। ਇਸ ਸਵੱਛਤਾ ਅਭਿਆਨ ਵਿੱਚ ਵਿਦਿਆਰਥੀਆਂ ’ਚ ਉਤਸ਼ਾਹ ਵੇਖਣ ਨੂੰ ਮਿਲਿਆ ਅਤੇ ਉਨ੍ਹਾਂ ਦੇ ਇਸ ਜਾਗਰੂਕਤਾ ਅਭਿਆਨ ਨੇ ਦੂਜਿਆਂ ਲਈ ਇੱਕ ਮਿਸਾਲ ਕਾਇਮ ਕੀਤੀ।

ਇਸ ਸਮਾਗਮ ਬਾਰੇ ਬੋਲਦਿਆਂ ਹੋਟਲ ਮੈਨੇਜਮੈਂਟ ਅਤੇ ਟੂਰਿਜ਼ਮ ਦੇ ਪ੍ਰੋਫੈਸਰ ਇੰਚਾਰਜ ਪ੍ਰੋ. ਮਨਦੀਪ ਕੌਰ ਨੇ ਸਵੱਛਤਾ ਅਭਿਆਨ ਦੇ ਆਯੋਜਨ ਵਿੱਚ ਸਰਗਰਮ ਯਤਨਾਂ ਲਈ ਵਿਦਿਆਰਥੀਆਂ ਅਤੇ ਫੈਕਲਟੀ ਦਾ ਧੰਨਵਾਦ ਕੀਤਾ। ਉਨ੍ਹਾਂ ਯੂਨੀਵਰਸਿਟੀ ਭਾਈਚਾਰੇ ਵਿੱਚ ਜ਼ਿੰਮੇਵਾਰੀ ਦੀ ਹੋਰ ਭਾਵਨਾ ਪੈਦਾ ਕਰਨ ਲਈ ਅਜਿਹੀਆਂ ਪਹਿਲਕਦਮੀਆਂ ਦੀ ਮਹੱਤਤਾ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਵਿਭਾਗ ਇੱਕ ਸਾਫ਼ ਅਤੇ ਹਰਿਆ-ਭਰਿਆ ਕੈਂਪਸ ਬਣਾਉਣ ਲਈ ਭਵਿੱਖ ਵਿੱਚ ਅਜਿਹੀਆਂ ਪਹਿਲਕਦਮੀਆਂ ਦਾ ਆਯੋਜਨ ਕਰਨ ਲਈ ਵਚਨਬੱਧ ਹੈ।

# 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਨੌਜਵਾਨਾਂ ਦੀਆਂ ਵੋਟਾਂ ਬਣਾਉਣ ਲਈ ਵਿਸ਼ੇਸ਼ ਮੁਹਿੰਮ ਸ਼ੁਰੂ




ਬਟਾਲਾ (ਡਾ. ਮਲਵਿੰਦਰ ਸਿੰਘ)-ਜ਼ਿਲ੍ਹਾ ਚੋਣ ਅਫਸਰ ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜ਼ਿਲ੍ਹੇ ਦੇ 18 ਸਾਲ ਤੋਂ ਵੱਧ ਉਮਰ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੀ ਵੋਟ ਜ਼ਰੂਰ ਬਣਵਾਉਂਣ ਤਾਂ ਜੋਂ ਉਹ ਲੋਕਤੰਤਰ ਦੀ ਮਜ਼ਬੂਤੀ ਲਈ ਆਪਣੀ ਵੋਟ ਦਾ ਇਸਤੇਮਾਲ ਕਰ ਸਕਣ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਚੋਣਕਾਰ ਰਜਿਸਟਰੇਸ਼ਨ ਅਧਿਆਕਾਰੀਆਂ, ਸੈਕਟਰ ਅਫਸਰਾਂ ਅਤੇ ਬੀਐੱਲਓ ਨੂੰ ਹਦਾਇਤ ਕੀਤੀ ਕਿ ਜਿਹੜੇ ਨੌਜਵਾਨ ਲੜਕੇ-ਲੜਕੀਆਂ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਹਨ ਜਾਂ 1 ਜਨਵਰੀ 2024 ਨੂੰ ਉਨ੍ਹਾਂ ਦੀ ਉਮਰ 18 ਸਾਲ ਹੋ ਜਾਣੀ ਹੈ, ਉਨ੍ਹਾਂ ਸਾਰਿਆਂ ਦੀਆਂ ਵੋਟਾ ਬਣਉਣ ਲਈ ਵਿਸ਼ੇਸ਼ ਯਤਨ ਕੀਤੇ ਜਾਣ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀਆਂ ਵੋਟਾਂ ਬਣਾਉਣ ਲਈ ਸੀਨੀਆਰ ਸੈਕੰਡਰੀ ਸਕੂਲਾਂ, ਕਾਲਜਾਂ, ਆਈਟੀਆਈ, ਬਹੁ-ਤਕਨੀਕੀ ਕਾਲਜਾਂ ਅਤੇ ਆਈਲੈਟਸ ਸੈਂਟਰਾਂ ਵਿੱਚ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਵੋਟਰ ਜਾਗਰੂਕਤਾ ਮੁਹਿੰਮ ਤਹਿਤ ਸਵੀਪ ਗਤੀਵਿਧੀਆਂ ਨੂੰ ਤੇਜ਼ ਕੀਤਾ ਜਾਵੇ। ਵਧੇਰੇ ਜਾਣਕਾਰੀ ਲਈ ਚੋਣ ਕਮਿਸ਼ਨ ਦੇ ਹੈਲਪ ਲਾਈਨ ਨੰਬਰ 1950 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਜ਼ਿਲ੍ਹੇ ਅੰਦਰ ਚੱਲ ਰਹੀ ਸਵੀਪ ਮੁਹਿੰਮ ਤਹਿਤ ਜ਼ਿਲ੍ਹਾ ਸਵੀਪ ਨੋਡਲ ਅਫਸਰ ਕਮ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ: ਵਿਨੋਦ ਸਰਮਾ ਦੀ ਅਗਵਾਈ ਵਿੱਚ ਸਹਾਇਕ ਜ਼ਿਲ੍ਹਾ ਨੋਡਲ ਅਫਸਰ ਸਵੀਪ ਪਰਮਜੀਤ ਸਿੰਘ ਕਲਸੀ, ਸਹਾਇਕ ਜ਼ਿਲ੍ਹਾ ਨੋਡਲ ਅਫਸਰ ਸਵੀਪ ਗੁਰਮੀਤ ਸਿੰਘ ਭੋਮਾ ਅਤੇ ਇਲੈਕਸ਼ਨ ਸੋਸਲ ਮੀਡੀਆ ਨੋਡਲ ਅਫਸਰ (ਸਵੀਪ) ਗਗਨਦੀਪ ਸਿੰਘ ਵੱਲੋਂ ਗਰੀਨਲੈਂਡ, ਨੈਕਸਸ, ਟੱਚਸਟੋਨ, ਪਰਾਈਮ, ਐਕਸਏਰਾ, ਇਮੀਗਰੇਸ਼ਨ ਐਂਡ ਆਈਲੈੱਟਸ ਸੈਂਟਰ ਬਟਾਲਾ ਵਿਖੇ ਪਹੁੰਚ ਕੇ ਵਿਦਿਆਰਥੀਆਂ ਨੂੰ ਵੋਟਾਂ ਬਣਾਉਣ ਲਈ ਜਾਗਰੂਕ ਕੀਤਾ। ਇਸ ਮੌਕੇ ਨਵੇਂ ਵੋਟਰਾਂ ਦੇ ਫਾਰਮ ਭਰੇ ਗਏ। ਇਸ ਮੌਕੇ ਬੀਐੱਲਓ ਬਲਜਿੰਦਰ ਸਿੰਘ, ਬੀਐੱਲਓ ਬਲਜੀਤ ਕੌਰ, ਗਰੀਨਲੈਂਡ ਇਮੀਗਰੇਸ਼ਨ ਐਂਡ ਆਈਲੈੱਟਸ ਸੈਂਟਰ ਤੋਂ ਗੁਰਨੂਰ ਸਿੰਘ ਵੀ ਹਾਜ਼ਰ ਸਨ।

# ਚੇਅਰਮੈਨ ਬਹਿਲ ਹਰਪ੍ਰੀਤ ਸਿੰਘ ਕਾਹਲੋਂ ਦਾ ਹਾਲ-ਚਾਲ ਪੁੱਛਣ ਹਸਪਤਾਲ ਪਹੁੰਚੇ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਅੱਜ ਜ਼ਿਲ੍ਹਾ ਹਸਤਪਾਲ ਬੱਬਰੀ (ਗੁਰਦਾਸਪੁਰ) ਵਿਖੇ ਪਹੁੰਚ ਕੇ ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਕਾਹਲੋਂ ਦੇ ਛੋਟੇ ਭਰਾ ਹਰਪ੍ਰੀਤ ਸਿੰਘ ਕਾਹਲੋਂ ਜਿਸਨੂੰ ਬੀਤੇ ਦਿਨ ਕੁਝ ਸਮਾਜ ਵਿਰੋਧੀ ਅਨਸਰਾਂ ਵੱਲੋਂ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਸੀ, ਉਸਦਾ ਹਾਲ-ਚਾਲ ਜਾਣਿਆ ਹੈ। ਇਸ ਮੌਕੇ ਉਨ੍ਹਾਂ ਨਾਲ ਐੱਸ. ਐੱਸ. ਪੀ. ਗੁਰਦਾਸਪੁਰ ਹਰੀਸ਼ ਦਾਯਮਾ ਵੀ ਮੌਜੂਦ ਸਨ। ਹਰਪ੍ਰੀਤ ਸਿੰਘ ਕਾਹਲੋਂ ਦਾ ਹਾਲ ਜਾਣਨ ਤੋਂ ਬਾਅਦ ਚੇਅਰਮੈਨ ਰਮਨ ਬਹਿਲ ਨੇ ਡਾਕਟਰਾਂ ਨੂੰ ਹਦਾਇਤ ਕੀਤੀ ਕਿ ਹਰਪ੍ਰੀਤ ਸਿੰਘ ਕਾਹਲੋਂ ਦੇ ਇਲਾਜ ਵਿੱਚ ਕੋਈ ਢਿੱਲ-ਮੱਠ ਨਾ ਵਰਤੀ ਜਾਵੇ ਅਤੇ ਉਸਦਾ ਸਾਰਾ ਇਲਾਜ ਮੁਫ਼ਤ ਕੀਤਾ ਜਾਵੇ। ਇਸ ਜਾਨਲੇਵਾ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਉਨ੍ਹਾਂ ਕਿਹਾ ਕਿ ਹਮਲੇ ਕਰਨ ਵਾਲੇ ਦੋਸ਼ੀ ਕਿਸੇ ਵੀ ਸੂਰਤ ਵਿੱਚ ਬਖਸ਼ੇ ਨਹੀਂ ਜਾਣਗੇ। ਉਨ੍ਹਾਂ ਐੱਸ. ਐੱਸ. ਪੀ. ਗੁਰਦਾਸਪੁਰ ਨੂੰ ਕਿਹਾ ਕਿ ਦੋਸ਼ੀਆਂ ਦੀ ਜਲਦ ਭਾਲ ਕਰਕੇ ਉਨ੍ਹਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਉਹ ਆਪਣੇ ਹਲਕਾ ਵਾਸੀਆਂ ਦੀ ਸੇਵਾ ਵਿੱਚ ਹਰ ਸਮੇਂ ਹਾਜ਼ਰ ਹਨ ਅਤੇ ਹਲਕਾ ਵਾਸੀਆਂ ਦੇ ਹਰ ਦੁੱਖ-ਤਕਲੀਫ਼ ਵਿੱਚ ਉਨ੍ਹਾਂ ਦਾ ਸਾਥ ਦੇਣ ਲਈ ਉਹ ਵਚਨਬੱਧ ਹਨ।

# ਚੇਅਰਮੈਨ ਰਾਣਾ ਗੰਡੀਵਿੰਡ ਵੱਲੋਂ ਹਲਕੇ ਦੇ ਕਾਂਗਰਸੀ ਵਰਕਰਾਂ ਨਾਲ ਮੀਟਿੰਗਾਂ ਆਰੰਭ



ਝਬਾਲ (ਹਰਜਿੰਦਰ ਸਿੰਘ ਸੋਨੀ)-ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਬਲਾਕ ਸੰਮਤੀ ਮੈਂਬਰ ਗੰਡੀਵਿੰਡ ਦੇ ਚੇਅਰਮੈਨ ਰਣਜੀਤ ਸਿੰਘ ਰਾਣਾ ਢਿੱਲੋਂ ਗੰਡੀਵਿੰਡ ਵਲੋਂ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਪਿੰਡਾਂ ਵਿੱਚ ਕਾਂਗਰਸੀ ਵਰਕਰਾਂ ਨਾਲ ਮੀਟਿੰਗਾਂ ਦਾ ਦੌਰ ਲਗਾਤਾਰ ਜਾਰੀ ਹੈ ਜਿਸ ਦੇ ਤਹਿਤ ਅੱਜ ਪਿੰਡ ਦੌਬਲੀਆਂ ਵਿਖੇ ਮੱਘਰ ਸਿੰਘ ਬੱਬੂ ਦੇ ਗ੍ਰਹਿ ਵਿਖੇ ਕਾਂਗਰਸੀ ਸਾਥੀਆ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਜਿੱਤ ਯਕੀਨੀ ਬਣਾਉਂਦੇ ਹੋਏ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਤੋਂ ਦੇਸ਼ ਦਾ ਹਰ ਨਾਗਰਿਕ ਦੁਖੀ ਹੈ ਤੇ ਸਭ ਨੂੰ ਪਤਾ ਹੈ ਜਿਸ ਤਰ੍ਹਾਂ ਪਿਛਲੇ ਦਸ ਸਾਲਾਂ ਵਿੱਚ ਦੇਸ਼ ਦਾ ਕੀ ਹਾਲ ਕਰ ਦਿੱਤਾ ਹੈ, ਕੋਈ ਵੀ ਚੀਜ਼ ਦੇਸ਼ ਦੀ ਨਹੀਂ ਰਹਿਣ ਦਿੱਤੀ ਜਿਸ ਤਰ੍ਹਾਂ ਰੇਲਵੇ, ਏਅਰਪੋਰਟ ਤੇ ਕਈ ਹੋਰ ਪ੍ਰਾਪਰਟੀਆਂ ਵੇਚ ਦਿੱਤੀਆਂ। ਕੁੱਝ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਦੀ ਖਾਤਰ, ਖੇਤੀ ਸਬੰਧੀ ਤਿੰਨ ਕਾਲੇ ਕਾਨੂੰਨ ਬਣਾ ਦਿੱਤੇ ਤੇ ਦੇਸ਼ ਦੇ ਅੰਨਦਾਤੇ ਨੂੰ ਦਿੱਲੀ ਦੀਆਂ ਸੜਕਾਂ ਤਪਦੀਆਂ ਧੁੱਪਾਂ ਤੇ ਠਰਦੀਆਂ ਰਾਤਾਂ ਕੱਟਣ ਲਈ ਮਜਬੂਰ ਕੀਤਾ ਗਿਆ। ਦੇਸ਼ ਦੇ ਲੋਕ ਭਲੀਭਾਂਤ ਜਾਣ ਚੁੱਕੇ ਹਨ ਕਿ ਦੇਸ਼ ਦੀ ਵਾਗਡੋਰ ਕਿਸ ਦੇ ਹੱਥ ਫੜਾਉਣੀ ਹੈ ਤੇ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਕੇਂਦਰ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾ ਕੇ ਇਤਿਹਾਸ ਰਚਿਆ ਜਾਵੇਗਾ।

ਇਸ ਸਮੇਂ ਪਿੰਡ ਵਾਸੀਆਂ ਵਲੋਂ ਰਾਣਾ ਗੰਡੀਵਿੰਡ ਨੂੰ ਪੂਰਾ ਸਾਥ ਦੇਣ ਦਾ ਭਰੋਸਾ ਦਿੱਤਾ ਗਿਆ ਤੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ। ਸਾਬਕਾ ਸਰਪੰਚ ਮਿਲਖਾ ਸਿੰਘ, ਮੈਂਬਰ ਪੰਚਾਇਤ ਬਲਵਿੰਦਰ ਸਿੰਘ ਅਤੇ ਗੁਰਦਿਆਲ ਸਿੰਘ ਦੁੱਧ ਫੈਕਟਰੀ ਵਾਲੇ, ਐਡਵੋਕੇਟ ਜਗਮੀਤ ਸਿੰਘ ਢਿੱਲੋਂ ਗੰਡੀਵਿੰਡ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਮਿੱਟੀ ਦੀ ਤੰਦਰੁਸਤੀ ਲਈ ਪਰਾਲੀ ਨੂੰ ਖੇਤ ’ਚ ਨਾ ਸਾੜਨਾ ਸਮੇਂ ਦੀ ਮੁੱਖ ਲੋੜ: ਡਾ. ਢਿੱਲੋਂ



ਗੁਰਦਾਸਪੁਰ (ਜਨਕ ਮਹਾਜਨ)- ਮੁੱਖ ਖੇਤੀਬਾੜੀ ਅਫ਼ਸਰ ਗੁਰਦਾਸਪੁਰ ਡਾ. ਕ੍ਰਿਪਾਲ ਸਿੰਘ ਢਿੱਲੋਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਵਾਰ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਅੱਗ ਬਿਲਕੁਲ ਨਾ ਲਗਾਉਣ। ਉਨ੍ਹਾਂ ਕਿਹਾ ਕਿ ਮਿੱਟੀ ਦੀ ਸਿਹਤ ਸੁਧਾਰਨ ਅਤੇ ਵਾਤਾਵਰਣ ਦੀ ਸ਼ੁੱਧਤਾ ਲਈ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਗਾ ਕੇ ਸਾੜਣ ਜਾਂ ਹਟਾਉਣ ਦੀ ਬਜਾਏ, ਖੇਤਾਂ ਵਿੱਚ ਮਿਲਾ ਦੇਣਾ ਚਾਹੀਦਾ ਹੈ। ਡਾ. ਢਿੱਲੋਂ ਨੇ ਕਿਹਾ ਕਿ ਝੋਨੇ/ਬਾਸਮਤੀ ਦੀ ਕਟਾਈ ਉਪਰੰਤ ਖੇਤ ਵਿਚ ਖੜੇ ਫਸਲ ਦੇ ਕਚਰਿਆਂ ਵਿਚ ਬੀਜ ਅਤੇ ਡਾਇਆ ਖਾਦ ਦਾ ਛੱਟਾ ਦੇ ਕੇ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਉਨਾਂ ਕਿਹਾ ਕਿ ਕਟਾਈ ਉਪਰੰਤ ਫਸਲ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚੋਂ ਹਟਾਏ ਬਗੈਰ ਖੜੇ ਕਚਰਿਆਂ ਵਿੱਚ 40-45 ਕਿਲੋ ਬੀਜ ਦਾ ਛੱਟਾ ਦੇ ਦੇਣਾ ਚਾਹੀਦਾ ਹੈ ਅਤੇ ਛੱਟਾ ਦੇਣ ਉਪਰੰਤ ਮਲਚਰ ਜਾਂ ਕਟਰ ਕਮ ਸਪਰੈਡਰ ਨਾਲ ਪਰਾਲੀ ਨੂੰ ਛੋਟੇ-ਛੋਟੇ ਟੁਕੜਿਆਂ ਵਿੱਚ ਕੱਟ ਕੇ ਇਕਸਾਰ ਖਿਲਾਰ ਦੇਣਾ ਚਾਹੀਦਾ ਹੈ ਤਾਂ ਜੋ ਕਣਕ ਸਹੀ ਤਰ੍ਹਾਂ ਉੱਗ ਸਕੇ। ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਮਲਚਿੰਗ ਤਕਨੀਕ ਨਾਲ ਕਣਕ ਦੀ ਬਿਜਾਈ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਰਫੇਸ ਸੀਡਰ ਨਾਮ ਦੀ ਇਕ ਮਸ਼ੀਨ ਵੀ ਵਿਕਸਤ ਕੀਤੀ ਗਈ ਜਿਸ ਤੇ ਪੰਜਾਬ ਸਰਕਾਰ ਵਲੋਂ 40000 ਤੋਂ 64000 ਰੁਪਏ ਤੱਕ ਸਬਸਿਡੀ ਵੀ ਦਿੱਤੀ ਜਾ ਰਹੀ ਹੈ। ਉਨ੍ਹਾਂ ਇੱਕ ਵਾਰ ਫਿਰ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਫਸਲੀ ਰਹਿੰਦ-ਖੂੰਹਦ ਨੂੰ ਅੱਗ ਬਿਲਕੁਲ ਨਾ ਲਗਾਉਣ। ਉਨ੍ਹਾਂ ਕਿਹਾ ਕਿ ਪਰਾਲੀ ਦੇ ਨਿਪਟਾਰੇ ਲਈ ਤਕਨੀਕੀ ਜਾਣਕਾਰੀ ਲਈ ਖੇਤੀਬਾੜੀ ਵਿਭਾਗ ਦੇ ਦਫ਼ਤਰਾਂ ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰੂ ਰਾਮਦਾਸ ਜੀ ਦਾ ਜੋਤੀ-ਜੋਤ ਸਮਾਉਣ ਤੇ ਗੁਰੂ ਅਰਜਨ ਦੇਵ ਜੀ ਦਾ ਗੁਰਗੱਦੀ ਦਿਵਸ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)-ਜੇ. ਆਰ. ਐੱਸ. ਡੀ. ਏ. ਵੀ. ਪਬਲਿਕ ਸਕੂਲ ਝਬਾਲ ਵਿਖੇ ਡਾ. ਪੂਨਮ ਸੂਰੀ ਪ੍ਰਧਾਨ ਡੀਏਵੀ ਕਾਲਜ ਪ੍ਰਬੰਧਕ ਕਮੇਟੀ, ਡਾ. ਜੇ. ਪੀ. ਸੂਰ ਦੇ ਦਿਸ਼ਾ ਨਿਰਦੇਸ਼ਨ, ਚੇਅਰਮੈਨ ਮਹੇਸ਼ ਚੋਪੜਾ, ਡਾ. ਨੀਲਮ ਕਾਮਰਾ, ਸਕੂਲ ਮੈਨੇਜਰ ਨੀਰਾ ਸ਼ਰਮਾ ਅਤੇ ਜੇ. ਆਰ. ਐਸ. ਡੀਏਵੀ ਪਬਲਿਕ ਸਕੂਲ ਝਬਾਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਦੀ ਯੋਗ ਅਗਵਾਈ ਵਿੱਚ ਗੁਰੂ ਰਾਮਦਾਸ ਜੀ ਦਾ ਜੋਤੀ-ਜੋਤ ਸਮਾਉਣ ਦਿਵਸ ਅਤੇ ਗੁਰੂ ਅਰਜਨ ਦੇਵ ਜੀ ਦਾ ਗੁਰਗੱਦੀ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ।

ਇਸ ਪਵਿੱਤਰ ਮੌਕੇ ਸਕੂਲ ਦੀ ਸੰਗੀਤ ਅਧਿਆਪਕਾ ਕੁਮਾਰੀ ਤਪੱਸਿਆ ਦੀ ਰਹਿਨੁਮਾਈ ਵਿੱਚ ਬੱਚਿਆਂ ਨੇ ਇਲਾਹੀ ਬਾਣੀ ਦੇ ਕੀਰਤਨ ਕੀਤੇ। ਮੈਡਮ ਮਨਪ੍ਰੀਤ ਕੌਰ ਨੇ ਬੱਚਿਆਂ ਨੂੰ ਗੁਰੂ ਜੀ ਦੇ ਜੀਵਨ ਅਤੇ ਸਿਧਾਂਤਾਂ ਤੋਂ ਰੂ-ਬ-ਰੂ ਕਰਵਾਇਆ। ਮੈਡਮ ਰਮਨਦੀਪ ਕੌਰ, ਮੈਡਮ ਰਕਸ਼ੰਦਨ ਅਤੇ ਮੈਡਮ ਪੂਜਾ ਭਗਤ ਨੇ ਸਟੇਜ ਸਜਾਉਣ ਦੀ ਸੇਵਾ ਨਿਭਾਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਮਹਾਨ ਗੁਰੂਆਂ ਨੂੰ ਆਪਣੀ ਸ਼ਰਧਾ ਪ੍ਰਗਟ ਕੀਤੀ ਤੇ ਸਭ ਨੂੰ ਗੁਰੂ ਜੀ ਦੀਆਂ ਸਿੱਖਿਆਵਾਂ ’ਤੇ ਅਮਲ ਕਰਨ ਲਈ ਪ੍ਰੇਰਿਤ ਕੀਤਾ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ 28 ਨੂੰ ਰੋਕੀਆਂ ਜਾਣਗੀਆਂ ਰੇਲਾਂ: ਆਗੂ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਫੌਜੀ, ਜ਼ੋਨ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ ਤੇ ਸਕੱਤਰ ਸਤਨਾਮ ਸਿੰਘ ਖਾਨਮਲੱਕ ਦੀ ਅਗਵਾਈ ਵਿੱਚ ਗੁਰਦੁਆਰਾ ਬੋਹੜੀ ਵਿਖੇ ਹੋਈ। ਮੀਟਿੰਗ ਦੌਰਾਨ ਆਗੂਆਂ ਨੇ ਵੱਖ-ਵੱਖ ਮੁੱਦਿਆਂ ਤੇ ਵਿਚਾਰ ਚਰਚਾ ਕੀਤੀ। ਆਗੂਆਂ ਨੇ ਹੜ੍ਹਾਂ ਦੇ ਨੁਕਸਾਨ ਦਾ ਮੁਆਵਜ਼ਾ ਦੇਣ, ਕਿਸਾਨਾਂ ਮਜ਼ਦੂਰਾਂ ਦਾਂ ਸਾਰਾ ਕਰਜ਼ਾ ਮਾਫ ਕਰਨ, ਮਨਰੇਗਾ ਮਜ਼ਦੂਰਾਂ ਨੂੰ ਘੱਟੋ ਘੱਟ 200 ਦਿਨ ਕੰਮ ਦੇਣ, ਕਣਕ ਤੇ ਝੋਨੇ ਤੋਂ ਇਲਾਵਾ ਵੀ ਬਾਕੀ ਫਸਲਾਂ ’ਤੇ ਐਮ.ਐਸ.ਪੀ ਦੀ ਕਾਨੂੰਨੀ ਗਰੰਟੀ, ਕਿਸਾਨੀ ਸੰਘਰਸ਼ਾਂ ਦੌਰਾਨ ਦਿੱਲੀ ਅਤੇ ਹੋਰ ਜਗ੍ਹਾ ਕਿਸਾਨਾਂ ਤੇ ਪਾਏ ਪਰਚੇ ਰੱਦ ਕੀਤੇ ਜਾਣ, ਲਖੀਮਪੁਰ ਖੀਰੀ ਦੇ ਦੋਸੀਆਂ ਨੂੰ ਸਜ਼ਾਵਾਂ,ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਦੇਣ, ਨਸ਼ੇ ਦੀ ਮਾਰ ਹੇਠ ਪੰਜਾਬ ਨੂੰ ਬਚਾਉਣ ਲਈ ਠੋਸ ਕਦਮ, ਜੰਮੂ ਕੱਟੜਾ ਐਕਸਪ੍ਰੈਸ ਵੇਅ ਅਧੀਨ ਆ ਰਹੀਆਂ ਜ਼ਮੀਨਾਂ ਦੇ ਇਕਸਾਰ ਢੁੱਕਵੇਂ ਮੁਆਵਜ਼ੇ ਜਾਰੀ ਕਰਕੇ ਫੇਰ ਜ਼ਮੀਨਾਂ ਇਕਵਾਇਰ ਕੀਤੀਆਂ ਜਾਣ, ਚਿੱਪ ਵਾਲੇ ਮੀਟਰ ਲਾਉਣੇ ਬੰਦ ਕੀਤੇ ਜਾਣ, ਕਾਰਪੋਰੇਟ ਘਰਾਣਿਆਂ ਦੀਆਂ ਫ਼ਾਇਨਾਂਸ ਕੰਪਨੀਆਂ ਪੰਜਾਬ ਵਿੱਚੋਂ ਬੰਦ ਕੀਤੀਆਂ ਜਾਣ ਆਦਿ ਦੀ ਮੰਗ ਕੀਤੀ। ਆਗੂਆਂ ਦੱਸਿਆ ਜਥੇਬੰਦੀ ਨੇ ਫੈਸਲਾ ਲਿਆ ਹੈ ਕਿ ਜੇਕਰ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਨੇ ਇਹ ਮੰਗਾਂ ਨਾ ਮੰਨੀਆਂ ਤਾਂ ਜਥੇਬੰਦੀ ਵਲੋਂ 28 ਸਤੰਬਰ ਨੂੰ ਪੰਜਾਬ ਭਰ ਵਿੱਚ ਰੇਲਾਂ ਰੋਕੀਆਂ ਜਾਣਗੀਆਂ। ਇਸ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਫੌਜੀ, ਜ਼ੋਨ ਪ੍ਰਧਾਨ ਹਰਚਰਨ ਸਿੰਘ, ਸਕੱਤਰ ਸਤਨਾਮ ਸਿੰਘ, ਅਜੀਤ ਸਿੰਘ, ਸ਼ਾਮ ਸਿੰਘ, ਨਿਰਮਲ ਕੌਰ ਗਿੱਲਮੰਜ, ਮਨਜੀਤ ਕੌਰ, ਮਨਜੀਤ ਸਿੰਘ ਖਾਨਮਲੱਕ,ਨਵਜੋਤ ਸਿੰਘ, ਰਜਿੰਦਰ ਸਿੰਘ, ਦਿਲਬਾਗ਼ ਸਿੰਘ,ਹੇਮ ਸਿੰਘ, ਗੁਰਮੀਤ ਸਿੰਘ ਸਰਸਪੁਰ, ਅਮਰੀਕ ਸਿੰਘ, ਦਵਿੰਦਰ, ਪਰਮਜੀਤ ਕੌਰ, ਪ੍ਰਤਾਪ ਸਿੰਘ, ਲੱਖਵਿੰਦਰ ਸਿੰਘ ਭੁੰਬਲੀ, ਸਰੂਪ ਸਿੰਘ, ਸੁਖਦੇਵ ਸਿੰਘ ਅਲਾਵਲਪੁਰ ਆਦਿ ਸਮੇਤ ਜ਼ੋਨ ਦੇ ਵੱਖ-ਵੱਖ ਪਿੰਡਾਂ ਦੀਆਂ ਇਕਾਈਆਂ ਦੇ ਆਗੂ ਹਾਜ਼ਰ ਸਨ।

## ਜ਼ਿਲ੍ਹਾ ਮੈਜਿਸਟਰੇਟ ਨੇ ਧਰਨੇ/ਮੁਜ਼ਾਹਰਿਆਂ ਲਈ ਥਾਵਾਂ ਨਿਰਧਾਰਤ ਕੀਤੀਆਂ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਡਾ. ਹਿਮਾਂਸ਼ੂ ਅਗਰਵਾਲ, ਆਈ.ਏ.ਐੱਸ, ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਦੀਆਂ ਵੱਖ-ਵੱਖ ਤਹਿਸੀਲਾਂ ਵਿੱਚ ਸ਼ਾਂਤਮਈ ਧਰਨਿਆਂ/ਮੁਜ਼ਾਹਰਿਆਂ ਲਈ ਥਾਵਾਂ ਨਿਰਧਾਰਤ ਕੀਤੀਆਂ ਹਨ। ਇਨ੍ਹਾਂ ਥਾਵਾਂ ਉੱਪਰ ਸਬੰਧਤ ਐੱਸ.ਡੀ.ਐੱਮ. ਨੂੰ ਪਹਿਲਾਂ ਸੂਚਿਤ ਕਰਕੇ ਪ੍ਰਵਾਨਗੀ ਲੈਣ ਉਪਰੰਤ ਹੀ ਧਰਨਾ/ਮੁਜ਼ਾਹਰਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਹੋਰ ਕਿਸੇ ਥਾਂ ’ਤੇ ਧਰਨਾਂ ਨਹੀਂ ਦਿੱਤਾ ਜਾ ਸਕਦਾ। ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮਾਂ ਵਿੱਚ ਦੱਸਿਆ ਹੈ ਕਿ ਗੁਰਦਾਸਪੁਰ ਤਹਿਸੀਲ ਵਿੱਚ ਨਹਿਰੂ ਪਾਰਕ ਗੁਰਦਾਸਪੁਰ, ਦਾਨਾ ਮੰਡੀ ਗੁਰਦਾਸਪੁਰ, ਮਿੱਲ ਗਰਾਊਂਡ ਧਾਰੀਵਾਲ, ਦੀਨਾਨਗਰ ਤਹਿਸੀਲ ਵਿੱਚ ਦੁਸ਼ਿਹਰਾ ਗਰਾਊਂਡ ਦੀਨਾਨਗਰ, ਕਲਾਨੌਰ ਤਹਿਸੀਲ ਵਿੱਚ ਸ਼ਹੀਦ ਭਗਤ ਸਿੰਘ ਸਟੇਡੀਅਮ ਕਲਾਨੌਰ, ਫ਼ਤਿਹਗੜ੍ਹ ਚੂੜੀਆਂ ਤਹਿਸੀਲ ਵਿੱਚ ਦੁਸਹਿਰਾ ਗਰਾਊਂਡ ਫ਼ਤਿਹਗੜ੍ਹ ਚੂੜੀਆਂ, ਡੇਰਾ ਬਾਬਾ ਨਾਨਕ ਤਹਿਸੀਲ ਵਿੱਚ ਦੁਸਹਿਰਾ ਗਰਾਊਂਡ ਡੇਰਾ ਬਾਬਾ ਨਾਨਕ ਅਤੇ ਦਾਣਾ ਮੰਡੀ ਕੋਟਲੀ ਸੂਰਤ ਮੱਲੀ ਵਿਖੇ ਥਾਂ ਧਰਨੇ/ਪ੍ਰਦਰਸ਼ਨਾਂ ਲਈ ਨਿਰਧਾਰਤ ਕੀਤੀ ਗਈ ਹੈ। ਇਸੇ ਤਰ੍ਹਾਂ ਤਹਿਸੀਲ ਬਟਾਲਾ ਲਈ ਸੁੱਖਾ ਸਿੰਘ ਮਹਿਤਾਬ ਸਿੰਘ ਪਾਰਕ ਬਟਾਲਾ, ਦਾਣਾ ਮੰਡੀ ਸ੍ਰੀ ਹਰਗੋਬਿੰਦਪੁਰ ਸਾਹਿਬ, ਦਾਣਾ ਮੰਡੀ ਕਾਦੀਆਂ, ਦਾਣਾ ਮੰਡੀ ਅਲੀਵਾਲ ਅਤੇ ਦਾਣਾ ਮੰਡੀ ਸਰੂਪਵਾਲੀ ਵਿਖੇ ਧਰਨੇ/ਪ੍ਰਦਰਸ਼ਨਾਂ ਲਈ ਥਾਂ ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨਿਰਧਾਰਤ ਥਾਵਾਂ ਤੋਂ ਬਿਨਾਂ ਜ਼ਿਲ੍ਹੇ ਵਿੱਚ ਕਿਸੇ ਹੋਰ ਥਾਂ/ਸੜਕ/ਰੇਲਵੇ ਟਰੈਕ ਆਦਿ ਉੱਪਰ ਧਰਨਾ ਲਗਾਉਣ ਵਾਲੇ ਵਿਅਕਤੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਰੋਟਰੀ ਕਲੱਬ ਆਸਥਾ ਵੱਲੋਂ ਕਰਵਾਇਆ ਅਧਿਆਪਕ ਸਨਮਾਨ ਸਮਾਗਮ ਸੰਪੰਨ



ਅੰਮ੍ਰਿਤਸਰ (ਅਰੋੜਾ) ਰੋਟਰੀ ਡਿਸਟ੍ਰਿਕਟ 3070 ਅਤੇ ਪੂਰੇ ਭਾਰਤ ਦੀ ਸਮੂਹ ਰੋਟਰੀ ਕਲੱਬਾਂ ਵੱਲੋ ਸ਼ੁਰੂ ਕੀਤੇ ਗਏ ਅਭਿਆਨ ਦੇ ਤਹਿਤ ਰੋਟਰੀ ਕਲੱਬ ਆਸਥਾ ਵੱਲੋਂ ਅਧਿਆਪਕ ਸਨਮਾਨ ਸਮਾਗਮ ਕਲੱਬ ਦੇ ਪ੍ਰਧਾਨ ਅਮਨ ਕੁਮਾਰ ਸ਼ਰਮਾ, ਸਕੱਤਰ ਪ੍ਰਦੀਪ ਕਾਲੀਆਂ ਦੀ ਪ੍ਰਧਾਨਗੀ ਹੇਠ ਰਾਮ ਬਾਗ ਸਥਿਤ ਸਰਵਿਸ ਕਲੱਬ ਦੇ ਆਡੀਟੋਰੀਅਮ ਵਿੱਚ ਬੜੇ ਹੀ ਸਲਾਘਾਯੋਗ ਵਿਧੀ ਵਿਧਾਨ ਦੇ ਨਾਲ ਸੰਪੰਨ ਹੋਇਆ। ਸਮਾਗਮ ਵਿੱਚ ਅੰਮ੍ਰਿਤਸਰ ਵਿਧਾਨ ਸਭਾ ਉੱਤਰੀ ਖੇਤਰ ਦੇ ਵਿਧਾਇਕ ਡਾ. ਕੁਵੰਰ ਵਿਜੇ ਪ੍ਰਤਾਪ ਸਿੰਘ ਮੁੱਖ ਮਹਿਮਾਨ ਅਤੇ ਜਿਲਾ ਅਧਿਕਾਰੀ ਸੈਕੰਡਰੀ ਸ਼ੁਸੀਲ ਤੁਲ ਗੈਸਟ ਆਫ ਆਨਰ ਦੇ ਵਜੋਂ ਸ਼ਾਮਿਲ ਹੋਏ। ਜੋਨਲ ਚੇਅਰਮੈਨ ਜਤਿੰਦਰ ਸਿੰਘ ਪੱਪੂ, ਸਹਾਇਕ ਗਵਨਰ ਰਾਕੇਸ਼ ਕੁਮਾਰ ਖਾਸ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਕਲੱਬ ਵੱਲੋਂ ਅੰਮ੍ਰਿਤਸਰ ਨੇ ਦੋ ਪ੍ਰਿੰਸੀਪਲ ਅਤੇ ਵੱਖ-ਵੱਖ ਸਕੂਲਾਂ ਦੇ 16 ਅਧਿਆਪਿਕਾਵਾਂ ਨੂੰ ਸਿੱਖਿਆਂ ਜਗਤ ਵਿੱਚ ਉਨ੍ਹਾਂ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਸਨਮਾਨਿਤ ਕੀਤਾ। ਕੁਵੰਰ ਵਿਜੇ ਪ੍ਰਤਾਪ ਸਿੰਘ ਨੇ ਉਨਾ ਨੂੰ ਆਪਣੇ ਹੱਥਾਂ ਨਾਲ ਰੋਟਰੀ ਐਵਾਰਡ ਦੇ ਕੇ ਸਨਮਾਨਿਤ ਕੀਤਾ। ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਮੈਡਮ ਨਵਦੀਪ ਕੌਰ ਨਵਾਂ ਕੋਟ, ਪ੍ਰਿੰਸੀਪਲ ਪਰਵਿੰਦਰ ਮਾਨਾ ਸਿੰਘ ਰੋਡ, ਦਿਨੇਸ਼ ਕੁਮਾਰ ਅਜਨਾਲਾ, ਅੰਮ੍ਰਿਤਪਾਲ ਸਿੰਘ ਹਰਸ਼ਾ ਛੀਨਾ, ਰਜਿੰਦਰ ਕੁਮਾਰ ਟਾਊਨ ਹਾਲ, ਆਫਤਾਬ ਸਿੰਘ ਮਾਲ ਰੋਡ, ਨੀਤੂ ਜੋਸ਼ੀ ਸੋਹੀਆਂ ਕਲਾਂ, ਗੁਰਦੇਵ ਸਿੰਘ ਬਾਸਰਕੇ, ਨਾਜੀਸ਼ ਰੰਧਾਵਾ, ਭਾਰਤੀ ਸ਼ਰਮਾ ਖਿਲਚੀਆਂ, ਰਜਿੰਦਰ ਕੌਰ ਵੱਲ੍ਹਾ, ਆਰਤੀ ਸ਼ਰਮਾ, ਸਰਵਦੀਪ ਸਿੰਘ ਮਕਬੂਲਪੁਰਾ, ਵਰਿੰਦਰਪਾਲ ਸਠਿਆਲਾ, ਧੀਰਜ ਕੁਮਾਰ, ਗੀਤੂ ਸ਼ਰਮਾ, ਸੰਗੀਤਾ ਚੋਪੜਾ, ਮਨਪ੍ਰੀਤ ਕੌਰ ਨੂੰ ਪ੍ਰਮਾਣ ਪੱਤਰ ਅਤੇ ਦੋ ਸ਼ਾਲਾ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਸਾਬਕਾ ਪ੍ਰਧਾਨ ਅਸ਼ਵਨੀ ਅਵਸਥੀ, ਪਰਮਜੀਤ ਸਿੰਘ, ਮਨਮੋਹਨ ਸਿੰਘ, ਸਤੀਸ਼ ਸ਼ਰਮਾ, ਅਵਸਥੀ ਨਾਲ ਰੋਟਰੀ ਕਲੱਬ ਆਸਥਾ ਅਤੇ ਨਗਰ ਦੀਆ ਹੋਰ ਰੋਟਰੀ ਕਲੱਬਾ ਦੇ ਅਹੁਦੇਦਾਰ ਅਤੇ ਮੈਂਬਰ ਮੌਜੂਦ ਸਨ। ਸਮਾਗਮ ਦੇ ਅੰਤ ਵਿੱਚ ਮੁੱਖ ਮਹਿਮਾਨ ਅਤੇ ਖਾਸ ਮਹਿਮਾਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਭਾਜਪਾ ਓਬੀਸੀ ਮੋਰਚਾ ਦੇ ਸੂਬਾ ਪ੍ਰਧਾਨ ਬਣਨ ’ਤੇ ਅਮਰਪਾਲ ਸਿੰਘ ਬੋਨੀ ਸਨਮਾਨਿਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ ) ਭਾਜਪਾ ਦੇ ਸੀਨੀਅਰ ਆਗੂ ਅਮਰਪਾਲ ਸਿੰਘ ਬੋਨੀ ਅਜਨਾਲਾ ਨੂੰ ਭਾਜਪਾ ਓ.ਬੀ.ਸੀ ਮੋਰਚੇ ਦਾ ਸੂਬਾ ਪ੍ਰਧਾਨ ਬਣਾਏ ਜਾਣ ’ਤੇ ਵਰਕਰਾਂ ਵਿਚ ਖ਼ੁਸ਼ੀ ਦੀ ਲਹਿਰ ਹੈ। ਅੱਜ ਨਵੀਂ ਜ਼ਿੰਮੇਵਾਰੀ ਮਿਲਣ ’ਤੇ ਅਮਰਪਾਲ ਸਿੰਘ ਬੋਨੀ ਨੂੰ ਸਨਮਾਨਿਤ ਕਰਦਿਆਂ ਕੌਮੀ ਘਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਪ੍ਰੋ. ਸਰਚਾਂਦ ਸਿੰਘ ਖਿਆਲਾ, ਰਾਮਗੜ੍ਹੀਆ ਵੈਲਫੇਅਰ ਬੋਰਡ ਪੰਜਾਬ ਦੇ ਸਾਬਕਾ ਉਪ ਚੇਅਰਮੈਨ ਕੰਵਰਬੀਰ ਸਿੰਘ ਮੰਜ਼ਿਲ, ਨਗਰ ਸੁਧਾਰ ਟਰੱਸਟ ਤਰਨ ਤਾਰਨ ਦੇ ਸਾਬਕਾ ਚੇਅਰਮੈਨ ਪ੍ਰੋ. ਗੁਰਵਿੰਦਰ ਸਿੰਘ ਮੰਮਣਕੇ, ਗਗਨਦੀਪ ਸਿੰਘ ਏ ਆਰ, ਆਲਮਬੀਰ ਸਿੰਘ ਸੰਧੂ, ਅਰੁਣ ਸ਼ਰਮਾ ਅਤੇ ਰਜਿੰਦਰ ਸ਼ਰਮਾ ਨੇ ਬੋਨੀ ਅਜਨਾਲਾ ਦੀ ਕਾਬਲੀਅਤ ਨੂੰ ਪਛਾਨਣ ਲਈ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਪੰਜਾਬ ਭਾਜਪਾ ਦੇ ਸੰਗਠਨ ਮੰਤਰੀ ਮੰਥਰੀ ਸ੍ਰੀ ਨਿਵਾਸਲੂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਬੋਨੀ ਅਜਨਾਲਾ ਇਕ ਸਖ਼ਤ ਮਿਹਨਤੀ ਅਤੇ ਪੰਜਾਬ ਦੇ ਜ਼ਮੀਨੀ ਧਰਾਤਲ ਨਾਲ ਜੁੜੇ ਹੋਏ ਤਜਰਬੇਕਾਰ ਆਗੂ ਹਨ, ਜੋ ਨਾ ਕੇਵਲ ਭਾਜਪਾ ਓ.ਬੀ.ਸੀ ਮੋਰਚਾ ਸਗੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਪਾਰਟੀ ਪ੍ਰਧਾਨ ਜੇ.ਪੀ. ਨੱਡਾ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਹੱਥ ਮਜ਼ਬੂਤ ਕਰਨ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਣਗੇ।

ਇਸ ਮੌਕੇ ਅਮਰਪਾਲ ਸਿੰਘ ਬੋਨੀ ਅਜਨਾਲਾ ਨੇ ਉਨ੍ਹਾਂ ’ਤੇ ਵਿਸ਼ਵਾਸ ਪ੍ਰਗਟ ਕਰਦਿਆਂ ਅਹਿਮ ਜ਼ਿੰਮੇਵਾਰੀ ਸੌਂਪਣ ਲਈ ਪਾਰਟੀ ਹਾਈ ਕਮਾਨ ਦਾ ਧੰਨਵਾਦ ਕੀਤਾ ਅਤੇ ਇਸ ਜ਼ਿੰਮੇਵਾਰੀ ਨੂੰ ਪੂਰੀ ਸ਼ਿੱਦਤ ਨਾਲ ਨਿਭਾਉਣ ਦਾ ਵਿਸ਼ਵਾਸ ਦਵਾਇਆ ਹੈ।

# ਲੋਕ ਮਿਲਣੀ ਤਹਿਤ ਸ਼ੈਰੀ ਕਲਸੀ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ



ਬਟਾਲਾ (ਡਾ. ਮਲਵਿੰਦਰ ਸਿੰਘ)-ਪੰਜਾਬ ਸਰਕਾਰ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਵਚਨਬੱਧ ਹੈ ਅਤੇ ਹਲਕਾ ਬਟਾਲਾ ਦੇ ਵਸਨਿਕਾਂ ਦੀ ਹਰ ਸਮੱਸਿਆ ਪਹਿਲ ਦੇ ਆਧਾਰ ਤੇ ਹੱਲ ਕੀਤੀ ਜਾਵੇਗੀ। ਇਹ ਪ੍ਰਗਟਾਵਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਵਿਧਾਇਕ ਹਲਕਾ ਬਟਾਲਾ ਨੇ ਆਪਣੇ ਦਫਤਰ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕੀਤਾ। ਉਨਾਂ ਸਿਵਲ ਤੇ ਪੁਲਿਸ ਅਧਿਕਾਰੀਆਂ ਨੂੰ ਲੋਕਾਂ ਦੀ ਮੁਸ਼ਕਿਲਾਂ ਪਹਿਲ ਦੇ ਆਧਾਰ ਤੇ ਹੱਲ ਕਰਨ ਲਈ ਕਿਹਾ ਤੇ ਕਿਹਾ ਕਿ ਕਿਸੇ ਪ੍ਰਕਾਰ ਦੀ ਕੋਈ ਢਿੱਲਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਸਮਾਗਮਾਂ ਦੀ ਗੱਲ ਕਰਦਿਆਂ ਦੱਸਿਆ ਕਿ ਸਮੁੱਚੇ ਬਟਾਲਾ ਸ਼ਹਿਰ ਅੰਦਰ ਵਿਆਹ ਪੁਰਬ ਦੇ ਸਮਾਗਮਾਂ ਲਈ ਸੁਚੱਜੇ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਸੰਗਤਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 21 ਸਤੰਬਰ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਬਟਾਲਾ ਵਿਖੇ ਪਹੁੰਚਣ ਵਾਲੇ ਨਗਰ ਕੀਰਤਨ ਅਤੇ 22 ਸਤੰਬਰ ਨੂੰ ਪਾਲਕੀ ਸਾਹਿਬ ਨਗਰ ਕੀਰਤਨ ਦੇ ਰੂਟਾਂ ਸਮੇਤ ਸਮੁੱਚੇ ਸ਼ਹਿਰ ਅੰਦਰ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਕਾਰਜਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਵਿਆਹ ਪੁਰਬ ਸਮਾਗਮ ਪੂਰੇ ਉਤਸ਼ਾਹ ਨਾਲ ਮਨਾਏ ਜਾਣਗੇ। ਵਿਧਾਇਕ ਕਲਸੀ ਨੇ ਅੱਗੇ ਕਿਹਾ ਕਿ ਬਟਾਲਾ ਸ਼ਹਿਰ ਦੇ ਵਸਨੀਕਾਂ ਦੀਆਂ ਸਮੱਸਿਆਵਾਂ ਤੋਂ ਉਹ ਜਾਣੂ ਹਨ ਅਤੇ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਬਟਾਲਾ ਸ਼ਹਿਰ ਨੂੰ ਵਿਕਾਸ ਪੱਖੋਂ ਸੂਬਾ ਦਾ ਬਿਹਤਰੀਨ ਹਲਕਾ ਬਣਾਇਆ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਉਹ ਹਰ ਵੇਲੇ ਹਲਕੇ ਦੇ ਲੋਕਾਂ ਦੀ ਸੇਵਾ ਵਿਚ ਹਾਜ਼ਰ ਹਨ ਅਤੇ ਹਲਕਾ ਦਾ ਸਰਬਪੱਖੀ ਵਿਕਾਸ ਉਨ੍ਹਾਂ ਦੀ ਪਹਿਲੀ ਤਰਜੀਹ ਹੈ।

# ਖ਼ਾਲਸਾ ਕਾਲਜ ’ਚ ਸਿੰਘ ਸਭਾ ਲਹਿਰ ਦੀ 150 ਸਾਲਾ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ 21 ਨੂੰ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਲਹਿਰ ਦੇ 150 ਸਾਲਾ ਸਥਾਪਨਾ ਦਿਵਸ ਸਬੰਧੀ ਕਰਵਾਏ ਜਾਣ ਵਾਲੇ ਸਮਾਗਮਾਂ ਤਹਿਤ 21 ਸਤੰਬਰ ਨੂੰ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੇ ਸ. ਸੁੰਦਰ ਸਿੰਘ ਮਜੀਠੀਆ ਹਾਲ ਵਿਖੇ ਵਿਸ਼ੇਸ਼ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਇਸ ਸੈਮੀਨਾਰ ਦੀਆਂ ਤਿਆਰੀਆਂ ਸਬੰਧੀ ਖਾਲਸਾ ਕਾਲਜ ਵਿਖੇ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਆਲ ਇੰਡੀਆ ਧਰਮ ਪ੍ਰਚਾਰ ਲਹਿਰ ਦੇ ਚੇਅਰਮੈਨ ਭਾਈ ਰਾਜਿੰਦਰ ਸਿੰਘ ਮਹਿਤਾ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ, ਸਿੱਖ ਵਿਦਿਵਾਨ ਡਾ. ਇੰਦਰਜੀਤ ਸਿੰਘ ਗੋਗੋਆਨੀ ਅਤੇ ਸੈਮੀਨਾਰ ਦੇ ਕੋਆਰਡੀਨੇਟਰ ਰਾਜਵਿੰਦਰ ਸਿੰਘ ਜੋਗਾ ਸ਼ਾਮਲ ਹੋਏ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ 19ਵੀਂ ਸਦੀ ਵਿਚ ਸਿੱਖ ਧਰਮ ’ਤੇ ਹੋ ਰਹੇ ਹਮਲਿਆਂ ਨੂੰ ਠੱਲ੍ਹ ਪਾਉਣ ਲਈ ਸੁਹਿਰਦ ਸਿੱਖਾਂ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਲਹਿਰ ਦੀ ਸਥਾਪਨਾ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਵਿਰਾਸਤੀ ਧਰੋਹਰ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਨੂੰ ਸਿੰਘ ਸਭਾ ਲਹਿਰ ਦੀ ਉਪਜ ਦੇ ਤੌਰ ’ਤੇ ਜਾਣਿਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਿੰਘ ਸਭਾ ਲਹਿਰ ਦੀ 150 ਸਾਲਾ ਸ਼ਤਾਬਦੀ ਸਮਾਗਮਾਂ ਤਹਿਤ ਖ਼ਾਲਸਾ ਕਾਲਜ ਵਿਖੇ 21 ਸਤੰਬਰ ਨੂੰ “ਸਿੰਘ ਸਭਾ ਲਹਿਰ ਪਿਛੋਕੜ, ਸਥਾਪਨਾ, ਕਾਰਜ ਦੇ ਪ੍ਰਾਪਤੀਆਂ” ਵਿਸ਼ੇ ’ਤੇ ਵਿਸ਼ੇਸ਼ ਸ਼ੈਮੀਨਾਰ ਕਰਵਾਇਆ ਜਾ ਰਿਹਾ ਹੈ। ਭਾਈ ਗਰੇਵਾਲ ਨੇ ਦੱਸਿਆ ਕਿ ਇਸ ਸੈਮੀਨਾਰ ਦੀ ਪ੍ਰਧਾਨਗੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਕਰਨਗੇ, ਜਦਕਿ ਡਾ. ਹਰਭਜਨ ਸਿੰਘ ਅਤੇ ਡਾ. ਇੰਦਰਜੀਤ ਸਿੰਘ ਗੋਗੋਆਨੀ ਵੱਲੋਂ ਪਰਚੇ ਪੜ੍ਹੇ ਜਾਣਗੇ। ਇਸੇ ਦੌਰਾਨ ਆਲ ਇੰਡੀਆ ਧਰਮ ਪ੍ਰਚਾਰ ਲਹਿਰ ਦੇ ਚੇਅਰਮੇਨ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਸ਼ਤਾਬਦੀ ਨੂੰ ਲੈ ਕੇ ਵੱਖ-ਵੱਖ ਸਮਾਗਮ ਉਲੀਕੇ ਗਏ ਹਨ।

# ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਨਵੀਂ ਅਨਾਜ ਮੰਡੀ ਲਾਲੜੂ ਵਿਖੇ ਬਣ ਰਹੇ ਸ਼ੈੱਡ ਦਾ ਨੀਂਹ ਪੱਥਰ ਰੱਖਿਆ



ਅਨਾਜ ਮੰਡੀ ਲਾਲੜੂ ਵਿਖੇ ਉਦਘਾਟਨ ਕਰਨ ਮੌਕੇ ਚੇਅਰਮੈਨ ਹਰਚੰਦ ਸਿੰਘ ਬਰਸਟ, ਵਿਧਾਇਕ ਕੁਲਜੀਤ ਸਿੰਘ ਰੰਧਾਵਾ ਤੇ ਹੋਰ।

**ਸ਼ਾਹਕੋਟ (ਗਿਆਨ ਸੈਦਪੁਰੀ)**- ਪੰਜਾਬ ਮੰਡੀ ਬੋਰਡ ਵੱਲੋਂ ਜਾਰੀ ਕੀਤੇ ਪ੍ਰੈੱਸ ਨੋਟ ਵਿੱਚ ਦੱਸਿਆ ਗਿਆ ਕਿ ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਅਤੇ ਕੁਲਜੀਤ ਸਿੰਘ ਰੰਧਾਵਾ ਵਿਧਾਇਕ ਹਲਕਾ ਡੇਰਾਬੱਸੀ ਵੱਲੋ ਨਵੀਂ ਅਨਾਜ ਮੰਡੀ ਲਾਲੜੂ ਵਿਖੇ 69.24 ਲੱਖ ਰੁਪਏ ਦੀ ਲਾਗਤ ਨਾਲ ਸਟੀਲ ਕਵਰ ਸੈੱਡ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਬਰਸਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਇੱਕ ਬਦਲਾਅ ਦੀ ਨੀਤੀ ਲੈ ਕੇ ਪੰਜਾਬ ਵਿੱਚ ਆਈ ਹੈ ਤੇ ਆਮ ਲੋਕਾਂ ਦੀ ਸਰਕਾਰ ਹੈ। ਵਿਧਾਇਕ ਕੁਲਜੀਤ ਸਿੰਘ ਰੰਧਾਵਾ ਜੇਕਰ ਬਣੇ ਹਨ ਤਾਂ ਇੱਕ ਸੇਵਾ ਭਾਵਨਾ ਵਾਸਤੇ ਬਣੇ ਹਨ। ਇੱਕ ਬਦਲਾਅ ਦੀ ਸੋਚ ਲੈ ਕੇ ਕਿਰਤੀ ਲੋਕਾ ਦੀ ਸੋਚ ਲੈ ਕੇ ਪੰਜਾਬ ਦੇ ਲੋਕਾਂ ਨੂੰ ਇੱਕ ਖੁਸ਼ਹਾਲ ਪੰਜਾਬ ਦੇਣ ਵਾਸਤੇ ਆਮ ਆਦਮੀ ਦੀ ਟੀਮ ਕੰਮ ਕਰ ਰਹੀ ਹੈ। ਇਸ ਤੋਂ ਇਲਾਵਾ 72 ਲੱਖ ਦੀ ਲਾਗਤ ਨਾਲ 5 ਵਾਸ਼ਰੂਮ ਬਲਾਕ ਲਾਲੜੂ ਕਮੇਟੀ ( ਤਸਿੰਬਲੀ, ਜੜੌਤ, ਟਿਵਾਣਾ) ਅਤੇ ਡੇਰਾਬੱਸੀ ਕਮੇਟੀ (ਮਮਰੌਲੀ, ਅਮਲਾਲਾ) ਅਤੇ 5 ਮੰਡੀ ਵਿੱਚ ਲੋਕਾਂ ਦੀ ਸਹੂਲਤ ਲਈ ਬਣਾਏ ਜਾ ਰਹੇ ਹਨ। ਪਿਛਲੇ 1.5 ਸਾਲ 'ਚ ਤਕਰੀਬਨ 32,000 ਰੈਗੂਲਰ ਨੌਕਰੀਆਂ ਅਤੇ 13,000 ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ। 300 ਯੂਨਿਟ ਬਿਜਲੀ ਪ੍ਰਤੀ ਮਹੀਨਾ ਦਾ ਵਾਅਦਾ ਪੂਰਾ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਸਕੂਲਾਂ ਦੀ ਡਿਵੈਲਪਮੈਂਟ ਕੀਤੀ ਜਾ ਰਹੀ ਹੈ। ਕਿਸੇ ਵੀ ਪੱਧਰ 'ਤੇ ਕੋਈ ਭ੍ਰਿਸ਼ਟਾਚਾਰ ਹੋ ਰਿਹਾ ਹੈ ਤਾਂ ਤੁਸੀ ਆਨਲਾਈਨ ਅਰਜ਼ੀ ਪਾ ਸਕਦੇ ਹੋ ਜਾਂ ਸਾਨੂੰ ਮਿਲ ਸਕਦੇ ਹੋ। ਹੜ੍ਹਾਂ ਕਾਰਨ ਜੋ ਨੁਕਸਾਨ ਹੋਇਆ ਸੀ ਉਸ ਲਈ ਵੀ ਪੰਜਾਬ ਮੰਡੀ ਦੇ ਸਾਰੇ ਮੁਲਾਜ਼ਮਾਂ ਨੇ ਆਪਣੀ ਇੱਕ ਦਿਨ ਦੀ ਤਨਖਾਹ ਸੀ.ਐਮ. ਰਲੀਫ ਫੰਡ ਲਈ ਵੀ ਦਿੱਤੀ ਤੇ ਇਸੇ ਤਰ੍ਹਾਂ ਮਿਲ ਕੇ ਪੰਜਾਬ ਦੀ ਚੜ੍ਹਦੀ ਕਲਾ ਤੇ ਤਰੱਕੀ ਲਈ ਕੰਮ ਕਰਦੇ ਰਹਾਂਗੇ। ਇਸ ਮੌਕੇ ਹਿਮਾਂਸ਼ੂ ਗੁਪਤਾ ਐਸ.ਡੀ.ਐਮ., ਸੁਭਾਸ਼ ਸ਼ਰਮਾ ਜ਼ਿਲ੍ਹਾ ਜਾਇੰਟ ਸਕੱਤਰ ਆਮ ਆਦਮੀ ਪਾਰਟੀ, ਗੌਰਵ ਭੱਟੀ ਕਾਰਜਕਾਰੀ ਇੰਜੀਨੀਅਰ, ਗਗਨਦੀਪ ਸਿੰਘ ਜ਼ਿਲ੍ਹਾ ਮੰਡੀ ਅਫਸਰ, ਜਸਵਿੰਦਰ ਸਿੰਘ ਐਸ. ਡੀ. ਓ., ਗੁਰਵਿੰਦਰ ਸਿੰਘ ਬਲਾਕ ਪ੍ਰਧਾਨ ਲਾਲੜੂ, ਬਲਜੀਤ ਸ਼ਰਮਾ ਬਲਾਕ ਪ੍ਰਧਾਨ ਡੇਰਾਬੱਸੀ, ਗੁਰਪ੍ਰੀਤ ਵਿਰਕ ਬਲਾਕ ਪ੍ਰਧਾਨ ਜ਼ੀਰਕਪੁਰ, ਗੁਰਮੀਤ ਸਿੰਘ ਸਕੱਤਰ, ਅਸ਼ੋਕ ਕੁਮਾਰ ਲੇਖਾਕਾਰ, ਜਗਦੀਪ ਸਿੰਘ ਮੰਡੀ ਸੁਪਰਵਾਈਜ਼ਰ, ਸਤੀਸ਼ ਰਾਣਾ ਪ੍ਰਧਾਨ ਮਿਊਂਸੀਪਲ ਕਮੇਟੀ ਲਾਲੜੂ, ਡੇਰਾਬੱਸੀ ਦੇ ਪ੍ਰਧਾਨ ਨਰੇਸ਼ ਉਪਨੇਜਾ, ਕੰਵਲ ਨੈਣ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ, ਹਰੀਸ਼ ਮਦਾਨ ਪ੍ਰਧਾਨ ਵਪਾਰ ਮੰਡਲ, ਗੁਰਵਿੰਦਰ ਸਿੰਘ ਸਰਕਲ ਪ੍ਰਧਾਨ, ਸਕੱਤਰ ਅਤੇ ਸਮੂਹ ਮਾਰਕੀਟ ਕਮੇਟੀ ਮੈਂਬਰ ਲਾਲੜੂ ਹਾਜ਼ਰ ਰਹੇ।

# ਪਿੰਡ ਜਟਾਣਾ ਦਾ ਨੌਜਵਾਨ ਆਸਟ੍ਰੇਲੀਆ 'ਚ ਜਸਟਿਸ ਆਫ ਪੀਸ ਬਣਿਆ



**ਚਮਕੌਰ ਸਾਹਿਬ ( ਗੁਰਵਿੰਦਰਪਾਲ ਸਿੰਘ ਬੌਬੀ)** ਨਜ਼ਦੀਕੀ ਪਿੰਡ ਜਟਾਣਾ ਵਾਸੀ ਮਨਮੋਹਨ ਸਿੰਘ ਦੇ ਵੱਡੇ ਪੁੱਤਰ ਗੁਰਜਿੰਦਰਪਾਲ ਸਿੰਘ ਗਿਰਨ ਉਰਫ ਪਾਲੀ ਆਸਟ੍ਰੇਲੀਆ ਵਿਖੇ ਜਸਟਿਸ ਆਫ ਪੀਸ ਬਣ ਗਿਆ ਹੈ। ਇਸ ਸੰਬੰਧੀ ਆਸਟ੍ਰੇਲੀਆ ਤੋਂ ਤੇਜੀ ਜਟਾਣਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗੁਰਜਿੰਦਰਪਾਲ ਸਿੰਘ ਆਸਟ੍ਰੇਲੀਆ ਦੇ ਰਾਜ ਨਿਊ ਸਾਊਥ ਵੇਲਸ ਦਾ ਜਸਟਿਸ ਆਫ ਪੀਸ ਬਣ ਗਿਆ ਹੈ, ਜੋ ਕਿ ਡਿਪਾਰਟਮੈਂਟ ਆਫ ਕਮਿਊਨਿਟੀ ਐਂਡ ਜਸਟਿਸ ਵਿਭਾਗ ਅਧੀਨ ਸਰਕਾਰੀ ਦਸਤਾਵੇਜ਼ਾਂ ਉੱਤੇ ਸਹੀ ਪਾਉਣ ਦਾ ਹੱਕਦਾਰ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਸਖਤ ਮਿਹਨਤ, ਉੱਚ ਵਿੱਦਿਆ ਹਾਸਲ ਕਰਨ ਨਾਲ ਗੁਰਜਿੰਦਰਪਾਲ ਸਿੰਘ ਪਾਲੀ ਨੂੰ ਇਹ ਸ਼ਾਨਾਮੱਤੀ ਉਪਲਬਧੀ ਹਾਸਲ ਹੋਈ ਹੈ। ਇਸ ਉਪਲਬਧੀ 'ਤੇ ਪਿੰਡ ਦੇ ਸਰਪੰਚ ਦਿਆਲ ਸਿੰਘ, ਸਮਾਜ ਸੇਵੀ ਅਮਨਦੀਪ ਸਿੰਘ ਮਾਂਗਟ, ਸਮਿਤੀ ਮੈਂਬਰ ਜਸਵੀਰ, ਲਖਵਿੰਦਰ ਸਿੰਘ ਭੂਰਾ ਬੇਲਾ, ਸਿੰਘ, ਪੰਚ ਭੁਪਿੰਦਰ ਸਿੰਘ, ਹਰਜੀਤ ਸਿੰਘ ਹੈਪੀ, ਮਾਸਟਰ ਦਲਜੀਤ ਸਿੰਘ, ਬਹਾਦਰ ਸਿੰਘ, ਕਮਲਜੀਤ ਸਿੰਘ, ਧਨਵੰਤ ਸਿੰਘ, ਮਨਜੀਤ ਸਿੰਘ, ਸਾਬਕਾ ਸਰਪੰਚ ਬਲਵਿੰਦਰ ਕੌਰ, ਠੇਕੇਦਾਰ ਬਚਿੱਤਰ ਸਿੰਘ, ਨਿਰਵੈਰ ਸਿੰਘ ਡੈਨਮਾਰਕ, ਭੁਪਿੰਦਰ ਸਿੰਘ ਅਤੇ ਸੁਖਵਿੰਦਰ ਸਿੰਘ ਰਾਜੂ ਆਦਿ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਸ ਦੀ ਲੰਮੀ ਉਮਰ ਦੀ ਕਾਮਨਾ ਕੀਤੀ।

# ਇਨਕਲਾਬ ਫੈਸਟੀਵਲ ਦੀਆਂ ਤਿਆਰੀਆਂ ਲਈ ਯੋਜਨਾਬੱਧ ਤੇ ਆਪਸੀ ਤਾਲਮੇਲ ਰਾਹੀਂ ਕੰਮ ਕਰਨ ਅਧਿਕਾਰੀ : ਡਿਪਟੀ ਕਮਿਸ਼ਨਰ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਵਸ 'ਤੇ ਖਟਕੜ ਕਲਾਂ ਵਿਖੇ 28 ਤੋਂ 30 ਸਤੰਬਰ ਤੱਕ ਤਿੰਨ ਦਿਨਾਂ ਦੇ ਕਰਵਾਏ ਜਾਣ ਵਾਲੇ ਇਨਕਲਾਬ ਫੈਸਟੀਵਲ ਦੀਆਂ ਤਿਆਰੀਆਂ ਸਬੰਧੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਵਿਸ਼ੇਸ਼ ਮੀਟਿੰਗ ਕੀਤੀ। ਡਿਪਟੀ ਕਮਿਸ਼ਨਰ ਨੇ ਖਟਕੜ ਕਲਾਂ ਵਿਖੇ ਮੌਕੇ 'ਤੇ ਜਾਇਜ਼ਾ ਲੈਂਦੇ ਹੋਏ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਸਾਰੇ ਅਧਿਕਾਰੀ ਆਪਸੀ ਤਾਲਮੇਲ ਅਤੇ ਯੋਜਨਾਬੱਧ ਤਰੀਕੇ ਨਾਲ ਇਸ ਕੰਮ ਨੂੰ ਨੇਪਰੇ ਚਾੜ੍ਹਨ। ਉਨ੍ਹਾਂ ਕਿਹਾ ਕਿ ਇਨਕਲਾਬ ਫੈਸਟੀਵਲ ਨੂੰ ਇਕ ਮੇਲੇ ਦੀ ਦਿਖ ਦੇ ਰੂਪ ਵਿੱਚ ਮਨਾਇਆ ਜਾਵੇਗਾ, ਜਿਸ ਵਿੱਚ 28 ਸਤੰਬਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਉਣ ਦੀ ਵੀ ਤਜਵੀਜ਼ ਹੈ। ਇਸ ਲਈ ਹਰ ਪੱਖ ਤੋਂ ਤਿਆਰੀਆਂ ਕੀਤੀਆਂ ਜਾਣ, ਤਾਂ ਜੋ ਫੈਸਟੀਵਲ ਵਾਲੇ ਦਿਨ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਇਸ ਫੈਸਟੀਵਲ 'ਚ ਹਜ਼ਾਰਾਂ ਦੀ ਗਿਣਤੀ ਵਿੱਚ ਨਾਗਰਿਕਾਂ ਦੇ ਆਉਣ ਦੀ ਯੋਜਨਾ ਬਣਾਈ ਗਈ ਹੈ। ਇਸ ਲਈ ਉਨ੍ਹਾਂ ਦੇ ਬੈਠਣ ਲਈ ਵਿਸ਼ਾਲ ਪੰਡਾਲ, ਪਾਰਕਿੰਗ, ਖਾਣ-ਪੀਣ ਦੇ ਪ੍ਰਬੰਧ ਅਤੇ ਰਸਤਿਆਂ ਨੂੰ ਯੋਜਨਾਬੱਧ ਤਰੀਕੇ ਨਾਲ ਤਿਆਰੀ ਕਰਕੇ ਕੰਮ ਸ਼ੁਰੂ ਕਰ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਤਿੰਨਾਂ ਦਿਨਾਂ ਦੌਰਾਨ ਪ੍ਰਸਿੱਧ ਪੰਜਾਬੀ ਕਲਾਕਾਰ ਜਸਵੀਰ ਜੱਸੀ, ਹਰਭਜਨ ਮਾਨ ਅਤੇ ਸੁਲਤਾਨਾ ਨੂਰਾਂ ਤੋਂ ਇਲਾਵਾ ਹੋਰ ਵੀ ਪ੍ਰਸਿੱਧ ਕਲਾਕਾਰ ਆਪਣੀ ਗਾਇਕੀ ਦੀ ਪੇਸ਼ਕਾਰੀ ਕਰਨਗੇ। ਇਸ ਦੌਰਾਨ ਬੱਚਿਆਂ ਲਈ ਝੂਲੇ, ਜਾਦੂਗਰ ਸ਼ੋਅ, ਖਾਣ-ਪੀਣ ਦੇ ਸਟਾਲ ਖਿੱਚ ਦਾ ਕੇਂਦਰ ਹੋਣਗੇ ਅਤੇ ਖਟਕੜ ਕਲਾਂ ਵਿਖੇ ਨਵੀਂ ਬਣਾਈ ਜਾਣ ਵਾਲੀ ਹੈਰੀਟੇਜ ਸਟ੍ਰੀਟ ਅਤੇ ਅਪਗ੍ਰੇਡ ਕੀਤੇ ਗਏ ਸ਼ਹੀਦ-ਏ-ਆਜ਼ਮ ਮਿਊਜ਼ੀਅਮ ਦਾ ਵੀ ਉਦਘਾਟਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 28 ਸਤੰਬਰ ਨੂੰ ਜਸਵੀਰ ਜੱਸੀ ਆਪਣੀ ਗਾਇਕੀ ਦੀ ਪੇਸ਼ਕਾਰੀ ਕਰਨਗੇ। ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਵਲੋਂ ਡਾਂਸ ਪ੍ਰੋਗਰਾਮ ਸਮੇਤ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਜੀਵਨੀ ਸਬੰਧੀ ਵਿਸ਼ੇਸ਼ ਪ੍ਰੋਗਰਾਮ ਵੀ ਕਰਵਾਏ ਜਾਣਗੇ। 29 ਸਤੰਬਰ ਨੂੰ ਗੀਤਕਾਰ ਵੀਰ ਸਿੰਘ ਅਤੇ ਸੁਲਤਾਨਾ ਨੂਰਾਂ ਵੱਖ-ਵੱਖ ਸਮੇਂ ਦੌਰਾਨ ਆਪਣੀ ਗਾਇਕੀ ਦੇ ਨਾਲ ਰੰਗ ਬੰਨ੍ਹਣਗੇ। ਇਸ ਤੋਂ ਇਲਾਵਾ ਖੇਡਾਂ, ਫੁੱਲਾਂ ਦੇ ਗੁਲਦਸਤਿਆਂ ਦੀ ਪੇਸ਼ਕਾਰੀ, ਅਕਾਲ ਅਕੈਡਮੀ ਗਤਕਾ, ਪੰਜਾਬੀ ਸੱਭਿਆਚਾਰ ਤੇ ਫੈਸ਼ਨ ਸ਼ੋਅ, ਭੰਗੜਾ ਅਤੇ ਗਿੱਧਾ ਦੀ ਪੇਸ਼ਕਾਰੀ ਵੀ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵਲੋਂ ਕੀਤੀ ਜਾਵੇਗੀ। 30 ਸਤੰਬਰ ਨੂੰ ਸਕੂਲਾਂ ਤੇ ਕਾਲਜਾਂ ਦੇ ਕੁਇਜ਼ ਮੁਕਾਬਲੇ, ਡਾਂਸ ਦੇ ਮੁਕਾਬਲਿਆਂ ਤੋਂ ਇਲਾਵਾ ਪ੍ਰਸਿੱਧ ਕਲਾਕਾਰ ਹਰਭਜਨ ਮਾਨ ਆਪਣੀ ਗੀਤਕਾਰੀ ਪੇਸ਼ ਕਰਨਗੇ। ਇਸ ਮੌਕੇ ਐਸ.ਡੀ.ਐਮ ਬੰਗਾ ਮਨਰੀਤ ਰਾਣਾ, ਪੰਜਾਬ ਗੁਡ ਗਵਰਨਸ ਫੈਲੋ ਸੰਜਨਾ ਸਕਸੈਨਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਗਰੀਬ ਵਿਦਿਆਰਥੀਆਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਸਨ ਪ੍ਰੋਫੈਸਰ ਬੀ ਸੀ ਵਰਮਾ



**ਚੰਡੀਗੜ੍ਹ**,-ਉੱਘੇ ਸਿੱਖਿਆ ਸ਼ਾਸਤਰੀ ਅਤੇ ਕੈਮਿਸਟਰੀ ਦੇ ਪ੍ਰੋਫੈਸਰ ਬੀ.ਸੀ. ਵਰਮਾ ਅੱਜ ਸਵੇਰੇ ਪੀ.ਜੀ.ਆਈ. ਚੰਡੀਗੜ੍ਹ ਵਿਖੇ ਕੁਝ ਦਿਨ ਦਾਖਲ ਰਹਿਣ ਉਪਰੰਤ ਸਵਰਗ ਸਿਧਾਰ ਗਏ। ਨਿਮਰਤਾ ਤੇ ਹਲੀਮੀ ਦੇ ਨਾਲ ਕੁਸ਼ਲ ਪ੍ਰੋਫੈਸਰ ਰਹੇ ਬੀ.ਸੀ. ਵਰਮਾ ਵੱਲੋਂ ਆਪਣੇ ਅਧਿਆਪਨ ਸਮੇਂ ਕੀਤੇ ਨੇਕ ਕੰਮਾਂ ਸਦਕਾ ਪ੍ਰਾਪਤ ਦੁਆਵਾਂ ਦਾ ਹੀ ਫਲ ਹੈ ਕਿ ਉਨ੍ਹਾਂ ਦੇ ਪੁੱਤਰ ਅਨੁਰਾਗ ਵਰਮਾ ਨੂੰ ਪੰਜਾਬ ਦੇ ਮੁੱਖ ਸਕੱਤਰ ਦੇ ਮੁਕਾਮ 'ਤੇ ਪਹੁੰਚੇ। ਪ੍ਰੋ. ਬੀ.ਸੀ. ਵਰਮਾ ਦਾ ਜਨਮ 2 ਅਪ੍ਰੈਲ, 1934 ਨੂੰ ਪਟਿਆਲਾ ਜ਼ਿਲ੍ਹੇ ਦੇ ਪਿੰਡ ਚਲੈਲਾ ਵਿਖੇ ਹੋਇਆ। ਬਚਪਨ ਤੋਂ ਹੀ ਪੜ੍ਹਾਈ ਦੀ ਲਗਨ ਕਾਰਨ ਉਹ ਪਹਿਲਾਂ ਪੈਦਲ ਅਤੇ ਫੇਰ ਸਾਈਕਲ ਉਤੇ 15 ਕਿਲੋਮੀਟਰ ਦੂਰ ਪਟਿਆਲਾ ਸ਼ਹਿਰ ਪੜ੍ਹਨ ਜਾਂਦੇ ਸਨ। ਕੈਮਿਸਟਰੀ ਵਿਸ਼ੇ ਵਿੱਚ ਉੱਚ ਸਿੱਖਿਆ ਹਾਸਲ ਕਰਨ ਤੋਂ ਬਾਅਦ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵਿਖੇ ਕੈਮਿਸਟਰੀ ਦੇ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਈਆਂ। ਆਪਣੇ ਅਧਿਆਪਨ ਦੇ ਕਾਰਜਕਾਲ ਦੌਰਾਨ ਵਰਮਾ ਵਿਦਿਆਰਥੀਆਂ ਵਿੱਚ ਬਹੁਤ ਮਕਬੂਲ ਸਨ। ਅੱਸੀ ਦੇ ਦਹਾਕੇ ਵਿੱਚ ਜਦੋਂ ਟਿਊਸ਼ਨਾਂ ਦਾ ਦੌਰ ਸਿਖਰ ਉੱਤੇ ਸੀ, ਉਦੋਂ ਵਰਮਾ ਨੇ ਕਾਲਜ ਦੀ ਪੜ੍ਹਾਈ ਤੋਂ ਬਾਅਦ ਗਰੀਬ, ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਘਰ ਵਿਖੇ ਮੁਫਤ ਪੜ੍ਹਾ ਕੇ ਜੱਸ ਖੱਟਿਆ। ਉਹ ਅਨੇਕਾਂ ਪਰਵਾਰਾਂ ਦੇ ਬੱਚਿਆਂ ਲਈ ਰਾਹਗੀਰ ਬਣੇ। ਆਪਣੇ ਵਿਦਿਆਰਥੀਆਂ ਦੇ ਅਕਾਦਮਿਕ ਮਾਮਲਿਆਂ ਵਿੱਚ ਹਰ ਤਰ੍ਹਾਂ ਦੀ ਮਦਦ ਕਰਨ ਦੇ ਨਾਲ ਆਪਣੇ ਸਹਾਇਕ ਕਰਮਚਾਰੀਆਂ ਪ੍ਰਤੀ ਵੀ ਸੁਹਿਰਦ ਤੇ ਉਸਾਰੂ ਸੋਚ ਰੱਖਦੇ ਸਨ। ਪ੍ਰੋ. ਬੀ.ਸੀ. ਵਰਮਾ ਦੇ ਪੜ੍ਹਾਏ ਵਿਦਿਆਰਥੀ ਵੱਖ-ਵੱਖ ਖੇਤਰਾਂ ਵਿੱਚ ਉਚ ਅਹੁਦਿਆਂ ਉਤੇ ਪਹੁੰਚੇ ਜਿਨ੍ਹਾਂ ਵਿੱਚ ਸਿਵਲ ਤੇ ਪੁਲਸ ਅਧਿਕਾਰੀ, ਪ੍ਰੋਫੈਸਰ ਅਤੇ ਵੱਡੀ ਗਿਣਤੀ ਵਿੱਚ ਡਾਕਟਰ ਸ਼ਾਮਲ ਹਨ। ਦਿਲ ਦੇ ਰੋਗਾਂ ਦੇ ਮਾਹਰ ਡਾਕਟਰ ਗੁਰਪ੍ਰੀਤ ਸਿੰਘ ਵਾਂਡਰ ਅਕਸਰ ਆਪਣੇ ਸਤਿਕਾਰਯੋਗ ਅਧਿਆਪਕ ਪ੍ਰੋ. ਵਰਮਾ ਨੂੰ ਯਾਦ ਕਰਦੇ ਸਨ। ਪ੍ਰੋ. ਵਰਮਾ ਨੇ ਅਧਿਆਪਨ ਤੋਂ ਇਲਾਵਾ ਬਤੌਰ ਸਿੱਖਿਆ ਪ੍ਰਸ਼ਾਸਕ ਕੁਸ਼ਲ ਸੇਵਾਵਾਂ ਨਿਭਾਈਆਂ। ਆਪ ਸਰਕਾਰੀ ਕਾਲਜ ਪੱਟੀ ਅਤੇ ਸਰਕਾਰੀ ਸਪੋਰਟਸ ਕਾਲਜ ਜਲੰਧਰ ਦੇ ਪ੍ਰਿੰਸੀਪਲ ਰਹਿਣ ਉਪਰੰਤ ਡੀ.ਪੀ.ਆਈ. ਕਾਲਜਾਂ ਵਿਖੇ ਬਤੌਰ ਡਿਪਟੀ ਡਾਇਰੈਕਟਰ ਵਜੋਂ ਸੇਵਾ-ਮੁਕਤ ਹੋਏ। ਪ੍ਰੋ. ਬੀ.ਸੀ. ਵਰਮਾ ਦੇ ਧਰਮ ਪਤਨੀ ਵੀ ਅਧਿਆਪਕਾ ਸਨ ਅਤੇ ਉਨ੍ਹਾਂ ਦਾ ਇਕ ਪੁੱਤਰ ਅਨੁਰਾਗ ਵਰਮਾ ਇਸ ਵੇਲੇ ਪੰਜਾਬ ਦੇ ਮੁੱਖ ਸਕੱਤਰ ਅਤੇ ਦੂਜੇ ਪੁੱਤਰ ਅਸ਼ੀਸ਼ ਵਰਮਾ ਐਡਵੋਕੇਟ ਹਨ।

# ਲਾਇਲਪੁਰ ਖ਼ਾਲਸਾ ਕਾਲਜ 'ਚ ਵਿਸ਼ਵ ਓਜ਼ੋਨ ਦਿਵਸ 'ਤੇ ਅੰਤਰ ਕਾਲਜ ਮੁਕਾਬਲਾ



**ਜਲੰਧਰ( ਸ਼ੈਲੀ ਐਲਬਰਟ)**-ਉੱਤਰੀ ਭਾਰਤ ਦੀ ਸਿਰਮੌਰ ਸੰਸਥਾ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਅਜਿਹੀ ਸੰਸਥਾ ਹੈ ਜਿਸ ਨੇ ਆਪਣੀਆਂ ਪਰੰਪਰਾਗਤ ਕਦਰਾਂ ਕੀਮਤਾਂ ਨੂੰ ਅਜੇ ਵੀ ਸੰਭਾਲਿਆ ਹੈ। ਇਹ ਸੰਸਥਾ ਵਾਤਾਵਰਨ ਨਾਲ ਜੁੜੇ ਕਈ ਪੱਖਾਂ ਨਾਲ ਬਾਵਸਤਾ ਹੈ, ਜਿਵੇਂ ਕਿ ਗਲੋਬਲ ਪੱਧਰ 'ਤੇ ਵਧ ਰਹੇ ਤਾਪਮਾਨ, ਮੌਸਮੀ ਤਬਦੀਲੀ, ਓਜ਼ੋਨ ਪਰਤ ਦਾ ਪੇਤਲਾ ਪੈਣਾ ਅਤੇ ਤੇਜ਼ਾਬੀ ਬਾਰਿਸ਼ ਆਦਿ। ਇਸ ਸੰਦਰਭ ਵਿਚ ਭੂਗੋਲਿਕ ਅਤੇ ਵਾਤਾਵਰਨਣ ਵਿਗਿਆਨ ਵਿਭਾਗਾਂ ਨੇ ਵਿਸ਼ਵ ਓਜ਼ੋਨ ਦਿਵਸ ਦੇ ਰੂਪ ਵਿਚ ਮਨਾਉਣ ਦੀ ਟੀਚਾ ਮਿੱਥਿਆ ਹੈ ਤਾਂ ਕਿ ਆਮ ਲੋਕਾਂ ਵਿਚ ਓਜ਼ੋਨ ਪਰਤ ਦੀ ਅਹਿਮੀਅਤ ਤੋਂ ਜਾਣੂ ਕਰਵਾਇਆ ਜਾ ਸਕੇ। ਇਸ ਪ੍ਰੋਗਰਾਮ ਦੀ ਸ਼ੁਰੂਆਤ ਖਿੱਤੇ ਦੇ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਤੋਂ ਰਜਿਸਟਰੇਸ਼ਨ ਕਰਵਾ ਕੇ ਕੀਤੀ ਗਈ। ਇਸ ਵਿਚ 120 ਤੋਂ ਜ਼ਿਆਦਾ ਵਿਦਿਆਰਥੀਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਵਿਚ ਕਾਲਜ ਦੇ ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ, ਜਿਨ੍ਹਾਂ ਦਾ ਸਵਾਗਤ ਡਾ. ਪੂਜਾ ਰਾਣਾ ਮੁਖੀ ਭੂਗੋਲ ਵਿਭਾਗ ਨੇ ਫੁੱਲਾਂ ਦਾ ਗੁਲਦਸਤਾ ਦੇ ਕੇ ਕੀਤਾ। ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਕਿਹਾ ਕਿ ਓਜ਼ੋਨ ਪਰਤ ਨੂੰ ਬਚਾਉਣ ਲਈ ਕਲੋਰੋਫਲੋਰੋ ਕਾਰਬਨ ਦੇ ਇਸਤੇਮਾਲ ਨੂੰ ਤਰਤੀਬਵਾਰ ਘਟਾਉਣ ਲਈ ਯਤਨ ਕਰਨੇ ਚਾਹੀਦੇ ਹਨ। ਵਾਤਾਵਰਣ ਪ੍ਰੇਮੀਆਂ, ਭੂਗੋਲ ਸ਼ਾਸਤਰੀਆਂ, ਅਕਾਦਮਿਕ ਵਿਦਵਾਨ ਅਤੇ ਵਿਦਿਆਰਥੀਆਂ ਦੇ ਸਾਂਝੇ ਯਤਨ ਇਸ ਸੰਬੰਧੀ ਆਮ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਵਿਚ ਵੱਡਾ ਯੋਗਦਾਨ ਪਾ ਸਕਦੇ ਹਨ।ਡਾ. ਜਸਵਿੰਦਰ ਕੌਰ ਮੁਖੀ ਇਨਵਾਇਰਨਮੈਂਟਲ ਸਾਇੰਸ ਵਿਭਾਗ ਨੇ ਓਜ਼ੋਨ ਪਰਤ ਦੁਆਰਾ ਵਾਤਾਵਰਣ ਨੂੰ ਹਾਨੀਕਾਰਕ ਪਰਾਵੈਂਗਣੀ ਕਿਰਨਾਂ ਤੋਂ ਬਚਾਅ ਦੀ ਅਹਿਮੀਅਤ ਬਾਰੇ ਦੱਸਿਆ। ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ ਅਤੇ ਮਾਡਲ ਬਣਾਉਣ ਦੇ ਹੇਠ ਲਿਖੇ ਵਿਸ਼ਿਆਂ ਨੂੰ ਲੈ ਕੇ ਮੁਕਾਬਲਿਆਂ 'ਚ ਭਾਗ ਲਿਆ। ਪੋਸਟਰ ਮੇਕਿੰਗ : ਵਿਸ਼ਵ ਓਜ਼ੋਨ ਦਿਵਸ ਸਲੋਗਨ ਰਾਈਟਿੰਗ : ਓਜ਼ੋਨ ਸੰਭਾਲ ਅਤੇ ਵਿਸ਼ਵ ਮੌਸਮੀ ਤਬਦੀਲੀ।ਮਾਡਲ ਮੇਕਿੰਗ : ਵਾਤਾਵਰਨ ਅਤੇ ਭੂਗੋਲ ਨਾਲ ਸੰਬੰਧਤ ਵਿਸ਼ੇ।ਜੱਜ ਦੀ ਭੂਮਿਕਾ ਡਾ. ਦਲਜੀਤ ਸਿੰਘ ਮੁਖੀ ਭੂਗੋਲ ਵਿਭਾਗ, ਦੁਆਬਾ ਕਾਲਜ, ਜਲੰਧਰ ਅਤੇ ਪ੍ਰੋ. ਮ੍ਰਿਦੁਲ ਕਾਲੀਆ, ਆਰ.ਕੇ. ਆਰੀਆ ਕਾਲਜ ਨਵਾਂਸ਼ਹਿਰ ਵਲੋਂ ਨਿਭਾਈ ਗਈ। ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਸਾਰੇ ਭਾਗੀਦਾਰਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਆ ਗਿਆ। ਅੱਵਲ ਆਉਣ ਵਾਲੇ ਜੇਤੂਆਂ ਨੂੰ ਇਨਾਮ ਵੰਡੇ ਗਏ:ਪੋਸਟਰ ਮੇਕਿੰਗ: ਰੋਹਨ, ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ, ਸ਼ਵੇਤਾ, ਸਰਕਾਰੀ ਕਾਲਜ, ਬੂਟਾ ਮੰਡੀ, ਜਲੰਧਰ, ਮਨਪ੍ਰੀਤ, ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ। ਸਲੋਗਨ ਰਾਈਟਿੰਗ ਬਿਪਾਸ਼ਾ ਦੋਆਬਾ ਕਾਲਜ, ਜਲੰਧਰ, ਮਨਪ੍ਰੀਤ, ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ, ਭਾਵਨਾ, ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ। ਮਾਡਲ ਮੇਕਿੰਗ ਸਿਮਰਨਜੀਤ ਕੌਰ, ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ, ਹਰਮਨਜੀਤ ਸਿੰਘ ਅਤੇ ਪਾਰਥ ਠਾਕੁਰ, ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ, ਤਾਰਕ ਮਦਾਨ, ਸਰਕਾਰੀ ਕਾਲਜ, ਹੁਸ਼ਿਆਰਪੁਰ। ਅੰਤ ਵਿਚ ਸਾਰਿਆਂ ਨੇ ਪ੍ਰਣ ਲਿਆ ਕਿ ਉਨ੍ਹਾਂ ਸਾਰੀਆਂ ਹੀ ਵਸਤੂਆਂ ਦਾ ਉਪਯੋਗ ਬੰਦ ਕਰਨਗੇ ਜਿਨ੍ਹਾਂ ਕਰਕੇ ਓਜ਼ੋਨ ਪਰਤ ਨਸ਼ਟ ਹੋ ਰਹੀ ਹੈ।ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਮੁਖੀ ਸਾਹਿਬਾਨ, ਅਧਿਆਪਕ ਅਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੇ ਅੰਤ ਵਿਚ ਡਾ. ਪੂਜਾ ਰਾਣਾ ਮੁਖੀ ਭੂਗੋਲ ਵਿਭਾਗ ਨੇ ਆਏ ਹੋਏ ਪ੍ਰਤਿਭਾਗੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

# ਭਾਈ ਘਨੱਈਆ ਦੀ ਬਰਸੀ ਮਾਨਵਤਾ ਸੇਵਾ ਦੇ ਰੂਪ 'ਚ ਮਨਾਈ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਭਾਈ ਘਨੱਈਆ ਜੀ ਵੈਲਫੇਅਰ ਸੁਸਾਇਟੀ (ਰਜਿ.) ਵਲੋਂ ਭਾਈ ਘਨੱਈਆ ਜੀ 'ਤੇ ਇਕ ਸੈਮੀਨਾਰ ਦਾ ਆਯੋਜਨ ਪ੍ਰਧਾਨ ਜਗਮੀਤ ਸਿੰਘ ਸੇਠੀ ਦੀ ਪ੍ਰਧਾਨਗੀ ਵਿੱਚ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਸ਼ੇਰਗੜ੍ਹ ਵਿਖੇ ਕੀਤਾ। ਇਸ ਮੌਕੇ ਪ੍ਰਧਾਨ ਸੇਠੀ ਨੇ ਭਾਈ ਘਨੱਈਆ ਜੀ ਦੀ ਬਰਸੀ 'ਤੇ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਦੁਆਰਾ ਕੀਤੀ ਗਈ ਮਾਨਵਤਾ ਸੇਵਾ ਅਤੇ ਮਾਨਵ ਕਲਿਆਣ ਦੇ ਕੰਮਾਂ 'ਤੇ ਵਿਚਾਰ ਪ੍ਰਗਟ ਕੀਤੇ ਗਏ।

ਇਸ ਮੌਕੇ ਬਹਾਦੁਰ ਸਿੰਘ ਸੁਨੇਤ ਨੇ ਖੂਨਦਾਨ ਲਈ ਅਤੇ ਬਲਜੀਤ ਸਿੰਘ ਨੇ ਨੇਤਰਦਾਨ ਲਈ ਬੱਚਿਆਂ ਅਤੇ ਸਟਾਫ ਨੂੰ ਜਾਗਰੂਕ ਕੀਤਾ।

ਸਕੂਲ ਪ੍ਰਿੰਸੀਪਲ ਰਾਜਨ ਅਰੋੜਾ ਨੇ ਆਏ ਹੋਏ ਸਾਰੇ ਮੈਂਬਰਾਂ ਦਾ ਸਕੂਲ ਵਲੋਂ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਮਨੋਜ ਦੱਤਾ ਨੇ ਨਿਭਾਇਆ। ਇਸ ਮੌਕੇ ਸੰਸਥਾ ਵਲੋਂ ਸਕੂਲ ਪ੍ਰਿੰਸੀਪਲ ਰਾਜਨ ਅਰੋੜਾ ਨੂੰ ਯਾਦਗਾਰੀ ਚਿੰਨ੍ਹ ਦਿੱਤਾ ਗਿਆ।

ਇਸ ਸਮਾਗਮ ਵਿੱਚ ਪ੍ਰੋ.ਦਲਜੀਤ ਸਿੰਘ, ਮਾਸਟਰ ਗੁਰਪ੍ਰੀਤ ਸਿੰਘ, ਜਸਵੀਰ ਸਿੰਘ, ਜਤਿੰਦਰ ਕੌਰ, ਰਚਨਾ ਕੌਰ, ਕਿਸ਼ਨ ਗੋਪਾਲ ਅਤੇ ਸਕੂਲ ਸਟਾਫ ਮੌਜੂਦ ਸੀ।

# ਝੰਡੇਰਾਂ ਦੀਆਂ ਦੌੜਾਕ ਭੈਣਾਂ ਨੇ ਜਿੱਤੇ ਮੈਡਲ



**ਬਹਿਰਾਮ (ਅਵਤਾਰ ਕਲੇਰ)**-ਉੱਡਣ ਪਰੀਆਂ ਦੇ ਨਾਂਅ ਨਾਲ ਜਾਣੀਆਂ ਜਾਂਦੀਆਂ ਪਿੰਡ ਝੰਡੇਰਾਂ ਦੀਆਂ ਦੌੜਾਕ ਭੈਣਾਂ ਇੱਕ ਵਾਰ ਸੂਬਾਈ ਖੇਡ ਮੁਕਾਬਲਿਆਂ ਵਿੱਚ ਮੈਡਲ ਹਾਸਲ ਕਰਕੇ ਖੇਡ ਕਲਾ ਦਾ ਸ਼ਾਨਦਾਰ ਮੁਜ਼ਾਹਰਾ ਕੀਤਾ ਹੈ। ਉਨ੍ਹਾਂ ਇਹ ਪ੍ਰਾਪਤੀ ਸੰਗਰੂਰ ਵਿਖੇ ਹੋਈ 98ਵੀਂ ਓਪਨ ਪੰਜਾਬ ਜੂਨੀਅਰ/ਸੀਨੀਅਰ ਅਥਲੈਟਿਕਸ ਚੈਂਪੀਅਨਸ਼ਿਪ-2023 ਦੌਰਾਨ ਕੀਤੀ। ਇਨ੍ਹਾਂ ਵਿੱਚ ਇੰਦਰਜੋਤ ਕੌਰ ਨੇ 1500 ਅਤੇ 800 ਮੀਟਰ ਅੰਡਰ-18 ਦੌੜ ਮੁਕਾਬਲੇ ਵਿੱਚ ਗੋਲਡ ਮੈਡਲ ਹਾਸਲ ਕੀਤਾ। ਇਵੇਂ 800 ਮੀਟਰ ਦੇ ਅੰਡਰ-20 ਤਹਿਤ ਹੋਏ ਬ੍ਰਹਮਜੋਤ ਕੌਰ ਸਿਲਵਰ ਮੈਡਲ ਜਿੱਤਿਆ ਅਤੇ 3 ਕਿਲੋਮੀਟਰ ਸਟੀਪਲ ਚੇਜ਼ ਦੌੜ 'ਚ ਵੀ ਸਿਲਵਰ ਮੈਡਲ ਹਾਸਲ ਕੀਤਾ। ਦੱਸਣਯੋਗ ਹੈ ਕਿ ਇਸ ਵਾਰ ਭਾਰਤ ਸਰਕਾਰ ਦੇ ਖੇਡ ਵਿਭਾਗ ਵਲੋਂ ਪਹਿਲੀ ਖੇਲੋ ਇੰਡੀਆ ਵੋਮੇਨ ਲੀਗ 'ਚ ਇੰਦਰਜੋਤ ਕੌਰ ਨੂੰ 3 ਕਿਲੋਮੀਟਰ ਦੌੜ 'ਚ ਕਾਂਸੀ ਦਾ ਤਗਮਾ ਹਾਸਲ ਕਰਨ ਦਾ ਮਾਣ ਮਿਲਿਆ। ਇਨ੍ਹਾਂ ਦੌੜਾਕ ਭੈਣਾਂ ਦੀ ਇਸ ਪ੍ਰਾਪਤੀ 'ਤੇ ਉਨ੍ਹਾਂ ਦੇ ਕੋਚ ਮਲਕੀਤ ਸਿੰਘ ਗੋਸਲ ਅਤੇ ਕੋਚ ਲਵਪ੍ਰੀਤ ਕੌਰ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਨ੍ਹਾਂ ਹੋਣਹਾਰ ਖਿਡਾਰਨਾਂ ਤੋਂ ਭਵਿੱਖ ਵਿੱਚ ਹੋਰ ਵੱਡੇ ਪੱਧਰ 'ਤੇ ਜਿੱਤਾਂ ਦੀ ਆਸ ਹੈ। ਇਨ੍ਹਾਂ ਦੌੜਾਕ ਭੈਣਾਂ ਅਤੇ ਉਨ੍ਹਾਂ ਦੇ ਪਿਤਾ ਜਸਵਿੰਦਰ ਸਿੰਘ ਗਿੱਲ ਨੂੰ ਸ਼ੁੱਭਕਾਮਨਾਵਾਂ ਭੇਜਣ ਵਾਲਿਆਂ ਵਿੱਚ ਗੁਰਦੀਪ ਸਿੰਘ ਬਿੱਲਾ ਕੈਨੇਡਾ, ਜਸਵੀਰ ਸਿੰਘ ਕੈਨੇਡਾ, ਮਨਜੀਤ ਸਿੰਘ ਢੀਂਡਸਾ ਕੈਨੇਡਾ, ਕਾਲਾ ਕੈਨੇਡਾ, ਸੋਨੂੰ ਪਾਣੀਪਤ, ਹੈਪੀ ਪਾਨੀਪਤ, ਸੋਨੀ ਭਾਟੀਆ, ਇਰਵਨ ਰੱਤੂ, ਪ੍ਰਗਣ ਸਿੰਘ ਝੰਡੇਰਾਂ, ਬਾਬਾ ਰਾਜਿੰਦਰ ਸਿੰਘ, ਬੀਬੀ ਬਲਜਿੰਦਰ ਕੌਰ, ਅਮਨ ਥਾਂਦੀ ਆਦਿ ਸ਼ਾਮਲ ਹਨ।

# ਪਧਿਆਣਾ ਵਿਖੇ ਬਾਬਾ ਚੰਨੀ ਸ਼ਾਹ ਦੀ ਯਾਦ 'ਚ ਸਾਲਾਨਾ ਜੋੜ ਮੇਲਾ ਭਲਕੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਪਧਿਆਣਾ ਵਿਖੇ ਦਰਬਾਰ ਪੀਰ ਬਾਬਾ ਬੱਦੇ ਸ਼ਾਹ ਜੀ ਦੀ ਮਜ਼ਾਰ 'ਤੇ ਉਨ੍ਹਾਂ ਦੇ ਪਰਮ ਸੇਵਕ ਬਾਬਾ ਚੰਨੀ ਦੀ ਯਾਦ ਵਿੱਚ ਸਾਲਾਨਾ ਜੋੜ ਮੇਲਾ 21 ਸਤੰਬਰ ਨੂੰ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਰਵਿੰਦਰ ਸਿੰਘ ਹੈਪੀ ਪਧਿਆਣਾ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ। ਅਮਰਜੀਤ ਸਿੰਘ ਪਧਿਆਣਾ ਨੇ ਦੱਸਿਆ ਕਿ 20 ਸਤੰਬਰ ਨੂੰ ਚਿਰਾਗ, ਚਾਦਰ ਅਤੇ ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਜਾਵੇਗੀ। 21 ਸਤੰਬਰ ਨੂੰ ਪੰਜਾਬ ਦੇ ਨਾਮਵਰ ਕਲਾਕਾਰ ਜਿਕਰ ਹੁਸੈਨ ਕਵਾਲ ਪਾਰਟੀ, ਮਿੱਟੂ ਹੇਆਰਾ ਵਾਲਾ, ਦਰਸ਼ਨ ਲੱਖੇ ਵਾਲਾ, ਇਸੂ ਨਕਾਲ ਪਾਰਟੀ ਨਵਾਂਸ਼ਹਿਰ ਕੁਲਦੀਪ ਕੋਟਲਾ ਸਟੇਜ ਸਕੱਤਰ ਆਦਿ ਕਲਾਕਾਰ ਪੀਰਾਂ ਦੀ ਮਹਿਫਲ ਸਜਾਉਣਗੇ।



# ਪਹਿਲਵਾਨ ਤੇਜਸ ਡਡਵਾਲ ਨੇ ਰਾਜ ਪੱਧਰੀ ਅੰਤਰ ਜ਼ਿਲ੍ਹਾ ਕੁਸ਼ਤੀ ਮੁਕਾਬਲੇ 'ਚ ਜਿੱਤਿਆ ਸਿਲਵਰ ਮੈਡਲ



**ਫਗਵਾੜਾ (ਇੰਦਰਜੀਤ ਸਿੰਘ ਮਠਾੜੂ, ਜਸਵਿੰਦਰ ਢੱਡਾ )** ਫਗਵਾੜਾ ਦੇ ਪਹਿਲਵਾਨ ਤੇਜਸ ਡਡਵਾਲ ਨੇ ਅੰਮ੍ਰਿਤਸਰ ਵਿਖੇ ਕਰਵਾਏ ਗਏ 67ਵੇਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਫਰੀ ਸਟਾਈਲ ਕੁਸ਼ਤੀ ਮੁਕਾਬਲੇ ਵਿਚ ਸਿਲਵਰ ਮੈਡਲ ਹਾਸਲ ਕੀਤਾ ਹੈ। ਇੱਥੇ ਗੱਲਬਾਤ ਕਰਦਿਆਂ ਤੇਜਸ ਡਡਵਾਲ ਦੇ ਪਿਤਾ ਵਿਸਾਨ ਨੰਨਾ ਡਡਵਾਲ ਅਤੇ ਕੋਚ ਜਤਿਨ ਸ਼ੁਕਲਾ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਗੋਲ ਬਾਗ ਕੁਸ਼ਤੀ ਸਟੇਡੀਅਮ ਵਿਖੇ ਹੋਏ 65 ਕਿਲੋਗ੍ਰਾਮ ਭਾਰ ਵਰਗ (ਅੰਡਰ-17) ਫਰੀ ਸਟਾਈਲ ਕੁਸ਼ਤੀ ਵਿਚ ਇਹ ਉਪਲਬੱਧੀ ਹਾਸਲ ਕੀਤੀ ਹੈ। ਕੋਚ ਜਤਿਨ ਸ਼ੁਕਲਾ ਨੇ ਕਿਹਾ ਕਿ ਤੇਜਸ ਡਡਵਾਲ ਬਹੁਤ ਹੀ ਹੋਣਹਾਰ ਪਹਿਲਵਾਨ ਹੈ। ਉਸਨੇ ਉਕਤ ਮੁਕਾਬਲੇ ਵਿਚ ਸਿਵਲ ਮੈਡਲ ਹਾਸਲ ਕਰਕੇ ਫਗਵਾੜਾ ਦਾ ਨਾਂਅ ਚਮਕਾਇਆ ਹੈ ਅਤੇ ਨੇੜਲੇ ਭਵਿੱਖ ਵਿਚ ਹੋਰ ਵੱਡੀਆਂ ਪ੍ਰਾਪਤੀਆਂ ਕਰਦੇ ਹੋਏ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਅਤੇ ਦੇਸ਼ ਦਾ ਨਾਂਅ ਰੌਸ਼ਨ ਕਰੇਗਾ। ਇਸ ਮੌਕੇ ਰਾਮ ਗੋਪਾਲ ਡੀ.ਪੀ., ਰਣਜੀਤ ਸਿੰਘ ਡੀ.ਪੀ., ਸਾਬਕਾ ਨੈਸ਼ਨਲ ਕੁਸਤੀ ਕੋਚ ਪੀ.ਆਰ. ਸੌਂਧੀ, ਸਾਬਕਾ ਅੰਤਰਰਾਸ਼ਟਰੀ ਕੁਸ਼ਤੀ ਕੋਚ ਰਵਿੰਦਰ ਨਾਥ, ਅੰਤਰਰਾਸ਼ਟਰੀ ਕੁਸ਼ਤੀ ਕੋਚ ਅਮਰੀਕ ਸਿੰਘ ਤੋਂ ਇਲਾਵਾ ਅਮਨਦੀਪ ਸੌਂਧੀ, ਸਰਬਜੀਤ ਸੱਬਾ ਸੰਘਾ, ਸੋਨੂੰ ਭਨੋਟ, ਬਲਵੀਰ ਕੁਮਾਰ, ਬਾਗਲਾ, ਸੁਨੀਲ ਡਡਵਾਲ, ਕੇ.ਐਸ. ਡਡਵਾਲ, ਸੰਮੀ ਪਹਿਲਵਾਨ, ਮੰਨਤ ਡਡਵਾਲ ਅਤੇ ਪ੍ਰਿੰਸੀਪਲ ਅਨੁ ਮਹਿਤਾ ਸਵਾਮੀ ਸੰਤ ਦਾਸ ਪਬਲਿਕ ਸਕੂਲ ਨੇ ਵੀ ਤੇਜਸ ਡਡਵਾਲ ਨੂੰ ਆਪਣੀਆਂ ਸ਼ੁੱਭ ਇੱਛਾਵਾਂ ਦਿੰਦਿਆਂ ਉਸਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਜਨਮ ਦਿਨ ਮੁਬਾਰਕ


ਸਹਾਨ (ਮੇਹਟੀਆਣਾ)


ਅਗਮਜੋਤ ਕੌਰ (ਮੁਹਾਲੀ)

## ਵਰ੍ਹੇਗੰਢ ਮੁਬਾਰਕ


ਜੋਬਨ ਕੁੰਡਲ ਅਤੇ ਹੀਨਾ ਵਾਸੀ ਬਟਾਲਾ ਨੇ ਆਪਣੇ ਵਿਆਹ ਦੀ ਦੂਜੀ ਵਰ੍ਹੇਗੰਢ ਮਨਾਈ।


ਯਸ਼ਪਾਲ ਅਤੇ ਰੁਪਿੰਦਰ ਕੌਰ ਵਾਸੀ ਚੱਕਰੀ ਮੁਹੱਲਾ (ਕਲਾਨੌਰ) ਨੇ ਵਿਆਹ ਦੀ 41ਵੀਂ ਵਰ੍ਹੇਗੰਢ ਮਨਾਈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਧਾਰਮਿਕ ਸਮਾਗਮ




**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**- ਨਿਰਮਲ ਕੁਟੀਆ ਜਨਮ ਅਸਥਾਨ ਬ੍ਰਹਮਲੀਨ ਸੰਤ ਬਾਬਾ ਦਲੇਲ ਸਿੰਘ ਪਿੰਡ ਟੂਟੋਮਜਾਰਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮ ਇਸ ਅਸਥਾਨ ਦੇ ਮੁੱਖ ਸੰਚਾਲਕ ਸੰਤ ਬਾਬਾ ਮੱਖਣ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਸੰਤ ਬਾਬਾ ਬਲਬੀਰ ਸਿੰਘ ਸ਼ਾਸਤਰੀ ਦੀ ਦੇਖ ਰੇਖ ਹੇਠ ਹੋਇਆ। ਸਭ ਤੋਂ ਪਹਿਲਾਂ ਪਾਠ ਦੇ ਭੋਗ ਪਾਏ ਗਏ। ਉਪਰੰਤ ਸੰਤ ਸ਼ਾਸਤਰੀ ਨੇ ਕਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਰਬ ਸਾਂਝੀਵਾਲਤਾ ਦਾ ਉਪਦੇਸ਼ ਮਿਲਦਾ ਹੈ, ਜਿਸ ਉੱਤੇ ਚੱਲ ਕੇ ਸਮੁੱਚੀ ਮਾਨਵਤਾ ਦਾ ਭਲਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨਾਂ ਨੇ ਸਰਬੱਤ ਦੇ ਭਲੇ ਲਈ 'ਧੁਰ ਕੀ ਬਾਣੀ' ਨੂੰ ਉਜਾਗਰ ਕਰਕੇ ਸਮੁੱਚੇ ਸੰਸਾਰ ਨੂੰ ਨਵੀਂ ਸੇਧ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਾਨੂੰ ਇੱਕ ਪ੍ਰਭੂ ਦੇ ਲੜ ਲੱਗਣ, ਹਰ ਤਰ੍ਹਾਂ ਦੇ ਨਸ਼ਿਆਂ ਦਾ ਤਿਆਗ ਕਰਨ, ਸੱਚਾਈ ਦੇ ਰਸਤੇ 'ਤੇ ਚੱਲਣ ਅਤੇ ਸੇਵਾ ਸਿਮਰਨ ਤੇ ਪਰਉਪਕਾਰੀ ਜ਼ਿੰਦਗੀ ਜਿਉਣ ਦਾ ਸੰਦੇਸ਼ ਦਿੰਦੀ ਹੈ। ਬਾਬਾ ਮੱਖਣ ਸਿੰਘ ਨੇ ਸੰਗਤਾਂ ਨੂੰ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਵਾਉਂਦਿਆਂ ਉਸ ਅਕਾਲ ਪੁਰਖ ਦੇ ਚਰਨਾਂ ਨਾਲ ਜੋੜਿਆ, ਜੋ ਇਸ ਬ੍ਰਹਿਮੰਡ ਦੇ ਕਣ ਕਣ ਵਿੱਚ ਮੌਜੂਦ ਹੈ। ਉਨ੍ਹਾਂ ਨੇ ਦੱਸਿਆ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ 555ਵੇਂ ਪ੍ਰਕਾਸ਼ ਪੁਰਬ ਅਤੇ ਮਹਾਂਪੁਰਸ਼ਾਂ ਦੀ ਸਾਲਾਨਾ ਯਾਦ ਦੇ ਸਬੰਧ ਵਿੱਚ ਨਿਰਮਲ ਕੁਟੀਆ ਟੂਟੋਮਜ਼ਾਰੇ ਦੀਆ ਮਾਈਆਂ, ਬੱਚੀਆਂ ਅਤੇ ਬੀਬੀਆਂ ਵੱਲੋਂ 41 ਦਿਨ ਦੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਪ ਤਪ ਸਮਾਗਮ 21 ਸਤੰਬਰ ਨੂੰ ਆਰੰਭ ਕੀਤੇ ਜਾ ਰਹੇ ਹਨ ਜਿਨ੍ਹਾਂ ਦੇ ਭੋਗ 31 ਅਕਤੂਬਰ ਨੂੰ ਪਾਏ ਜਾਣਗੇ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਨ ਦਾ ਸਮਾਂ ਸਵੇਰੇ 10:00 ਵਜੇ ਤੋਂ ਦੁਪਹਿਰ 1 ਵਜੇ ਤੱਕ ਹੋਵੇਗਾ।

# ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ 'ਚ ਨਵੇਂ ਸੈਸ਼ਨ ਦੇ ਵਿਦਿਆਰਥੀਆਂ ਦਾ ਸਵਾਗਤ ਸਮਾਰੋਹ




**ਜਲੰਧਰ ( ਸ਼ੈਲੀ ਐਲਬਰਟ)**-ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ, ਜਲੰਧਰ ਨੇ ਬੀ.ਐੱਡ. ਸੈਸ਼ਨ (2023-2025) ਦੇ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਅਤੇ ਸਰਵ ਸ਼ਕਤੀਮਾਨ ਦੀਆਂ ਅਸੀਸਾਂ ਲੈਣ ਲਈ ਇੱਕ ਪ੍ਰਾਰਥਨਾ ਸਮਾਰੋਹ ਦਾ ਆਯੋਜਨ ਕੀਤਾ। ਇਸ ਤੋਂ ਬਾਅਦ ਓਰੀਐਂਟੇਸ਼ਨ ਪ੍ਰੋਗਰਾਮ 'ਚ ਨਵੇਂ ਦਾਖਲਿਆਂ ਨੂੰ ਬੀ.ਐੱਡ. ਦੇ ਨਿਯਮਾਂ ਅਤੇ ਪਾਠਕ੍ਰਮ ਤੋਂ ਜਾਣੂ ਕਰਵਾਇਆ ਗਿਆ। ਪ੍ਰਿੰਸੀਪਲ ਡਾ. ਅਰਜਿੰਦਰ ਸਿੰਘ ਨੇ ਨਵੇਂ ਆਏ ਵਿਦਿਆਰਥੀਆਂ ਨੂੰ ਜੀ ਆਇਆਂ ਕਹਿੰਦਿਆਂ ਕਾਲਜ ਗਵਰਨਿੰਗ ਬਾਡੀ, ਕਾਲਜ ਦੇ ਸ਼ਾਨਮੱਤੇ ਇਤਿਹਾਸ ਬਾਰੇ ਜਾਣੂੰ ਕਰਵਾਇਆ ਅਤੇ ਕਾਲਜ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਸੈੱਲਾਂ ਅਤੇ ਕਮੇਟੀਆਂ ਬਾਰੇ ਜਾਣੂੰ ਕਰਵਾਇਆ। ।ਉਨ੍ਹਾਂ ਨੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਨਾਲ ਫੈਕਲਿਟੀ ਮੈਂਬਰਾਂ ਦੀ ਜਾਣ-ਪਛਾਣ ਕਰਵਾਈ ਅਤੇ ਬੀ.ਐੱਡ ਦੀ ਦੋ ਸਾਲਾ ਪੜ੍ਹਾਈ ਦੀ ਸਕੀਮ ਬਾਰੇ ਵੀ ਚਰਚਾ ਕੀਤੀ। ਸਹਾਇਕ ਪ੍ਰੋਫੈਸਰ ਤਰੁਣਜਯੋਤੀ ਕੌਰ ਨੇ ਵਿਦਿਆਰਥੀਆਂ ਨੂੰ ਕਾਲਜ ਦੇ ਸਿਸਟਾਚਾਰ ਅਤੇ ਸਹਿ-ਪਾਠਕ੍ਰਮ ਅਤੇ ਐੱਨ ਐੱਸ ਐੱਸ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਫੈਕਲਿਟੀ ਮੈਂਬਰਾਂ ਨੇ ਵਿਦਿਆਰਥੀ-ਅਧਿਆਪਕਾਂ ਨੂੰ ਪੂਰੀ ਲਗਨ ਅਤੇ ਵਚਨਬੱਧਤਾ ਨਾਲ ਸਫਲਤਾ ਦੇ ਟੀਚੇ ਨੂੰ ਪੂਰਾ ਕਰਨ ਲਈ ਪ੍ਰੇਰਿਤ ਕੀਤਾ।

# ਮਨੁੱਖ ਦੇ ਅੰਦਰ ਹੀ ਅੱਲ੍ਹਾ ਦਾ ਵਾਸ ਹੈ-ਸਾਈਂ ਕਾਦਰੀ



**ਮੇਹਲੀ (ਗੁਰਨਾਮ)**:—ਆਪਣੇ ਆਪ ਨੂੰ ਜਾਨਣ ਨਾਲ ਹੀ ਆਨੰਦਮਈ ਜੀਵਨ ਦੀ ਪ੍ਰਾਪਤੀ ਹੁੰਦੀ ਹੈ। ਜਿਸ ਦਿਨ ਮਨੁੱਖ ਖੁਦ ਨੂੰ ਜਾਣ ਲੈਂਦਾ ਹੈ, ਉਸ ਦਿਨ ਉਹ ਮਨੁੱਖ ਸੁੱਖ-ਦੁੱਖ ਹਾਨੀ, ਲਾਭ ਅਤੇ ਜੀਵਨ ਮਰਨ ਦੇ ਚੱਕਰਾਂ ਤੋਂ ਮੁਕਤ ਹੋ ਜਾਂਦਾ ਹੈ। ਇਹਨਾਂ ਅਨਮੋਲ ਪ੍ਰਵਚਨਾਂ ਦਾ ਪ੍ਰਗਟਾਵਾ ਰੋਜ਼ਾ ਸ਼ਰੀਫ ਮੰਢਾਲੀ ਦੇ ਗੱਦੀਨਸ਼ੀਨ ਸਾਈ ਉਮਰੇ ਸ਼ਾਹ ਕਾਦਰੀ ਨੇ ਇਕੱਠੀਆਂ ਹੋਈਆਂ ਸੰਗਤਾਂ ਨੂੰ ਉਪਦੇਸ਼ ਦਿੰਦਿਆਂ ਕੀਤਾ। ਸਾਈਂ ਜੀ ਨੇ ਅੱਗੇ ਕਿਹਾ ਕਿ ਮਨੁੱਖ ਦੇ ਅੰਦਰ ਹੀ ਅੱਲਾ ਦਾ ਵਾਸ ਹੈ। ਅੱਲਾ ਤਾਲਾ ਦੀ ਬੰਦਗੀ ਤੋਂ ਬਿਨਾਂ ਮਨੁੱਖ ਦਾ ਪਾਰ ਉਤਾਰਾ ਹੋਣਾ ਅਸੰਭਵ ਹੈ। ਕਿਉਂਕਿ ਅੱਲਾ ਤਾਲਾ ਦੀ ਬੰਦਗੀ ਹੀ ਮਨੁੱਖ ਨੂੰ ਇਸ ਭਵਸਾਗਰ ਤੋਂ ਪਾਰ ਲੰਘਾ ਸਕਦੀ ਹੈ। ਇਸ ਮੌਕੇ ਮੁਹੰਮਦ ਆਸਿਕ ਨੀਲਾ, ਪੱਪੀ ਅਨੀਹਰ, ਹਨੀ, ਸਨੀ, ਗੋਰਾ ਚੱਕ ਪ੍ਰੇਮਾ, ਚਰਨਜੀਤ ਸਿੰਘ ਰਾਏ, ਜੀਤਾ ਚੱਕ ਮਾਈ ਦਾਸ, ਸੋਨੂੰ ਮੰਢਾਲੀ, ਸੋਨੂੰ ਜੱਸੋ ਮਜਾਰਾ ਆਦਿ ਹਾਜ਼ਰ ਸਨ।

# ਅੰਬੇਡਕਰ ਸੈਨਾ ਨੇ ਥਾਣਾ ਗੁਰਾਇਆ ਦੇ ਮੁਖੀ ਸੁਰਿੰਦਰ ਕੁਮਾਰ ਨੂੰ ਕੀਤਾ ਸਨਮਾਨਤ



**ਗੁਰਾਇਆ (ਬਿੰਦਰ ਸੁਮਨ)**- ਅੰਬੇਡਕਰ ਸੈਨਾ ਪੰਜਾਬ ਦੀ ਤਹਿਸੀਲ ਫਿਲੌਰ ਇਕਾਈ ਵਲੋਂ ਪ੍ਰਧਾਨ ਦੀਪਕ ਰਸੂਲਪੁਰੀ ਦੀ ਅਗਵਾਈ 'ਚ ਐਸ.ਐਚ.ਓ ਗੁਰਾਇਆ ਨੂੰ ਸਨਮਾਨਿਤ ਕਰਦਿਆਂ 'ਬੈਸਟ ਐਸ.ਐਚ.ਓ ਐਵਾਰਡ 2023' ਭੇਂਟ ਕੀਤਾ ਗਿਆ। ਇਸ ਮੌਕੇ ਸੰਜੀਵ ਕਾਦਰੀ, ਦਵਿੰਦਰ ਮੰਡੀ, ਬਿੰਦਰ ਅੱਪਰਾ, ਰਿੰਕੂ ਲੋਈ, ਗੋਲਡੀ ਦਾਦਰਾ, ਸੋਨੂੰ ਬਾਬਾ ਤੋਂ ਇਲਾਵਾ ਨਿਰਮਲ ਸਿੰਘ ਕਾਕਾ ਸਰਪੰਚ , ਮਨਜੀਤ ਸਿੰਘ ਭਿੰਡਾ ਸਰਪੰਚ, ਸਿਮਰਪਾਲ ਸਰਪੰਚ, ਰਾਵਿੰਦਰ ਕੁਮਾਰ ਕੁੱਕੂ ਸਾਬਕਾ ਸਰਪੰਚ, ਚਰਨਜੀਤ ਸਰਪੰਚ, ਕੁਲਦੀਪ ਨੰਬਰਦਾਰ, ਜੱਸੀ ਖੱਖ, ਮਨਜੀਤ ਲਾਂਦੜਾ ਤੇ ਹੋਰ ਮੋਹਤਬਰ ਹਾਜ਼ਰ ਰਹੇ। ਐਸ.ਐਚ.ਓ ਨੇ ਕਿਹਾ ਕਿ ਇਹੋ ਜਿਹੇ ਮਾਣ ਸਨਮਾਨ ਨਾਲ ਜਿੱਥੇ ਮਨੋਬਲ ਵਧਦਾ ਹੈ ਉਥੇ ਹੋਰ ਡਟ ਕੇ ਕੰਮ ਕਰਨ ਦੀ ਊਰਜਾ ਵੀ ਮਿਲਦੀ ਹੈ।

# ਸੰਯੁਕਤ ਕਿਸਾਨ ਮੋਰਚਾ ਭਾਰਤ ਵੱਲੋਂ 22 ਨੂੰ ਦੇਸ਼ ਭਰ 'ਚ ਡੀ ਸੀ ਦਫ਼ਤਰਾਂ ਦਾ ਘਿਰਾਓ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਅੱਜ ਕਿਸਾਨ ਕਮੇਟੀ ਦੋਆਬਾ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਹੁਸ਼ਿਆਰਪੁਰ ਵਿਖੇ ਹੋਈ, ਜਿਸ ਵਿੱਚ ਜਥੇਬੰਦਕ ਸਰਗਰਮੀਆਂ ਅਤੇ ਸੰਘਰਸ਼ ਸੰਬੰਧੀ ਵਿਚਾਰ ਵਟਾਂਦਰਾ ਕੀਤਾ। ਹਰਬੰਸ ਸਿੰਘ ਸੰਘਾ ਜਨਰਲ ਸਕੱਤਰ ਕਿਸਾਨ ਕਮੇਟੀ ਦੋਆਬਾ ਪੰਜਾਬ ਨੇ ਪ੍ਰੈਸ ਦੇ ਨਾਂਅ ਇਕ ਬਿਆਨ ਜਾਰੀ ਕਰਕੇ ਜਾਣਕਾਰੀ ਦਿੱਤੀ ਕਿ ਸੰਯੁਕਤ ਕਿਸਾਨ ਮੋਰਚਾ ਭਾਰਤ ਨੇ 22 ਸਤੰਬਰ ਨੂੰ ਦੇਸ਼ ਭਰ ਵਿੱਚ ਡੀ.ਸੀ. ਦਫ਼ਤਰਾਂ ਦਾ ਘਿਰਾਓ ਕਰਨ ਦਾ ਸੱਦਾ ਦਿੱਤਾ ਹੈ, ਇਸ ਸੰਬੰਧੀ ਹੁਸ਼ਿਆਰਪੁਰ ਵਿਖੇ ਮਿਨੀ ਸਕੱਤਰ ਦੇ ਸਾਹਮਣੇ ਚਾਰ ਘੰਟੇ ਲਈ ਧਰਨਾ ਦਿੱਤਾ ਜਾਵੇਗਾ। ਇਸ ਧਰਨੇ ਵਿੱਚ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਸਾਰੀਆਂ ਕਿਸਾਨ ਜਥੇਬੰਦੀਆਂ ਸ਼ਾਮਲ ਹੋਣਗੀਆਂ। ਇਹ ਘਿਰਾਓ ਐਮ.ਐਸ.ਪੀ ਦੇ ਲਈ ਗਰੰਟੀ ਕਨੂੰਨ ਬਣਾਉਣ, ਕਿਸਾਨਾਂ 'ਤੇ ਬਣਾਏ ਕੇਸ ਵਾਪਸ ਕਰਾਉਣ, ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਜਲਦੀ ਇਨਸਾਫ਼ ਦਿਵਾਉਣ ਲਈ ਦੇਸ਼ ਭਰ ਵਿੱਚ ਕੀਤਾ ਜਾ ਰਿਹਾ ਹੈ।

# ਪ੍ਰੋ. ਹਰਬੰਸ ਸਿੰਘ ਚਾਹਲ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਟ



**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**-ਉੱਘੇ ਵਿਦਵਾਨ, ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ ਵਿਖੇ ਅੰਗਰੇਜ਼ੀ ਦੇ ਪ੍ਰੋਫੈਸਰ ਰਹੇ ਅਤੇ ਸੰਤ ਅਵਤਾਰ ਸਿੰਘ ਯਾਦਗਾਰੀ ਕਾਲਜ ਸੀਚੇਵਾਲ ਦੇ ਪ੍ਰਿੰਸੀਪਲ ਰਹੇ ਡਾ. ਹਰਬੰਸ ਸਿੰਘ ਚਾਹਲ ਨੂੰ ਉਨ੍ਹਾਂ ਦੀ ਅੰਤਿਮ ਅਰਦਾਸ ਮੌਕੇ ਵੱਖ ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਆਗੂਆਂ ਵੱਲੋਂ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਜਿਕਰਯੋਗ ਹੈ ਕਿ ਪ੍ਰੋ. ਹਰਬੰਸ ਸਿੰਘ ਚਾਹਲ ਦਾ ਬੀਤੇ ਦਿਨੀਂ ਅਚਾਨਕ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੇ ਪਰਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਨਮਿੱਤ ਕਰਵਾਏ ਗਏ ਧਾਰਮਿਕ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਉਨ੍ਹਾਂ ਦੇ ਗ੍ਰਹਿ ਵਿਖੇ ਸ੍ਰੀ ਸਹਿਜ ਪਾਠ ਸਾਹਿਬ ਜੀ ਦਾ ਭੋਗ ਪਾਇਆ ਗਿਆ, ਉਪਰੰਤ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਦਿਆਲ ਸਿੰਘ ਦੇ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ।

ਸੰਤ ਸੁਖਜੀਤ ਸਿੰਘ ਸੀਚੇਵਾਲ, ਸੰਤ ਅਮਰੀਕ ਸਿੰਘ ਖੁਖਰੈਣ ਵਾਲੇ, ਅੱਖਰ ਮੰਚ ਸੰਸਥਾ ਕਪੂਰਥਲਾ ਦੇ ਸਰਪ੍ਰਸਤ ਡਾ. ਕੁਲਵੰਤ ਸਿੰਘ ਔਜਲਾ, ਡਾ. ਨਵਜੀਤ ਸਿੰਘ ਜੌਹਲ, ਡਾ. ਸਤਨਾਮ ਸਿੰਘ ਚਾਨਾ ਅਤੇ ਤਹਿਸੀਲਦਾਰ ਗੁਰਚੇਤ ਸਿੰਘ ਜੀਰਾ ਨੇ ਕਿਹਾ ਕਿ ਡਾ. ਚਾਹਲ ਦੇ ਇਸ ਫਾਨੀ ਸੰਸਾਰ ਤੋਂ ਚਲੇ ਜਾਣ ਨਾਲ ਪਰਵਾਰ ਅਤੇ ਸਮਾਜ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਕਿ ਡਾ. ਚਾਹਲ ਅੱਖਰ ਗਿਆਨ ਦੇ ਧਨੀ ਸਨ, ਜਿਨਾਂ ਨੇ ਅਨੇਕਾਂ ਜ਼ਿੰਦਗੀਆਂ ਨੂੰ ਗਿਆਨ ਦੇ ਚਾਨਣ ਨਾਲ ਰੁਸ਼ਨਾਇਆ। ਇਸ ਮੌਕੇ ਸੁਰਜੀਤ ਸਿੰਘ ਸੰਟੀ ਸੀਚੇਵਾਲ, ਡਾ. ਚਾਹਲ ਦੀ ਧਰਮਪਤਨੀ ਬੀਬੀ ਕੁਲਬੀਰ ਕੌਰ, ਵੱਡੇ ਭਰਾ ਗੁਰਪਾਲ ਸਿੰਘ ਚਾਹਲ, ਬੇਟਾ ਗੁਰਿੰਦਰ ਸਿੰਘ ਚਾਹਲ, ਗਿੱਲ ਆਟੋਮੋਬਾਇਲ ਦੇ ਚੇਅਰਮੈਨ ਸਤਨਾਮ ਸਿੰਘ ਗਿੱਲ, ਐੱਮ. ਡੀ. ਦਿਲਬਾਗ ਸਿੰਘ ਗਿੱਲ, ਦਵਿੰਦਰ ਸਿੰਘ ਮੋਠਾਂਵਾਲਾ, ਐਡਵੋਕੇਟ ਰਜਿੰਦਰ ਸਿੰਘ ਰਾਣਾ, ਸਾਹਿਤ ਸਭਾ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਡਾ. ਸਵਰਨ ਸਿੰਘ, ਸੀਨੀਅਰ ਪੱਤਰਕਾਰ ਨਰਿੰਦਰ ਸਿੰਘ ਸੋਨੀਆ, ਸਭਾ ਦੇ ਸਕੱਤਰ ਮੁਖਤਿਆਰ ਸਿੰਘ ਚੰਦੀ, ਸਾਬਕਾ ਉੱਪ ਚੇਅਰਮੈਨ ਗੁਰਜੰਟ ਸਿੰਘ ਸੰਧੂ, ਸਾਬਕਾ ਸਰਪੰਚ ਬਚਨ ਸਿੰਘ, ਦਿਆਲ ਸਿੰਘ ਦੀਪੇਵਾਲ, ਸਾਬਕਾ ਸਰਪੰਚ ਜਗਤਾਰ ਸਿੰਘ, ਸਾਬਕਾ ਸਰਪੰਚ ਜੋਗਿੰਦਰ ਸਿੰਘ, ਗੁਰਦਰਸਨ ਸਿੰਘ ਭਿੰਡਰ, ਜੇ ਈ ਗੁਰਿੰਦਰ ਸਿੰਘ, ਮਾ. ਦੇਸ ਰਾਜ, ਮਾ. ਧਰਮਪਾਲ, ਸੁਖਵੰਤ ਸਿੰਘ ਫੌਜੀ ਕਲੋਨੀ, ਮਨਦੀਪ ਸਿੰਘ ਫੌਜੀ ਕਲੋਨੀ, ਸਾਬਕਾ ਸਕੱਤਰ ਅਵਤਾਰ ਸਿੰਘ ਮੋਠਾਂਵਾਲਾ, ਭਜਨ ਸਿੰਘ ਫੌਜੀ ਕਲੋਨੀ, ਹਰਬੰਸ ਸਿੰਘ ਬਿੰਦ ਅਤੇ ਸਰੂਪ ਸਿੰਘ, ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ ਦਾ ਸਮੂਹ ਸਟਾਫ, ਸਰਕਾਰੀ ਕਾਲਜ ਜੀਰਾ ਦਾ ਸਟਾਫ ਅਤੇ ਡਾ. ਚਾਹਲ ਦੇ ਰਿਸ਼ਤੇਦਾਰ ਤੇ ਸੱਜਣ ਮਿੱਤਰ ਹਾਜ਼ਰ ਸਨ।

# ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਐਨ ਸੀ ਸੀ ਕੈਡਿਟਸ ਦੀ ਚੋਣ



**ਕਰਤਾਰਪੁਰ, (ਹਰਮੇਸ਼ ਦੱਤ)**— ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਵਿਖੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਦੇਖ-ਰੇਖ ਹੇਠ ਐਨ.ਸੀ.ਸੀ. ਪ੍ਰੋਗਰਾਮ ਅਫ਼ਸਰ ਡਾ. ਕਮਲਜੀਤ ਸਿੰਘ ਦੀ ਅਗਵਾਈ ਹੇਠ ਐਨ.ਸੀ.ਸੀ. ਪੀ.ਬੀ.ਬੀ.ਐਨ.21 ਕਪੂਰਥਲਾ ਤੋਂ ਨਾਇਬ ਸੂਬੇਦਾਰ ਨਵਤੇਜ ਸਿੰਘ ਅਤੇ ਹਵਲਦਾਰ ਜਸਕਰਨ ਸਿੰਘ ਦੇ ਸਹਿਯੋਗ ਨਾਲ ਐਨ.ਸੀ.ਸੀ. ਲਈ ਯੋਗ ਕੈਡਿਟਸ ਦੀ ਚੋਣ ਕੀਤੀ ਗਈ। ਜਿਸ ਵਿਚ ਵਿਦਿਆਰਥੀਆਂ ਦੀ ਸਰੀਰਕ ਸਮਰਥਾ ਨੂੰ ਮਾਪਣ ਲਈ ਉਹਨਾਂ ਦੇ ਦੌੜ ਮੁਕਾਬਲੇ ਆਦਿ ਕਰਵਾਏ ਗਏ। ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।